ISSN: 2277-9930

78

ਅਕਤੂਬਰ-ਦਸੰਬਰ 2023

# ਪ੍ਰਤਿਮਾਨ

ਮੁੱਲ: 75/-

21ਵੇਂ ਵਰ੍ਹੇ ਵਿੱਚ ਪ੍ਰਵੇਸ਼





## ਤਿੰਨ ਦੋਸਤ

ਤਿੰਨ ਪੱਗ ਵੱਟ ਯਾਰ
ਨਾਂ ਜਿਨ੍ਹਾਂ ਦੇ:
'ਅਸੀਂ', 'ਸਾਡਾ', 'ਸਾਨੂੰ'
ਪੱਕੇ ਆੜੀ, ਜਿਵੇਂ ਖ਼ੂਨ ਦੇ
ਰਿਸ਼ਤੇਦਾਰ

ਘਰੋਂ ਰਿਜ਼ਕ ਲਈ ਤੁਰ ਪਏ
ਗਰੀਨ ਕਾਰਡ ਲੱਭਦੇ-ਲੱਭਦੇ
ਪਾਸਪੋਰਟਾਂ ਉੱਤੇ,
ਨਾਂ ਉਨ੍ਹਾਂ ਦੇ ਭੁਰ ਗਏ
ਤੇ ਬਣ ਗਏ:
'ਮੈਂ', 'ਮੇਰਾ', 'ਮੈਨੂੰ'
ਕੱਲੀ ਰਹਿ ਗਈ ਫਿਰ,
ਵਿਚਾਰੀ ਦੋਸਤੀ

ਆਪੋ 'ਚ ਲੜ ਕੇ
ਰਾਤੀਂ, ਖਾਲੀ ਭਾਂਡੇ ਖੜਕੇ
ਡਿਵੋਰਸ ਮੰਗ ਲਿਆ
ਦੋਸਤੀ ਨੇ ਵੀ, ਤੜਕੇ-ਤੜਕੇ

ਹੁਣ-
ਵਾਲ-ਸਟਰੀਟ ਉੱਤੇ
ਸਟਾਕ ਬਰੋਕਰ ਨਾਲ
ਅਪਾਰਟਮੈਂਟ
ਸ਼ੇਅਰ ਕਰਦੀ ਹੈ
ਦੋਸਤੀ ਟਕੇ ਟਕੇ
ਤੇ ਮਰਦੀ ਹੈ।

## ਵੈੱਲ ਸੈਟਲਡ

ਮੈਂ ਫਰੋਜ਼ਨ
ਦਰਿਆ ਤੋਂ ਸੰਗੀਤ ਦੀ
ਆਸ ਨਹੀਂ ਕਰਦਾ
ਮੈਂ ਰਹਿ ਸਕਦਾ ਹਾਂ
ਸਰਦੀਆਂ 'ਚ
ਪੰਛੀਆਂ ਤੋਂ ਬਗੈਰ
ਮੈਂ ਨਹੀਂ ਸੁਣਨੀ ਬਲਦਾਂ ਦੀਆਂ
ਟੱਲੀਆਂ ਦੀ ਟੁਣਕਾਰ
ਮੈਂ ਤਾਂ ਕਨੇਡਾ 'ਚ
ਸੈਟਲ ਹੋ ਗਿਆ ਹਾਂ, ਵੈੱਲ ਸੈਟਲਡ

ਤਾਂ ਫਿਰ ਕਿਉਂ
ਵਤਨ ਤੋਂ ਆਇਆ ਖ਼ਤ
ਮੇਰੀਆਂ ਬੰਜਰ ਅੱਖਾਂ
ਭਰ ਦਿੰਦਾ ਹੈ?

ਸ਼ਾਇਦ ਖ਼ਤ ਦੀ
ਸਿਆਹੀ ਹੀ
ਲੈ ਕੇ ਆਉਂਦੀ ਹੈ
ਪੰਜਾਂ ਪਾਣੀਆਂ ਵੱਲੋਂ ਮੇਰੀ
ਰੁੱਖੀ ਰੂਹ ਨਾਂ ਘੱਲੀ ਨਮੀ
ਇਹ ਨਮੀ ਭਾਵੇਂ
ਸਵਾਤੀ ਨਛੱਤਰ ਦੀ ਬੂੰਦ ਹੈ
ਜਾਂ ਸੋਕਾ ਪੀੜਤ ਨੂੰ ਅੰਬਰ 'ਚ
ਦਿਸਦੀ ਬੱਦਲੀ
ਮੇਰੇ ਲਈ ਤਾਂ
ਇਹ ਕੁੱਝ ਵੀ ਨਹੀਂ
ਕਿਉਂਕਿ ਮੈਂ
ਵੈੱਲ ਸੈਟਲਡ ਹਾਂ,
ਭਾਵੁਕ ਨਹੀਂ ਹੋਵਾਂਗਾ

ਇਸ ਲਈ
ਮੈਂ ਖ਼ਤ ਨਹੀਂ
ਈ-ਮੇਲ ਪੜ੍ਹਾਂਗਾ
ਨਹੀਂ ਵਹੇਗਾ ਕੋਈ ਹੰਝੂ ਫਿਰ
ਮੇਰੀਆਂ ਅੱਖਾਂ 'ਚੋਂ,
ਇੰਵ ਨਹੀਂ ਆ ਸਕੇਗੀ ਪੰਜਾਂ
ਪਾਣੀਆਂ ਵੱਲੋਂ
ਸਿਆਹੀ ਥਾਣੀ ਭੇਜੀ ਨਮੀ
ਮੈਨੂੰ ਮਹਿਕ ਤੋਂ
ਬਗੈਰ ਵੀ ਗੁਲਾਬ
ਚੰਗਾ ਲੱਗਦਾ ਹੈ।

## ਬਣਾਉਟੀ ਗਿਆਨ

ਕੁੱਕੜ ਬਾਂਗ ਜਗਾਂਵਦੀ
ਸੁੱਤਾ ਆਲਮ ਘੂਕ
ਕਾਂ ਕੁਲ਼ਾਵੇ 'ਵਾ ਭਰੇ
ਰਿਸ਼ਤਿਆਂ ਰੱਜੀ ਭੂਰ

ਕੀੜੀਆਂ ਦਾਣੇ ਢੋਂਦੀਆਂ
ਧਰਤੀ ਜਿੱਡਾ ਬੋਹਲ਼
ਮੱਕੜੀ ਜਾਲ਼ਾ ਬੁਣ ਰਹੀ
ਇੰਟਰਨੈੱਟ ਦੇ ਕੋਲ

ਗਾਂ ਦੀਆਂ ਅੱਖਾਂ ਭਿੱਜੀਆਂ
ਬਾਪੂ ਲਈ ਅਰਦਾਸ
ਅੰਧਾ ਹੋਇ ਇਕੱਲੜਾ
ਡੱਬੂ ਦਏ ਧਰਵਾਸ

ਡੋਬੇ ਨਗਰ ਸੁਨਾਮੀਆਂ
ਕੁੰਚਰ ਬੁੱਝੇ ਚਾਲ
ਕੂੰਜਾਂ ਬਣ ਪ੍ਰਦੇਸਣਾਂ
ਬਚਰੇ ਠਾਕਰ ਨਾਲ

ਮੇਂਡਕ ਸੱਪ ਕੁੱਲ ਬਚ ਰਹੇ
ਬਾਦ 'ਚ ਆਇਆ ਭੁਚਾਲ
ਕੁੱਤਾ ਰਾਤੀਂ ਰੋਵਿਆ
ਸਿਵਾ ਸਵੇਰੇ ਲਾਲ

ਤਜੁ ਸਿਆਣਪ ਰਾਮ ਕੀ
ਗਾਫ਼ਲ ਮੇਰਾ ਧਿਆਨ
ਮਸ਼ੀਨ ਹੋਇ ਮਨ ਲੋਚਦਾ
ਅਹੁੰ-ਬਣਾਉਟੀ ਗਿਆਨ।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਕਤੂਬਰ-ਦਸੰਬਰ 2023 ਅੰਕ 78

ISSN: 2277-9930

RNI No. PUNPUN/2006/16230

**ਸੰਪਾਦਕ**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**


ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in


**ਸਲਾਹਕਾਰ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ,
ਡਾ. ਸਰਬਜੀਤ ਸਿੰਘ,
ਡਾ. ਰਵੀ ਰਵਿੰਦਰ
ਡਾ. ਆਤਮ ਰੰਧਾਵਾ


**TITLE PAINTING BY**

SANJEEV SHASHWATI

**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

**ਸਹਿਯੋਗ ਰਾਸ਼ੀ**

ਇੱਕ ਅੰਕ: 75/-, ਵੀਹ ਅੰਕ (5 ਸਾਲ): 1500/-
ਜੀਵਨ ਮੈਂਬਰਸ਼ਿਪ: 3000/-, ਵਿਦੇਸ਼: $250

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke


## ਤਰਤੀਬ


ਸੰਪਾਦਕੀ / ਵੀਹ ਸਾਲ ਲੰਬਾ ਸਫ਼ਰ.... / 2

ਵਿਸ਼ੇਸ਼ ਲੇਖ / ਪੰਜਾਬ ਦੀ ਧਰਾਤਲ ਅਤੇ ਦਰਿਆ / ਮਨਮੋਹਨ / 3

**ਕਹਾਣੀਆਂ / ਮਿੰਨੀ ਕਹਾਣੀਆਂ**

ਫੋੜੇ ਜਿਹਾ ਜ਼ਖ਼ਮ / ਰਵੀ ਸ਼ੇਰਗਿੱਲ / 6, ਜੇ ਤੂੰ ਨਾ ਮੰਨਦੀ / ਭੁਪਿੰਦਰ ਫੌਜੀ / 13, ਡੌਂਟ ਵਰੀ, ਮੰਮੀ ਜੀ / ਮਨਦੀਪ ਰਿੰਪੀ / 19, ਜਲੂਸ / ਸੁਰਿੰਦਰ ਕੈਲੇ, ਨਾਰੀਅਲ / ਕਰਮਵੀਰ ਸਿੰਘ ਸੂਰੀ, ਵੰਡ / ਹਰਪ੍ਰੀਤ ਸਿੰਘ ਰਾਣਾ / 34

**ਸੀਰਤ ਨਿਗਾਰੀ**

ਉੱਜੜੇ ਬਾਗ ਦਾ ਮਾਲੀ-ਤਾਇਆ ਇੰਦਰ / ਬੂਟਾ ਸਿੰਘ ਚੌਹਾਨ / 26

**ਕਵਿਤਾ / ਗ਼ਜ਼ਲ / ਗੀਤ**

ਗੁਰਿੰਦਰਜੀਤ ਸਿੰਘ ਮਾਂਟਰੀਅਲ / ਟੀ-2 , ਦੁਸ਼ਯੰਤ ਕੁਮਾਰ / 5, ਕੇਸਰ ਕਰਮਜੀਤ / 10, ਸਵਾਮੀ ਅੰਤਰ ਨੀਰਵ / 11, ਕੁਲਵਿੰਦਰ ਕੁੱਲਾ / 12, ਭੁਪਿੰਦਰ ਸੱਗੂ / 18, ਅੰਮ੍ਰਿਤ ਦੀਵਾਨਾ / 23, ਧੂਮਿਲ, ਅਨੁ. ਜਸਪਾਲ ਘਈ / 24, ਤਜਿੰਦਰ ਸਿਘ ਲੂਥਰਾ, ਰਾਜੇਂਦਰ ਸ਼ਰਮਾ / 32, ਚਿਤਰਾ ਪੰਵਾਰ, ਅਨੁਪਮਾ ਕੱਟੋਲ / 33, ਪ੍ਰੀਤ ਅਟਵਾਲ ਪੂਨੀ / 35, ਜਸਵੰਤ ਗਿੱਲ ਸਮਾਲਸਰ, ਅਨੂਪ ਇੰਦਰ ਅਨੂਪ / 36, ਮਧੂ ਤਨਹਾ / 39, ਵਸੰਤ ਸਕਰਗਾਏ, ਕੁਮਾਰ ਕ੍ਰਿਸ਼ਨ / 40, ਸੰਗੀਤਾ ਕੁਜਾਰਾ ਟਾਕ, ਕਿਰਣ ਯਾਦਵ / 41, ਸਤਪਾਲ ਕੌਰ ਮੋਗਾ / 45

**ਆਲੋਚਨਾ ਨਿਬੰਧ / ਰੀਵੀਊ**

ਜਸਬੀਰ ਭੁੱਲਰ ਦੀਆਂ ਕਹਾਣੀਆਂ ਵਿੱਚ ਜੰਗ ਅਤੇ ਰਾਜਨੀਤੀ ਦਾ ਬਿਰਤਾਂਤ / ਅਮਨਦੀਪ ਕੌਰ / 37, ਹਰਜੀਤ ਅਟਵਾਲ - ਬ੍ਰਿਟਿਸ਼ ਬੌਰਨ ਦੇਸੀ / ਨਾਰੀ ਮਸਲੇ ਤੇ ਸਰੋਕਾਰ / ਡਾ. ਸੁਖਵਿੰਦਰ ਕੌਰ / 42, ਚਾਨਣੀ ਦੇ ਦੇਸ ਵਿਚ / ਨਿਰੰਜਨ ਬੋਹਾ / 46, ਮੈਂ ਤੇ ਰੀਤ / ਪ੍ਰੋ. ਸੁਰਜੀਤ ਸਿੰਘ ਕਾਉਂਕੇ / 47, ਫਿਕਰ ਨਾ ਕਰੀਂ / ਬਖਤਾਵਰ ਧਾਲੀਵਾਲ , ਹਨ੍ਹੇਰੇ ਦੀ ਲੋਅ / ਗੁਰਿੰਦਰਜੀਤ ਸਿੰਘ ਮੌਂਟਰੀਅਲ / 48



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ / ਵੀਹ ਸਾਲ ਲੰਬਾ ਸਫ਼ਰ...............

ਇਸ ਅੰਕ ਨਾਲ 'ਪ੍ਰਤਿਮਾਨ' ਆਪਣਾ ਵੀਹ ਵਰ੍ਹੇ ਦਾ ਲੰਬਾ ਸਫ਼ਰ ਪੂਰਾ ਕਰ ਕੇ ਇੱਕੀਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਗਿਆ ਹੈ। ਇਸ ਲੰਬੇ ਰਸਤੇ ਨੂੰ ਪਿੱਛੇ ਮੁੜ ਕੇ ਦੇਖਦਿਆਂ ਕਈ ਤਰ੍ਹਾਂ ਦੇ ਅਨੁਭਵ ਚੇਤਿਆਂ ਵਿੱਚ ਆਉਂਦੇ ਹਨ। ਸਤੰਬਰ 2003 ਦੇ ਅੰਤਲੇ ਦਿਨ ਸਨ, ਜਦੋਂ ਮੈਂ ਪਿਛਲੇ ਚਾਰ ਸਾਲ ਤੋਂ ਸੰਪਾਦਿਤ ਕਰ ਰਹੇ ਮੈਗਜ਼ੀਨ 'ਸਰੋਕਾਰ' ਨੂੰ ਅਲਵਿਦਾ ਆਖ ਦਿੱਤੀ ਸੀ, ਪਰ ਉਦੋਂ ਤੱਕ ਮਾਨਸਿਕ ਤੌਰ ਤੇ ਮੈਂ ਆਪਣਾ ਆਜ਼ਾਦ ਮੈਗਜ਼ੀਨ ਕੱਢਣ ਦਾ ਮਨ ਬਣਾ ਚੁੱਕਿਆ ਸਾਂ। ਆਪਣੇ ਇਸ ਫੈਸਲੇ ਬਾਰੇ ਮੈਂ ਇੱਕ ਦਿਨ ਆਪਣੀ ਪਤਨੀ ਨੂੰ ਦੱਸਿਆ ਤੇ ਆਉਂਦੇ ਸਮੇਂ ਵਿੱਚ ਇਸ ਦੇ ਰਾਹ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ, ਵਿਸ਼ੇਸ਼ ਤੌਰ ਤੇ ਆਰਥਿਕ ਸਮੱਸਿਆਵਾਂ ਬਾਰੇ ਗੱਲ ਕੀਤੀ ਤਾਂ ਮੇਰੀ ਪਤਨੀ ਮੈਨੂੰ ਹੱਸ ਕੇ ਬੋਲੀ-ਇਹ ਦੱਸੋ ਆਪਣੇ ਕਿੰਨੇ ਬੱਚੇ ਹਨ। ਮੈਂ ਕਿਹਾ-ਦੋ. ਉਹ ਕਹਿਣ ਲੱਗੀ ਜੇ ਤਿੰਨ ਹੁੰਦੇ ਤਾਂ ! ਮੈਂ ਸਮਝ ਗਿਆ ਕਿ ਉਹ ਕੀ ਕਹਿਣਾ ਚਾਹੁੰਦੀ ਸੀ। ਉਸਦੀ ਗੱਲ ਠੀਕ ਸੀ, ਗੱਲ ਤਾਂ ਮਨ ਸਮਝਾਉਣ ਦੀ ਹੀ ਸੀ। ਪਰ ਉਸਦੀ ਇਸ ਗੱਲ ਨੇ ਮੇਰੇ ਇਰਾਦੇ ਨੂੰ ਹੋਰ ਬੁਲੰਦ ਕਰ ਦਿੱਤਾ ਤੇ ਮੈਨੂੰ ਇਕ ਨਵੇਂ ਜੋਸ਼ ਤੇ ਜਨੂੰਨ ਨਾਲ ਭਰ ਦਿੱਤਾ। ਸਤੰਬਰ ਮਹੀਨੇ ਵਿੱਚ ਲਏ ਇਸ ਸੁਪਨੇ ਨੇ ਅਕਤੂਬਰ ਵਿੱਚ ਹੀ ਆਪਣਾ ਆਕਾਰ ਧਾਰ ਲਿਆ ਤੇ 'ਪ੍ਰਤਿਮਾਨ' ਦਾ ਪਲੇਠਾ ਅੰਕ ਅਕਤੂਬਰ-ਦਸੰਬਰ 2003 ਛਪ ਕੇ ਮਾਰਕੀਟ ਵਿੱਚ ਆ ਗਿਆ। ਉਸ ਤੋਂ ਬਾਅਦ ਇੱਕ ਲੰਬਾ ਸਿਲਸਿਲਾ ਸ਼ੁਰੂ ਹੋ ਗਿਆ। ਸਾਹਿਤ ਖੇਤਰ ਵਿੱਚ ਇਸ ਮੈਗਜ਼ੀਨ ਦਾ ਭਰਪੂਰ ਸਵਾਗਤ ਹੋਇਆ ਤੇ ਬਹੁਤ ਸਾਰੇ ਦੋਸਤਾਂ ਨੇ ਰਚਨਾਤਮਕ ਅਤੇ ਆਰਥਿਕ ਤੌਰ ਤੇ 'ਪ੍ਰਤਿਮਾਨ' ਨਾਲ ਖੜ੍ਹੇ ਰਹਿਣ ਦਾ ਹੌਂਸਲਾ ਦਿੱਤਾ। ਸ਼ੁਰੂ ਸ਼ੁਰੂ ਵਿੱਚ ਅਨੇਕ ਤਰ੍ਹਾਂ ਦੀਆਂ ਮੁਸ਼ਕਿਲਾਂ ਵੀ ਆਈਆਂ ਪਰ ਬਾਅਦ ਵਿੱਚ ਇਸ ਦੀ ਤੋਰ ਨੇ ਨਿਰੰਤਰਤਾ ਫੜ ਲਈ। 'ਪ੍ਰਤਿਮਾਨ' ਦੇ ਲੇਖਕਾਂ ਅਤੇ ਪਾਠਕਾਂ ਦਾ ਦਾਇਰਾ ਲਗਾਤਾਰ ਵਧਣ ਲੱਗਿਆ ਤੇ 'ਪ੍ਰਤਿਮਾਨ' ਨਿਰੰਤਰ ਛਪਣ ਵਾਲੇ ਕੁਝ ਕੁ ਚੋਣਵੇਂ ਪੰਜਾਬੀ ਮੈਗਜ਼ੀਨਾਂ ਵਿੱਚ ਸ਼ੁਮਾਰ ਹੋ ਗਿਆ। ਦੋਸਤਾਂ ਤੇ ਪਾਠਕ-ਲੇਖਕਾਂ ਦੇ ਸਹਿਯੋਗ ਸਦਕਾ ਸਮੇਂ ਸਮੇਂ ਤੇ ਇਸ ਦੇ ਅਮਰੀਕੀ ਪੰਜਾਬੀ-ਸਾਹਿਤ ਵਿਸ਼ੇਸ਼ ਅੰਕ, ਬਰਤਾਨਵੀ ਪੰਜਾਬੀ-ਕਵਿਤਾ ਵਿਸ਼ੇਸ਼ ਅੰਕ, ਅਮਰੀਕੀ ਪੰਜਾਬੀ-ਕਹਾਣੀ ਅਲੋਚਨਾ ਵਿਸ਼ੇਸ਼ ਅੰਕ, ਮਿੰਨੀ ਕਹਾਣੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੋਏ ਜੋ ਹੁਣ ਤੱਕ ਵੀ ਖੋਜਾਰਥੀਆਂ ਤੇ ਪਾਠਕਾਂ ਦੀ ਪਸੰਦ ਅਤੇ ਜ਼ਰੂਰਤ ਬਣੇ ਹੋਏ ਹਨ। ਆਉਂਦੇ ਸਮੇਂ ਵਿੱਚ ਕੁਝ ਹੋਰ ਵਿਸ਼ੇਸ਼-ਅੰਕਾਂ ਦਾ ਪ੍ਰਕਾਸ਼ਨ ਵੀ ਸਾਡੀਆਂ ਭਵਿੱਖੀ ਯੋਜਨਾਵਾਂ ਵਿੱਚ ਸ਼ਾਮਿਲ ਹੈ। ਬਿਨਾ ਕਿਸੇ ਸਰਕਾਰੀ, ਅਰਧ-ਸਰਕਾਰੀ ਜਾਂ ਗੈਰ-ਸਰਕਾਰੀ ਮਦਦ ਦੇ ਇਨ੍ਹਾਂ ਵੀਹਾਂ ਵਰ੍ਹਿਆਂ ਵਿੱਚ 'ਪ੍ਰਤਿਮਾਨ' ਦੇ ਪਾਠਕਾਂ ਅਤੇ ਲੇਖਕਾਂ ਦਾ ਨਿਰੰਤਰ ਪਿਆਰ ਅਤੇ ਸਹਿਯੋਗ ਹੀ ਇਸ ਦੀ ਸਹਿਜ, ਨਿਰਾਲੀ ਤੇ ਮੜਕ ਭਰੀ ਤੋਰ ਨੂੰ ਕਾਇਮ ਰੱਖਣ ਵਿੱਚ ਸਹਾਇਕ ਸਿੱਧ ਹੋਇਆ ਹੈ। ਅਨੇਕ ਨਵੇਂ ਲੇਖਕ ਜਿਨ੍ਹਾਂ ਨੂੰ 'ਪ੍ਰਤਿਮਾਨ' ਨੇ ਪਹਿਲੀ ਵਾਰ ਮੰਚ ਪ੍ਰਦਾਨ ਕੀਤਾ, ਬਾਅਦ ਵਿੱਚ ਉਨ੍ਹਾਂ ਪੰਜਾਬੀ ਸਾਹਿਤ ਵਿੱਚ ਸਥਾਪਤੀ ਵੱਲ ਪੱਕੇ ਪੈਰੀਂ ਆਪਣਾ ਸਫ਼ਰ ਸ਼ੁਰੂ ਕੀਤਾ ਤੇ ਚੰਗਾ ਨਾਮਣਾ ਖੱਟਿਆ।

'ਪ੍ਰਤਿਮਾਨ' ਹਮੇਸ਼ਾ ਜਬਰ-ਜ਼ੁਲਮ, ਸ਼ੋਸ਼ਣ, ਅਨਿਆਂ ਅਤੇ ਲੁੱਟ-ਖਸੁੱਟ ਦੇ ਖਿਲਾਫ਼ ਚੰਗੀਆਂ ਤੇ ਨਰੋਈਆਂ ਕਦਰਾਂ ਕੀਮਤਾਂ ਵਾਲੇ ਸਾਹਿਤ ਨੂੰ ਮੰਚ ਪ੍ਰਦਾਨ ਕਰਦਾ ਰਿਹਾ ਹੈ। ਇੱਕ ਚੰਗੇ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਸਾਡੇ ਮੈਗਜ਼ੀਨ ਦੇ ਪ੍ਰਕਾਸ਼ਨ ਦਾ ਉਦੇਸ਼ ਹੈ ਅਸੀਂ ਆਪਣੇ ਇਸ ਉਦੇਸ਼ ਨਾਲ ਪੂਰੀ ਤਰਾਂ ਪ੍ਰਤੀਬੱਧ ਹਾਂ।

ਇਸ ਪੜਾਅ ਤੇ ਅਸੀਂ ਆਪਣੇ ਸਮੂਹ ਦੋਸਤਾਂ, ਲੇਖਕਾਂ ਅਤੇ ਪਾਠਕਾਂ ਪ੍ਰਤੀ ਆਪਣਾ ਹਾਰਦਿਕ ਸਨੇਹ ਪ੍ਰਗਟ ਕਰਦੇ ਹਾਂ ਜਿਹੜੇ ਚੰਗੇ ਬੁਰੇ ਹਾਲਾਤਾਂ ਵਿੱਚ 'ਪ੍ਰਤਿਮਾਨ' ਦੀ ਪਿੱਠ ਨਾਲ ਪਿੱਠ ਜੋੜ ਕੇ ਖੜ੍ਹੇ ਰਹੇ ਤੇ ਹਮੇਸ਼ਾ ਇਸ ਦੀ ਨਿਰੰਤਰਤਾ ਲਈ ਯਤਨਸ਼ੀਲ ਰਹੇ। ਉਮੀਦ ਹੈ ਉਨ੍ਹਾਂ ਦਾ ਹੌਂਸਲਾ ਤੇ ਪਿਆਰ ਇਸੇ ਤਰਾਂ ਬਣਿਆ ਰਹੇਗਾ।

# ਪੰਜਾਬ ਦੀ ਧਰਾਤਲ ਅਤੇ ਦਰਿਆ / ਮਨਮੋਹਨ



ਪੰਜਾਬ ਆਰੰਭ ਤੋਂ ਹੀ ਨਾ ਇਤਿਹਾਸਕ, ਸਮਾਜਿਕ, ਸਭਿਆਚਾਰਕ ਅਤੇ ਭੌਤਿਕ, ਭੂਗੋਲਿਕ, ਭੂਤਲ ਦ੍ਰਿਸ਼ਟੀ ਤੋਂ ਇਕਸਾਰ ਤੇ ਇਕਜੁੱਟ ਰਿਹਾ ਹੈ ਨਾ ਕਦੇ ਇਕਰੂਪ। ਜਿੱਥੇ ਵੱਖ ਵੱਖ ਦੌਰਾਂ ਨੇ ਇਸਦੇ ਇਤਿਹਾਸਕ, ਸਮਾਜਿਕ, ਸਭਿਆਚਾਰਕ, ਮਾਨਸਿਕ ਅਤੇ ਮਾਨਵਿਕ ਆਯਾਮ ਉਸਾਰੇ ਉਥੇ ਭੌਤਿਕ, ਭੂਗੋਲਿਕ, ਭੂਤਲ ਅਤੇ ਧਰਾਤਲੀ ਬਦਲਾਵਾਂ ਨੇ ਇਸਦੇ ਸਹਿਜ, ਸੁਭਾਅ, ਸੋਚ, ਰਹਿਤਲ ਅਤੇ ਜੀਵਨ ਢੰਗ ਤੇ ਸ਼ੈਲੀ ਨੂੰ ਘੜਿਆ।

ਪੰਜਾਬ ਦੀ ਉੱਤਰੀ ਹੱਦ ਦੇ ਨਾਲ ਨਾਲ ਹਿਮਾਲਾ ਪਹਾੜ ਸਥਿਤ ਹੈ ਜੋ ਇਸਨੂੰ ਕਸ਼ਮੀਰ ਤੋਂ ਅੱਡ ਕਰਦਾ ਹੈ। ਇਸਦੇ ਪੱਛਮ ਅਤੇ ਉੱਤਰ-ਪੱਛਮ ਵਿਚ ਅਫ਼ਗਾਨਿਸਤਾਨ ਹੈ ਜਿਸ ਨਾਲੋਂ ਇਹ ਸੁਲੇਮਾਨ ਪਹਾੜਾਂ ਰਾਹੀਂ ਵੱਖਰਾ ਹੁੰਦਾ ਹੈ। ਇਸਦੀ ਦੱਖਣੀ ਹੱਦ ਰਾਜਪੂਤਾਨੇ ਦੇ ਜੰਗਲਾਂ ਨੂੰ ਛੂੰਹਦੀ ਹੈ। ਭੂਗੋਲਿਕ ਪੱਖੋਂ ਪੰਜਾਬ ਦੀ ਪੂਰਬੀ ਹੱਦ ਨਿਸ਼ਚਿਤ ਨਹੀਂ ਪਰ ਕਰਨਾਲ ਨੇੜਿਓਂ ਉਸ ਥਾਂ ਤੋਂ ਜਿੱਥਿਓਂ ਜਮੁਨਾ ਦੱਖਣ -ਪੂਰਬ ਵੱਲ ਮੋੜਦੀ ਹੈ, ਪੰਜਨਦ ਤੱਕ ਇਕ ਦੰਦੇਦਾਰ ਰੇਖਾ ਖਿੱਚ ਹੁੰਦੀ ਹੈ ਜੋ ਬਾਕੀ ਦੇ ਭਾਰਤ ਅਤੇ ਸਿੰਧ ਦੇ ਮਾਰੂਥਲ ਤੋਂ ਪੰਜਾਬ ਦੀ ਭੂਤਲੀ ਹੱਦ-ਬੰਦੀ ਕਰਦੀ ਹੈ।

ਭੂਗੋਲਿਕ ਦ੍ਰਿਸ਼ਟੀ ਤੋਂ ਪੰਜਾਬ ਦੇ ਖਿੱਤੇ ਨੂੰ ਪ੍ਰਾਚੀਨ ਕਾਲ ਵਿਚ 'ਸਪਤ ਸਿੰਧੂ' ਕਿਹਾ ਜਾਂਦਾ ਸੀ ਜਿਸਦਾ ਭਾਵਅਰਥ ਹੈ ਸੱਤ ਦਰਿਆਵਾਂ ਨਾਲ ਸਿੰਚਤ ਜ਼ਮੀਨ। ਇਸਦੇ ਆਲ਼ੇ ਦੁਆਲੇ ਹੀ ਸਿੰਧੂ ਘਾਟੀ ਅਤੇ ਹੜੱਪਾ ਸਭਿਅਤਾਵਾਂ ਵਿਕਸਤ ਹੋਈਆਂ। ਪੰਜਾਬ ਲਈ ਵੇਦਾਂ, ਪੁਰਾਣਾਂ ਅਤੇ ਮਹਾਕਾਵਿਾਂ ਵਿਚ ਇਸਨੂੰ 'ਪੰਚਨਦ' ਭਾਵ ਪੰਜ ਦਰਿਆਵਾਂ ਦੀ ਧਰਤ ਕਿਹਾ ਗਿਆ ਹੈ। ਇਸ ਖਿੱਤੇ ਨੂੰ ਉਤਰਾਪਥ ਜਾਂ ਉਦੀਚਯ ਵੀ ਕਿਹਾ ਗਿਆ। ਉਤਰੀ ਪੱਖ 'ਚ ਸਿੰਧ ਅਤੇ ਗੰਗਾ ਦਰਿਆਵਾਂ ਦੇ ਦੋ ਮੈਦਾਨ ਹਨ। ਇਨ੍ਹਾਂ ਮੈਦਾਨਾਂ ਨੂੰ ਹਿਮਾਲੇ ਵਿਚੋਂ ਨਿਕਲਦੇ ਦਰਿਆ ਸਿੰਜਦੇ ਹਨ। ਪੰਜਾਬ ਵਿਚਲੇ ਵਹਿੰਦੇ ਦਰਿਆਵਾਂ ਦੇ ਵਹਿਣ ਦੱਖਣ ਪੱਛਮ ਵੱਲ ਹਨ ਅਤੇ ਗੰਗਾ ਦੇ ਮੈਦਾਨ ਦੇ ਦਰਿਆਵਾਂ ਦੇ ਵਹਾਓ ਦੱਖਣ ਪੂਰਬ ਵੱਲ।

ਪੰਜਾਬ ਦੀਆਂ ਦੂਰੇਡੀਆਂ ਭੂਗੋਲਿਕ ਹੱਦਾਂ ਸਿੰਧ ਅਤੇ ਜਮੁਨਾ ਦਰਿਆ ਬਣਦੇ ਹਨ। ਪੰਜ ਦਰਿਆਵਾਂ ਦੀ ਧਰਤ ਨੂੰ ਪੰਚਨਦ ਵੀ ਕਿਹਾ ਗਿਆ। ਇਸਦੇ ਹੀ ਫ਼ਾਰਸੀ ਸਰੂਪ ਪੰਜ+ਆਬ ਤੋਂ ਪੰਜਾਬ ਕਿਹਾ ਜਾਣ ਲੱਗਾ। ਪੰਜਾਬ ਭਾਰਤੀ ਉਪਮਹਾਦੀਪ ਅਤੇ ਮੱਧਏਸ਼ੀਆ ਈਰਾਨ ਵਿਚਕਾਰ ਫੈਲਿਆ ਜ਼ਮੀਨ ਭੂ-ਭਾਗ ਹੈ ਜਿਸਨੂੰ ਹਿਮਾਲਿਆ ਅਤੇ ਹਿੰਦੂਕੁਸ਼ ਦੀਆਂ ਉੱਤਰੀ-ਪੱਛਮੀ ਸ੍ਰਿੰਖਲਾਵਾਂ ਵੰਡਦੀਆਂ ਹਨ। ਇਨ੍ਹਾਂ ਨਾਲ ਲਗਦੇ ਪਰਬਤਾਂ, ਘਾਟੀਆਂ-ਵਾਦੀਆਂ ਅਤੇ ਮਾਰੂਥਲਾਂ ਦਾ ਵਿਸ਼ਾਲ ਇਲਾਕਾ ਪੰਜ ਦਰਿਆਵਾਂ ਦੇ ਪਾਣੀਆਂ ਨਾਲ ਸਿੰਚਿਤ ਹੁੰਦਾ ਹੈ। ਇਸਦੀ ਭੂਤਲ ਮਿੱਟੀ ਜ਼ਰਖ਼ੇਜ਼ ਹੈ ਕਿਉਂਕਿ ਨਾ ਇਹ ਪਥਰੀਲੀ, ਨਾ ਬੰਜਰ, ਨਾ ਰੱਕੜ ਅਤੇ ਨਾ ਰੇਤਲੀ ਅਤੇ ਮਾਰੂਥਲੀ ਹੈ। ਇਸ ਦੀ ਭੂ-ਸਥਿਤੀ ਕਾਰਨ ਇਹ ਵਿਸ਼ਾਲ ਜੰਗਲਾਂ, ਬਨਸਪਤੀਆਂ, ਚਰਾਗਾਹਾਂ ਅਤੇ ਵਾਹੀਯੋਗ ਮੈਦਾਨਾਂ ਨਾਲ ਭਰਪੂਰ ਹੈ।

ਪਹਾੜਾਂ ਅਤੇ ਮਾਰੂਥਲਾਂ ਵਿਚਾਲੇ ਸਥਿਤ ਹੋਣ ਕਾਰਨ ਮੌਨਸੂਨ ਹਵਾਵਾਂ ਕਾਰਨ ਇਸਦਾ ਛੇ ਰੁੱਤਾਂ 'ਤੇ ਆਧਾਰਿਤ ਜਲਵਾਯੂ ਵਾਹੀ ਖੇਤੀ ਲਈ ਬੜਾ ਮੁਆਫ਼ਿਕ ਹੈ। ਇਹ ਵਿਸ਼ਾਲ ਮੈਦਾਨਾਂ, ਜੰਗਲਾਂ, ਬੇਲਿਆਂ, ਚਰਾਗਾਹਾਂ ਅਤੇ ਦਰਿਆਈ ਪਾਣੀਆਂ ਦਾ ਖ਼ਜ਼ਾਨਾ ਹੋਣ ਕਾਰਣ ਪਿਛਲੇ ਪੰਜ ਹਜ਼ਾਰ ਤੋਂ ਵੀ ਵੱਧ ਸਮੇਂ ਤੋਂ ਵਿਕਸਤ ਮਾਨਵੀ ਸਭਿਅਤਾਵਾਂ ਦਾ ਦਾਵੜਾ ਰਿਹਾ ਹੈ।

ਪੰਜਾਬ ਦੇ ਪੰਜ ਦਰਿਆ ਉੱਤਰ 'ਚ ਸਥਿਤ ਹਿਮਾਲੇ 'ਚੋਂ ਨਿਕਲ ਦੱਖਣ ਪੱਛਮ ਵੱਲ ਵਹਿੰਦੇ ਹਨ। ਇਨ੍ਹਾਂ ਪੰਜ ਦਰਿਆਵਾਂ ਕਾਰਨ ਹੀ ਇਸ ਨੂੰ ਪੰਜ ਪਾਣੀਆਂ ਦੀ ਧਰਤ ਆਖਦੇ ਹਨ। ਇਨ੍ਹਾਂ ਪੰਜਾਂ ਦਰਿਆਵਾਂ ਵਿਚੋਂ ਸਿੰਧੂ ਸੱਭ ਤੋਂ ਵੱਡਾ ਹੈ ਜਿਸਨੂੰ ਸਪਤ ਸਿੰਧੂ ਦਾ ਹਿੱਸਾ ਮੰਨਿਆ ਗਿਆ ਹੈ। ਇਹ ਮਾਨਸੋਰਵਰ ਝੀਲ 'ਚੋਂ ਨਿਕਲ ਬੱਤੀ ਸੌ ਕਿ.ਮਿ. ਦਾ ਪੰਧ ਤਹਿ ਕਰਦਾ ਹੋਇਆ ਅਰਬ ਸਾਗਰ ਵਿਚ ਸਮਾਅ ਜਾਂਦਾ ਹੈ। ਬਾਕੀ ਦੇ ਛੇ ਦਰਿਆ ਇਸ ਵਿਚ ਸਮਾਉਂਦੇ ਹਨ ਇਸੇ ਕਰਕੇ ਇਸਨੂੰ ਸਪਤ ਸਿੰਧੂ ਕਿਹਾ ਗਿਆ ਹੈ।

ਸੱਤਲੁਜ ਵੀ ਮਾਨਸਰੋਵਰ ਝੀਲ ਵਿਚੋਂ ਨਿਕਲ ਸ਼ਿਪਕੀ-ਲਾ ਰਾਹੀਂ ਉੱਤਰ ਤੋਂ ਲਹਿੰਦੇ ਵੱਲ ਵੱਗਦਾ ਹੋਇਆ ਪੰਦਰਾਂ ਸੌ ਕਿ.ਮਿ. ਦਾ ਰਸਤਾ ਤਹਿ ਕਰਦਾ ਹੈ। ਹਜ਼ਾਰ ਸਾਲ ਪਹਿਲਾਂ ਇਹ ਹਕਰਾ ਜਾਂ ਘੱਗਰ ਦਾ ਸਹਾਇਕ ਦਰਿਆ ਹੁੰਦਾ ਸੀ। ਪੰਜਾਬ ਵਿਚ ਹਰੀਕੇ ਪੱਤਣ ਤੇ ਬਿਆਸ 'ਚ ਜਾ ਮਿਲਦਾ ਹੈ। ਬਾਅਦ ਵਿਚ ਇਹ ਦੋਵੇਂ ਉੱਚ ਸ਼ਰੀਫ਼ ਨੇੜੇ ਚਨਾਬ ਵਿਚ ਮਿਲ ਜਾਂਦੇ ਹਨ ਜਿਸਨੂੰ ਸੱਤਦੁਰੀ, ਸ਼ਤੁੱਦਰੂ, ਜ਼ਾਰਾਦਰੋਸ, ਹੈਸੀਦਰੁਸ ਕਿਹਾ ਜਾਂਦਾ ਹੈ।

ਬਿਆਸ ਦਰਿਆ ਰੋਹਤਾਂਗ ਦੱਰੇ 'ਚੋਂ ਨਿਕਲ ਕਰੀਬ ਚਾਰ ਸੌ ਸੱਤਰ ਕਿ.ਮਿ. ਦਾ ਸਫ਼ਰ ਕਰ ਹਰੀਕੇ ਪੱਤਣ 'ਚ ਸੱਤਲੁਜ ਨਾਲ ਮਿਲ ਜਾਂਦਾ ਹੈ। ਇਸਨੂੰ ਵਿਪਾਸਾ ਵੀ ਕਿਹਾ ਜਾਂਦਾ ਜਿਸਦਾ ਅਰਥ ਹੈ ਬੰਦ ਖ਼ਲਾਸ ਹੋਣਾ। ਇਸਦੇ ਹੋਰ ਨਾਮ ਹਨ; ਵਿਪਾਸ਼, ਅਰਜਿਕੇਯ, ਹਾਇਪਾਸ਼ਿਸ਼। ਇਸ ਨਾਲ ਰਿਸ਼ੀ ਵਿਸ਼ਵਾਮਿੱਤਰ ਅਤੇ ਵਿਸ਼ਿਸ਼ਟ ਰਿਸ਼ੀ ਦੀ ਪੌਰਾਣਿਕ ਕਥਾ ਜੁੜੀ ਹੋਈ ਹੈ।

ਚਨਾਬ ਦਾ ਵੈਦਿਕ ਨਾਮ 'ਅਸਕਿਨੀ' ਜਾਂ ਚੰਦਰਭਾਗ ਹੈ। ਇਸਨੂੰ ਰੁਮਾਂਸ ਦਾ ਦਰਿਆ ਝਨਾਂ ਵੀ ਕਿਹਾ ਜਾਂਦਾ ਹੈ ਜੋ ਪ੍ਰੇਮ ਅਤੇ ਪ੍ਰੀਤ ਦਾ ਪ੍ਰਤੀਕ ਹੈ। ਮਹੀਵਾਲ ਨੂੰ ਮਿਲਣ ਜਾਂਦੀ ਸੋਹਣੀ ਇਸ ਚਿ ਕੱਚੇ ਘੜੇ 'ਤੇ ਤਰਦੀ ਡੁੱਬ ਮੋਈ ਸੀ। ਲਾਹੌਲ-ਸਪਿਤੀ ਤੋਂ ਆਰੰਭ ਹੋ ਕੇ ਜੰਮੂ ਹੁੰਦਾ ਹੋਇਆ ਨੌਂ ਸੌ ਸੱਠ ਕਿ.ਮਿ. ਦਾ ਸਫ਼ਰ ਆਰੰਭ ਕਰਦਾ ਹੋਇਆ ਤ੍ਰਿਮੂ ਵਿਖੇ ਜਿਹਲਮ ਨਾਲ ਜਾ ਮਿਲਦਾ ਹੈ। ਫਿਰ ਇਹ ਰਾਵੀ ਨਾਲ ਜੁੜ ਉੱਚ ਸ਼ਰੀਫ਼ ਵਿਖੇ ਸੱਤਲੁਜ ਨਾਲ ਮਿਲ ਜਾਂਦਾ ਹੈ।

ਜਿਹਲਮ ਦਾ ਵੈਦਿਕ ਗ੍ਰੰਥਾਂ ਅਨੁਸਾਰ ਪੁਰਾਤਨ ਨਾਮ 'ਵਿਤਸਤਾ' ਹੈ। ਇਸਦਾ ਪ੍ਰਗਟ ਅਸਥਾਨ ਵੈਰੀਨਾਗ ਝੀਲ ਹੈ। ਇਹ ਦਰਿਆ ਪੱਛਮ ਵੱਲ ਵਗਦਾ ਪੀਰ ਪੰਜਾਲ ਨੂੰ ਪਾਰ ਕਰਦਾ ਸੱਤ ਸੌ ਪੰਝੀ ਕਿ.ਮਿ. ਦਾ ਸਫ਼ਰ ਝੰਗ 'ਚ ਤ੍ਰਿਮੂ ਦੇ ਨੇੜੇ ਚਨਾਬ 'ਚ ਜਾ ਮਿਲਦਾ ਹੈ। ਜਿਹਲਮ ਦਾ ਇਤਿਹਾਸਕ ਮਹੱਤਵ ਹੈ ਕਿ ਸਿਕੰਦਰ ਨੂੰ ਪੋਰਸ ਨੇ 325 ਈ.ਪੂ. ਜਿਹਲਮ ਕਿਨਾਰੇ ਹੀ ਡੱਕਿਆ ਸੀ।

ਸਰਸਵਤੀ ਦਾ ਭਾਰਤੀ ਸਨਾਤਨੀ ਗ੍ਰੰਥਾਂ ਵਿਚ ਪ੍ਰਸੰਗ ਕਈ ਵਾਰ ਆਉਂਦਾ ਹੈ। ਇਸਨੂੰ ਆਰਿਆਵ੍ਰਤ ਸਭਿਅਤਾ ਦੀ ਜਨਨੀ ਵੀ ਕਿਹਾ ਜਾਂਦਾ ਹੈ ਪ੍ਰੰਤੂ ਇਹ ਨਦੀ ਅੱਜ ਲੁਪਤ ਹੋ ਚੁੱਕੀ ਹੈ। ਰਿਗਵੇਦ, ਤਾਂਡਯ ਅਤੇ ਜੈਮਿਨੀਯ ਬ੍ਰਾਹਮਣ ਦੇ ਸੰਦਰਭਾਂ ਦੇ ਆਧਾਰ 'ਤੇ ਭੂਵਿਗਿਆਨੀਆਂ ਦਾ ਕਹਿਣਾ ਹੈ ਕਿ ਹਰਿਆਣਾ ਅਤੇ ਰਾਜਸਥਾਨ ਹੋ ਕੇ ਵਹਿਣ ਵਾਲੀ ਮੌਜੂਦਾ ਸੁੱਕੀ ਹੋਈ ਘੱਗਰ-ਹਕਰਾ ਨਦੀ ਹੀ ਪ੍ਰਾਚੀਨ ਸਰਸਵਤੀ ਦੀ ਸਹਾਇਕ ਨਦੀ ਸੀ। ਉਸ ਸਮੇਂ ਸੱਤਲੁਜ ਅਤੇ ਯਮੁਨਾ ਦੀਆਂ ਕੁਝ ਧਾਰਾਵਾਂ ਸਰਸਵਤੀ 'ਚ ਆ ਕੇ ਸਮਾਉਂਦੀਆਂ ਸਨ। ਜਲਵਾਯੂ ਬਦਲਾਵਾਂ ਅਤੇ ਧਰਾਤਲੀ ਤਬਦੀਲੀਆਂ ਨੇ ਦਰਿਆਵਾਂ ਦੇ ਵਹਾਓ 'ਚ ਕਈ ਪਰਿਵਰਤਨ ਲਿਆਂਦੇ। ਸਰਸਵਤੀ ਕੈਲਾਸ਼ ਦੇ ਪੱਛਮ ਵਿਚ ਹਿਮਾਲਾ 'ਚ ਕਪਾਲ ਤੀਰਥ ਤੋਂ ਨਿਕਲ ਦੱਖਣ ਵਿਚ ਮਾਨਸਰੋਵਰ ਵੱਲ ਵਹਿ ਕੇ ਪੱਛਮ ਵੱਲ ਮੁੜ ਜਾਂਦੀ ਸੀ। ਅੱਜ ਵੀ ਸਰਸਵਤੀ ਬਦਰੀਨਾਥ ਦੇ ਅੰਤਿਮ ਪਿੰਡ ਮਾਣਾ ਦੱਰੇ ਦੇ ਦੱਖਣ ਤੋਂ ਵਹਿੰਦੀ ਹੋਈ ਮਾਣਾ ਤੋਂ ਤਿੰਨ ਕਿ.ਮਿ. ਦੂਰ ਅਲਕਨੰਦਾ 'ਚ ਮਿਲ ਜਾਂਦੀ ਹੈ। ਉਥੋਂ ਇਹ ਤਲਹੱਟੀ ਦੇ ਬਲਚਾਪਰ ਦੇ ਇਲਾਕੇ 'ਚ ਉਤਰ ਕੇ ਪੰਜਾਬ, ਹਰਿਆਣਾ, ਰਾਜਸਥਾਨ ਤੇ ਗੁਜਰਾਤ ਰਾਹੀਂ ਲੰਘ ਕੇ ਅਰਬ ਸਾਗਰ 'ਚ ਸਮਾਅ ਜਾਂਦੀ ਸੀ। ਇਸ ਲੰਮੇ ਪੰਧ ਵਿਚ ਇਹ ਸ਼ਤਦਰੂ/ਸੱਤਲੱਜ, ਦ੍ਰਿਸ਼ਾਵਤੀ/ਜਮੁਨਾ ਇਸ ਦੀਆਂ ਤਿੰਨ ਸਹਾਇਕ ਨਦੀਆਂ ਸਨ। ਇਹ ਇਕ ਵਹਿਣ ਦੇ ਨਾਲ ਨਾਲ ਵਹਿੰਦੀ ਸੀ ਜਿਸਨੂੰ ਵਰਤਮਾਨ ਵਿਚ ਘੱਗਰ, ਰਾਜਸਥਾਨ 'ਚ ਹਕਰਾ ਅਤੇ ਗੁਜਰਾਤ ਵਿਚ ਨਾਰਾ ਕਿਹਾ ਜਾਂਦਾ ਸੀ। ਇਸਨੂੰ ਹੰਕਰਾ ਜਾਂ ਵਹਿੰਦਾਹ ਵੀ ਪੁਕਾਰਿਆ ਜਾਂਦਾ ਰਿਹਾ ਹੈ। ਇੰਝ ਸਰਸਵਤੀ ਦੇ ਉਪਰਲੇ ਭਾਗ ਨੂੰ ਘੱਗਰ ਅਤੇ ਨਿਚਲੇ ਭਾਗ ਨੂੰ ਹਕਰਾ ਕਿਹਾ ਜਾਂਦਾ ਸੀ। ਸਰਸਵਤੀ ਦਾ ਪਤਨ ਅੱਜ ਤੋਂ ਪੰਜ ਤੇ ਤਿੰਨ ਹਜ਼ਾਰ ਸਾਲ ਪਹਿਲਾਂ ਬਾਰਮਾਹੀ, ਤੋਂ ਬਰਸਾਤੀ ਹੁੰਦੀ ਹੋਈ ਅੰਤ ਨਿਖਾਸੂ ਬਣ ਸੁੱਕ ਹੀ ਗਈ। ਹਰਿਆਣਾ ਅਤੇ ਕੁਰਕਸ਼ੇਤਰ ਅਤੇ ਪਿਹੋਵਾ ਵਿਚ ਇਸ ਦੇ ਕੁਝ ਅਵਿਸ਼ੇਸ਼ ਅੱਜ ਵੀ ਮੌਜੂਦ ਹਨ ਜੋ ਕੁਰਕਸ਼ੇਤਰ ਸ਼ਹਿਰ ਦੇ ਬਾਹਰ ਵਾਰ ਜੀ. ਟੀ. ਰੋਡ ਦੇ ਨਾਲ ਸਥਿਤ ਹਨ।

ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ ਦੁਆਬ ਕਹਿੰਦੇ ਹਨ। ਦੁਆਬ ਸ਼ਬਦ ਦੋ-ਆਬ ਤੋਂ ਬਣਿਆ ਹੈ। ਇਸਦਾ ਅਰਥ ਹੈ ਦੋ ਪਾਣੀ ਜਾਂ ਦੋ ਦਰਿਆ। ਪੰਜਾਬ ਵਿਚ ਵਹਿੰਦੇ ਦਰਿਆ ਇਸਨੂੰ ਕਈ ਦੁਆਬਿਆਂ ਵਿਚ ਵੰਡਦੇ ਹਨ। ਇਹ ਪ੍ਰਮੁੱਖ ਰੂਪ ਵਿਚ ਪੰਜ ਹਨ। ਇਨ੍ਹਾਂ ਨੂੰ ਉਨ੍ਹਾਂ ਦਰਿਆਂ ਦੇ ਨਾਵਾਂ ਦੇ ਪਹਿਲੇ ਦੋ ਅੱਖਰਾਂ ਨੂੰ ਜੋੜ ਕੇ ਸਮਾਸੀ ਰੂਪ 'ਚ ਇਨ੍ਹਾਂ ਦੇ ਨਾਮ ਘੜੇ ਗਏ ਹਨ। 'ਬਿਸਤ ਦੁਆਬ' ਉਹ ਇਲਾਕਾ ਹੈ ਜੋ ਬਿਆਸ ਤੇ ਸਤਲੁਜ ਦਰਮਿਆਨ ਵਹਿੰਦਾ ਹੈ। ਬਿਆਸ ਦਾ 'ਬਿ' ਅਤੇ ਸਤਲੁਜ ਦਾ 'ਸਤ' ਲੈ ਕੇ ਬਿਸਤ ਦੁਆਬ ਬਣ ਗਿਆ। 'ਬਾਰੀ ਦੁਆਬ' ਬਿਆਸ ਤੇ ਰਾਵੀ ਵਿਚਕਾਰਲਾ ਇਲਾਕਾ ਹੈ ਜੋ ਬਿਆਸ ਦੇ 'ਬਿ' ਅਤੇ ਰਾਵੀ ਦੇ 'ਰਾ' ਦਾ ਸਮਾਸ ਹੈ। 'ਰਚਨਾ ਦੁਆਬ' ਰਾਵੀ ਅਤੇ ਚਨਾਬ ਦਾ ਵਿਚਕਾਰਲਾ ਇਲਾਕਾ ਹੈ ਜੋ ਰਾਵੀ ਦੇ 'ਰਾ' ਅਤੇ ਚਨਾਬ ਦੇ 'ਚਨਾ' ਦਾ ਮੇਲ ਹੈ। 'ਚੱਜ ਦੁਆਬ' ਚਨਾਬ ਅਤੇ ਜਿਹਲਮ ਦੇ ਦਰਮਿਆਨ ਦੇ ਇਲਾਕੇ ਨੂੰ ਕਹਿੰਦੇ ਹਨ ਜੋ ਚਨਾਬ ਦੇ 'ਚ' ਅਤੇ 'ਜਿਹਲਮ' ਦੇ 'ਜ' ਦਾ ਮਿਸ਼ਰਣ ਹੈ। 'ਸਿੰਧ ਸਾਗਰ' ਦੁਆਬ ਜਿਹਲਮ ਅਤੇ ਸਿੰਧ ਦੇ ਵਿਚਕਾਰਲੇ ਖੇਤਰ ਨੂੰ ਕਿਹਾ ਜਾਂਦਾ ਹੈ। ਇਨ੍ਹਾਂ ਪੰਜਾਂ ਦੁਆਬਿਆਂ 'ਚੋਂ ਬਿਸਤ ਦੁਆਬ ਅਤੇ ਬਾਰੀ ਦੁਆਬ ਦਾ ਕੁਝ ਹਿੱਸਾ ਚੜ੍ਹਦੇ ਪੰਜਾਬ ਵਿਚ ਅਤੇ ਬਾਕੀ ਸਾਰੇ ਦੁਆਬ ਲਹਿੰਦੇ ਪੰਜਾਬ ਵਿਚ ਪੈਂਦੇ ਹਨ।

ਪੰਜਾਬ ਦੇ ਮੈਦਾਨਾਂ ਦੀ ਧਰਾਤਲ ਦੀ ਬਣਤਰ ਨੂੰ ਸਮਝਣ ਲਈ ਜਮੁਨਾ ਅਤੇ ਜਿਹਲਮ ਵਿਚਕਾਰ ਦੇ ਸਾਰੇ ਇਲਾਕੇ ਦੇ ਭੂਤਲ ਨੂੰ ਭਾਵ ਦਰਿਆਵਾਂ ਦੇ ਵਹਾਓ ਅਨੁਸਾਰ ਤਲ ਤੋਂ ਉਪਰ ਵਾਲੇ ਭਾਗ ਨੂੰ ਚਾਰ ਵਰਗਾਂ ਵਿਚ ਵੰਡਿਆ ਜਾਂਦਾ ਹੈ। ਦਰਿਆ ਦੇ ਵਹਿਣ ਦੇ ਨਾਲ ਲਗਦੇ ਖੇਤਰ ਨੂੰ 'ਸਲਾਬਾ' ਜਾਂ 'ਕੱਚਾ' ਕਿਹਾ ਜਾਂਦਾ ਹੈ ਕਿਉਂਕਿ ਇਹ ਸਦਾ ਹੜ੍ਹਾਂ ਦੀ ਮਾਰ ਹੇਠ ਰਹਿਣ ਵਾਲਾ ਇਲਾਕਾ ਹੁੰਦਾ ਹੈ। ਇਸਦੇ ਨਾਲ ਲਗਦੇ ਉੱਚੇ/ਉਪਰਲੇ ਹਿੱਸੇ ਨੂੰ 'ਢਯਾ' ਜਾਂ 'ਖਾਦਿਰ' ਕਿਹਾ ਜਾਂਦਾ ਹੈ। ਇਹ ਮੁਕਾਬਲਤਨ ਨੀਵਾਂ ਇਲਾਕਾ ਹੁੰਦਾ ਹੈ। ਇਸ ਵਿਚ ਕਈ ਵਾਰ ਪੁਰਾਣੇ ਵਹਿਣਾਂ ਅਤੇ ਪਾਣੀ ਦੇ ਜ਼ੋਰ ਕਾਰਨ ਤੁਗਿਆਨੀਆਂ/ਕਾਂਗਾਂ ਆ ਜਾਂਦੀਆਂ ਹਨ ਜਿਨ੍ਹਾਂ ਦੀ ਹੜ੍ਹਾਂ ਤੋਂ ਮਾਰ ਜ਼ਰਾ ਨਰਮ ਹੁੰਦੀ ਹੈ। ਇਸ ਤੋਂ ਪਰ੍ਹਾਂ ਉੱਚੀ ਥਾਂ ਆ ਜਾਂਦੀ ਹੈ ਜੋ ਹੜ੍ਹਾਂ ਕਾਰਨ ਇੱਕਤਰ ਹੋਈ ਮਿੱਟੀ ਦੀ ਬਣੀ ਹੁੰਦੀ ਹੈ, ਇਸ ਕਾਰਨ ਇਸਨੂੰ 'ਜਲੌੜ' ਕਹਿੰਦੇ ਹਨ। ਜਲੌੜਾਂ ਦੇ ਨਾਲ ਲਗਦੇ ਭੂਤਲਾਂ ਨੂੰ ਬਾਂਗਰ ਜਾਂ ਮਾਝਾ ਕਿਹਾ ਜਾਂਦਾ ਹੈ। ਇਸ ਤੋਂ

ਹੋਰ ਉਪਰਲੇ ਟਿੱਬਿਆਲੀ ਮੈਦਾਨਾਂ ਨੂੰ 'ਬਾਰਾਂ' ਕਿਹਾ ਜਾਂਦਾ ਹੈ ਜਿਨ੍ਹਾਂ ਦਾ ਮਿੱਟੀ ਦਾ ਸੁਭਾਅ ਰੇਤੀਲਾ ਅਤੇ ਸ਼ੋਰੇ ਵਾਲਾ ਹੁੰਦਾ ਹੈ।

ਜਮੁਨਾ ਅਤੇ ਘੱਗਰ ਦਰਿਆਵਾਂ ਦੇ ਦੱਖਣ ਅਤੇ ਦੱਖਣ-ਪੱਛਮੀ ਵਹਿਣਾਂ ਦੇ ਰਾਹੀਂ ਹੜ੍ਹਾਂ ਦੀ ਮਾਰ ਕਾਰਨ ਜਲੌੜੀ ਮੈਦਾਨਾਂ ਦਾ ਨਿਰਮਾਣ ਅਤੇ ਸੋਕੇ ਕਾਰਨ ਮਾਰੂਥਲੀ ਪਾਸਾਰਾਂ ਦਾ ਫੈਲਾਅ ਇਸ ਦਰਿਆਈ ਸਿਸਟਮ ਦੇ ਸੁਭਾਅ ਨੂੰ ਦੱਸਦਾ ਹੈ। ਸ਼ਿਵਾਲਿਕ ਦੇ ਪਹਾੜਾਂ 'ਚੋਂ ਉਤਰਣ ਵਾਲੇ ਜਮੁਨਾ-ਸੱਤਲੁਜ ਦਰਿਆਵਾਂ ਦੇ ਦੁਆਬ ਵਿਚ ਪੁਰਾਤਨ ਜਲੋੜ ਮਿੱਟੀ ਤੋਂ ਬਣਿਆਂ ਬਾਂਗਰ ਦਾ ਇਲਾਕਾ ਇਨ੍ਹਾਂ ਦਰਿਆਵਾਂ ਦੇ ਵਹਿਣ ਦੀ ਨਿਸ਼ਾਨਦੇਹੀ ਕਰਦਾ ਹੈ। ਘੱਗਰ-ਹਕਰਾ ਦੇ ਪੁਰਾਣੇ ਵਹਿਣ ਕਾਰਨ ਬਣਿਆ ਬਾਂਗਰ ਮੈਦਾਨ ਨਵਨਿਰਮਤ ਖਾਦਿਰ ਇਲਾਕਿਆਂ ਤੋਂ ਮਿੱਟੀ ਦੇ ਸੁਭਾਅ ਅਤੇ ਰੰਗ ਕਾਰਨ ਵੱਖਰਾ ਦਿਖਾਈ ਦਿੰਦਾ ਹੈ। ਬਿਸਤ, ਬਾਰੀ ਅਤੇ ਰਚਨਾ ਦੁਆਬਿਆਂ ਵੱਲ ਵਧਦਿਆਂ ਪੁਰਾਣੇ ਵਹਿਣਾਂ ਦੇ ਨਕਸ਼ ਢਯਾਂ ਤੋਂ ਹੇਠਾਂ ਖਾਦਿਰਾਂ ਵਿਚ ਦਿਖਾਈ ਦਿੰਦੇ ਹਨ।

ਪੰਜਾਬ ਦੇ ਤਿੰਨ ਦਰਿਆਵਾਂ 'ਤੇ ਡੈਮ ਉਸਾਰ ਕੇ ਨਹਿਰਾਂ ਕੱਢੀਆਂ ਗਈਆਂ ਤੇ ਬਿਜਲੀ ਦਾ ਉਤਪਾਦਨ ਕੀਤਾ ਗਿਆ। ਸਤਲੁੱਜ 'ਤੇ ਭਾਖੜਾ ਡੈਮ ਉਸਾਰਿਆ ਗਿਆ। ਜਿਸ ਵਿਚੋਂ 174 ਕਿ.ਮਿ. ਲੰਬੀ ਭਾਖੜਾ ਮੇਨ ਨਹਿਰ ਕੱਢੀ ਗਈ। ਬਿਆਸ 'ਤੇ ਪੋਂਗ ਡੈਮ ਉਸਾਰਿਆ ਗਿਆ। ਰਾਵੀ ਦਰਿਆ 'ਤੇ ਥੀਨ ਡੈਮ ਉਸਾਰਿਆ ਗਿਆ ਜਿਸ ਵਿਚੋਂ ਰਾਵੀ ਨਹਿਰ ਨੂੰ ਚਾਰ ਪੜਾਵਾਂ ਵਿਚ ਕੱਢਿਆ ਗਿਆ। ਇਨ੍ਹਾਂ ਮੁੱਖ ਦਰਿਆਵਾਂ ਨੂੰ ਬੰਨ੍ਹਣ ਨਾਲ ਪੰਜਾਬ 'ਚ ਨਾ ਸਿਰਫ਼ ਹੜ੍ਹਾਂ ਦੀ ਰੋਕਥਾਮ ਹੋਈ ਬਲਕਿ ਨਹਿਰਾਂ ਦੇ ਵਿਛੇ ਵਿਸ਼ਾਲ ਜਾਲ ਨਾਲ ਨਾ ਸਿਰਫ਼ ਪੰਜਾਬ ਬਲਕਿ ਕਿ ਗਵਾਂਢੀ ਸੂਬਿਆਂ ਜਿਵੇਂ ਰਾਜਸਥਾਨ, ਹਰਿਆਣਾ, ਦਿੱਲੀ, ਜੰਮੂ ਕਸ਼ਮੀਰ ਆਦਿ ਨੂੰ ਸਿੰਚਾਈ ਸਹੂਲਤਾਂ ਵੀ ਮੁਹੱਈਆਂ ਕਰਵਾਈਆਂ ਗਈਆਂ। ਘੱਗਰ 'ਤੇ ਵੀ ਕਿਸੇ ਸਮੇਂ ਮੋਰਨੀ ਪਹਾੜੀਆਂ 'ਚ ਡੈਮ ਉਸਾਰਨ ਦਾ ਪ੍ਰਸਤਾਵ ਸੀ। ਹੁਣ ਇਹ ਡੈਮ ਸਿਰਫ਼ ਸੁਪਨਾ ਬਣ ਕੇ ਰਹਿ ਗਿਆ ਹੈ ਕਿਉਂਕਿ ਮੋਰਨੀ ਪਹਾੜੀਆਂ 'ਚ ਨਵੀਂ ਸ਼ਹਿਰੀ ਵੱਸੋਂ 'ਚ ਬਹੁਤ ਇਜ਼ਾਫ਼ਾ ਹੋ ਗਿਆ ਹੈ। ਕੁਝ ਵਰ੍ਹੇ ਪਹਿਲਾਂ ਬਚੇ ਕੁਸ਼ਲਿਆ ਡੈਮ ਨਾਲ ਘੱਗਰ ਦੀ ਹੜ੍ਹ ਮਾਰੂ ਤਬਾਹੀ ਨਹੀਂ ਰੁਕ ਸਕਦੀ ਕਿਉਂਕਿ ਇਸ ਦੀ ਝੀਲ ਦੀ ਖਮਤਾ ਹੀ ਘੱਟ ਹੈ।

ਜੇਕਰ ਦੇਖਿਆ ਜਾਵੇ ਤਾਂ ਪੱਛਮ ਵੱਲੋਂ ਉੱਜ ਤੋਂ ਲੈ ਕੇ ਪੂਰਬ 'ਚ ਸੁਹਾਂ ਤੱਕ ਲੱਗ ਪੱਗ ਚਾਲ੍ਹੀ ਛੋਟੀਆਂ ਨਦੀਆਂ, ਨਾਲ਼ੇ, ਚੋਅ ਅਤੇ ਨਿਖਾਸੂ ਹਨ ਜਿਨ੍ਹਾਂ 'ਚ ਭਾਰੀ ਬਰਸਾਤਾਂ 'ਚ ਹੜ੍ਹਾਂ ਦੀ ਵੱਡੀ ਸੰਭਾਵਨਾ ਬਣੀ ਰਹਿੰਦੀ ਹੈ। ਇਨ੍ਹਾਂ ਦੇ ਪਾਣੀਆਂ ਨੂੰ ਬੰਨ੍ਹਣ, ਰੱਖ ਰਖਾਓ ਅਤੇ ਚੈਨਲਾਈਜ਼ ਕਰਨ ਦੀ ਵੱਡੀ ਜ਼ਰੂਰਤ ਹੈ। ਜੇਕਰ ਪੰਜਾਬ 'ਚ ਹੜ੍ਹਾਂ ਦੀ ਰੋਕਥਾਮ ਕਰਨੀ ਹੈ ਤਾਂ ਮੁੱਖ ਦਰਿਆਵਾਂ ਦੇ ਧੁੱਸੀ ਬੰਨ੍ਹਾਂ, ਇਨ੍ਹਾਂ 'ਤੋਂ ਨਿਕਲੀਆਂ ਨਹਿਰਾਂ ਦੇ ਕੰਢਿਆਂ ਦੀ ਨਿਰੰਤਰ ਸਮੇਂ ਸਿਰ ਮੁਰੰਮਤ ਅਤੇ ਰੱਖ ਰਖਾਓ ਜ਼ਰੂਰੀ ਹੈ। ਛੋਟੀਆਂ ਨਦੀਆਂ, ਨਾਲਿਆਂ ਅਤੇ ਚੋਆਂ ਦੇ ਪਾਣੀਆਂ ਦੇ ਸਹੀ ਵਹਿਣ ਮਾਰਗਾਂ 'ਚ ਸਾਰੀਆਂ ਰੋਕਾਂ, ਇਨਕਰੋਚਮੈਂਟਾਂ, ਗ਼ੈਰਕਾਨੂੰਨੀ ਰੇਤ ਬੱਜਰੀ ਦੇ ਖਨਨ ਅਤੇ ਖੁਦਾਈ ਦੀ ਰੋਕਥਾਮ ਜ਼ਰੂਰੀ ਹੈ। ਸਿੰਚਾਈ ਅਤੇ ਨਹਿਰੀ ਵਿਭਾਗ ਨੂੰ ਸਮੇਂ ਸਿਰ ਫੰਡ ਮੁਹੱਈਆ ਕਰਨੇ ਵੀ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੈ।

ਪੰਜਾਬ ਦੇ ਧਰਾਤਲ ਦੀ ਬਣਤ ਅਤੇ ਦਰਿਆਵਾਂ ਦੇ ਵਹਿਣਾਂ ਨੂੰ ਇਸ ਭੂਗੋਲਕ, ਇਤਿਹਾਸਕ ਅਤੇ ਪੁਰਾਤੱਤਵੀ ਦ੍ਰਿਸ਼ਟੀ ਤੋਂ ਜਦੋਂ ਦੇਖਦੇ ਹਾਂ ਤਾਂ ਪੰਜਾਬ 'ਚ ਆਏ ਵਰਤਮਾਨ ਹੜ੍ਹਾਂ ਦੇ ਕਾਰਣ ਪਈ ਮਾਰ ਨੂੰ ਸੁਯੋਗ ਤੇ ਸਹੀ ਢੰਗ ਨਾਲ ਸਮਝਿਆ ਜਾ ਸਕਦਾ ਹੈ।

82839-48811

## ਗ਼ਜ਼ਲ / ਦੁਸ਼ਯੰਤ ਕੁਮਾਰ

ਮਤ ਕਹੋ, ਅਕਾਸ਼ ਮੇਂ ਕੋਹਰਾ ਘਨਾ ਹੈ,
ਯਹ ਕਿਸੀ ਕੀ ਵਿਅਕਤੀਗਤ ਆਲੋਚਨਾ ਹੈ ।

ਸੂਰਜ ਹਮਨੇ ਭੀ ਨਹੀਂ ਦੇਖਾ ਸੁਬਹ ਸੇ,
ਕਯਾ ਕਰੋਗੇ, ਸੂਰਜ ਕਾ ਕਯਾ ਦੇਖਨਾ ਹੈ ।

ਇਸ ਸੜਕ ਪਰ ਇਸ ਕਦਰ ਕੀਚੜ ਬਿਛੀ ਹੈ,
ਹਰ ਕਿਸੀ ਕਾ ਪਾਂਵ ਘੁਟਨੋਂ ਤਕ ਸਨਾ ਹੈ ।

ਪਕਸ਼ ਓ' ਪ੍ਰਤੀਪਕਸ਼ ਸੰਸਦ ਮੇਂ ਮੁਖਰ ਹੈਂ,
ਬਾਤ ਇਤਨੀ ਹੈ ਕਿ ਕੋਈ ਪੁਲ ਬਨਾ ਹੈ ।

ਰਕਤ ਵਰਸ਼ੋਂ ਸੇ ਨਸੋਂ ਮੇਂ ਖੌਲਤਾ ਹੈ,
ਆਪ ਕਹਤੇ ਹੈਂ ਛਿਣਿਕ ਉਤੇਜਨਾ ਹੈ ।

ਹੋ ਗਈ ਹਰ ਘਾਟ ਪਰ ਪੂਰੀ ਵਿਯਵਸਥਾ,
ਸ਼ੌਕ ਸੇ ਡੂਬੇ ਜਿਸੇ ਭੀ ਡੂਬਨਾ ਹੈ ।

ਦੋਸਤੋ ! ਅਬ ਮੰਚ ਪਰ ਸੁਵਿਧਾ ਨਹੀਂ ਹੈ,
ਆਜਕਲ ਨੇਪਥਯ ਮੇਂ ਸੰਭਾਵਨਾ ਹੈ ।

## ਕਹਾਣੀ / ਫੋੜੇ ਜਿਹਾ ਜ਼ਖ਼ਮ / ਰਵੀ ਸ਼ੇਰਗਿੱਲ



ਫੌਜੀ ਚਰਨ ਸਿੰਘ ਦਰਵਾਜ਼ੇ 'ਚ ਪਏ ਮੰਜੇ 'ਤੇ ਬੈਠਾ ਆਪਣੀ ਕਰੜ-ਬਰੜੀ ਦਾੜ੍ਹੀ 'ਚ ਹੱਥ ਫੇਰਦਾ ਪਿੰਡ ਦੇ ਚੜ੍ਹਦੇ ਵਾਲੇ ਪਾਸੇ ਮੂੰਹ ਕਰਕੇ ਮੂੰਹ 'ਚ ਕੁਝ ਬੁੜਬੜਾਉਂਦਾ ਹੈ। ਲਗਦਾ ਜਿਵੇਂ ਕਿਸੇ ਨੂੰ ਗਾਲ਼ਾਂ ਕੱਢ ਰਿਹਾ ਹੋਵੇ। ਡੱਬੀਦਾਰ ਚਾਦਰੇ ਨੂੰ ਗੋਡਿਆਂ ਤੱਕ ਚੁੱਕ ਕੇ ਸੱਜੀ ਲੱਤ 'ਤੇ ਹੋਏ ਫੋੜੇ ਨੂੰ ਗੋਡਿਆਂ ਤੱਕ ਚੁੱਕ ਕੇ ਸੱਜੀ ਲੱਤ 'ਤੇ ਹੋਏ ਫੋੜੇ ਜਿਹੇ ਜ਼ਖ਼ਮ ਦੇ ਆਲ਼ੇ-ਦੁਆਲ਼ੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਹੌਲੀ ਹੌਲੀ ਖੁਰਕਦਾ ਹੈ। ਇਸ ਤਰ੍ਹਾਂ ਪੋਲਾ ਪੋਲਾ ਖੁਰਕਣਾ ਉਸ ਨੂੰ ਬਹੁਤ ਸਕੂਨ ਭਰਿਆ ਲਗਦਾ ਹੈ। ਪਰ ਇਹ ਸਕੂਨ ਬਹੁਤਾ ਸਮਾਂ ਨਹੀਂ ਰਹਿੰਦਾ। ਮੱਖੀਆਂ ਦੀ ਫੌਜ ਭਿਣਨ-ਭਿਣਨ ਕਰਦੀ ਫੋੜੇ-ਨੁਮਾ ਜ਼ਖ਼ਮ 'ਤੇ ਇਸ ਤਰ੍ਹਾਂ ਮੰਡਰਾਉਣ ਲਗਦੀ ਹੈ ਜਿਵੇਂ ਹੱਡਾ-ਰੋੜੀ ਉੱਪਰ ਇੱਲਾਂ ਗੇੜੇ ਮਾਰ ਰਹੀਆਂ ਹੋਣ।

"ਤੁਸੀਂ ਨਾ ਭੈਣ ਦੇਣੇ ਦੀਓ ਕੁਝ ਕਰਨ ਦਿਓ।", ਉਹ ਚਾਦਰੇ ਦਾ ਲੜ ਛੱਡ ਕੇ ਸਿੱਧਾ ਕਰਦਾ ਮੱਖੀਆਂ ਨੂੰ ਦੋਹਾਂ ਹੱਥਾਂ ਨਾਲ ਉਡਾਉਂਦਾ ਹੈ।

ਚਾਦਰੇ ਦੇ ਉੱਪਰ ਦੀ ਵੀ ਉਹ ਆਪਣੀ ਲੱਤ 'ਤੇ ਪੋਲਾ ਜਿਹਾ ਹੱਥ ਫੇਰਦਾ ਉਸ ਫੋੜੇ ਜਿਹੇ ਜ਼ਖ਼ਮ ਬਾਰੇ ਸੋਚਦਾ ਹੈ। ਇਸ ਜ਼ਖ਼ਮ ਦਾ ਭੇਦ ਸਿਰਫ਼ ਉਹੀ ਜਾਣਦਾ ਸੀ। ਵੈਸੇ ਸਾਰੇ ਪਿੰਡ ਨੂੰ ਪਤਾ ਸੀ ਕਿ ਫੌਜੀ ਚਰਨ ਸਿੰਘ ਦੀ ਸੱਜੀ ਲੱਤ ਤੇ ਇਕ ਜ਼ਖ਼ਮ ਹੈ ਜੋ ਰਿਸਦਾ ਰਹਿੰਦਾ ਹੈ। ਪਰ ਇਸ ਪਿੱਛੇ ਅਸਲ ਕਹਾਣੀ ਕੀ ਹੈ, ਉਸ ਤੋਂ ਸਿਵਾ ਹੋਰ ਕੋਈ ਨਹੀਂ ਸੀ ਜਾਣਦਾ। ਜਦੋਂ ਉਹ ਫੌਜ ਵਿਚੋਂ ਰਿਟਾਇਰ ਹੋ ਕੇ ਪਿੰਡ ਆਇਆ ਸੀ ਤਾਂ ਉਸ ਨੇ ਇਸ ਜ਼ਖ਼ਮ ਬਾਰੇ ਸਭ ਨੂੰ ਇਕੋ ਕਹਾਣੀ ਦੱਸੀ ਸੀ।

"ਇਕ ਦਿਨ ਸਾਡੀ ਪਲਟਨ ਜੰਮੂ ਕਸ਼ਮੀਰ 'ਚ ਬਾਡਰ ਦੇ ਨਾਲ ਨਾਲ ਗਸ਼ਤ ਕਰ ਰਹੀ ਸੀ। ਅਚਾਨਕ ਸਾਡੇ 'ਤੇ ਗੋਲੀਬਾਰੀ ਸ਼ੁਰੂ ਹੋ ਗਈ। ਅਸੀਂ ਪੂਰੇ ਹੌਂਸਲੇ ਨਾਲ ਮੋੜਵਾਂ ਜਵਾਬ ਦਿੱਤਾ ਸੀ। ਦੁਸ਼ਮਣ ਪੈਂਦੀਆਂ ਦੇਖ ਕੇ ਵਾਪਿਸ ਪਰਤ ਗਿਆ। ਪਰ ਇਕ ਗੋਲੀ ਮੇਰੀ ਲੱਤ ਨੂੰ ਖਹਿ ਕੇ ਨਿਕਲ ਗਈ ਤੇ ਆਹ ਜ਼ਖ਼ਮ ਜਿਹਾ ਦੇ ਗਈ। ਮੈਨੂੰ ਕੋਈ ਬਹੁਤਾ ਦੁੱਖ ਨਹੀਂ ਏਸ ਜ਼ਖ਼ਮ ਦਾ। ਫੌਜੀਆਂ ਲਈ ਗੋਲੀਆਂ ਦੇ ਜ਼ਖ਼ਮ ਮੈਡਲਾਂ ਬਰੋਬਰ ਹੁੰਦੇ ਐ।", ਉਹ ਹੁੱਬ ਕੇ ਦੱਸਦਾ ਤਾਂ ਸੁਣਨ ਵਾਲਾ ਉਸਦੀ ਬਹਾਦਰੀ ਦੀਆਂ ਤਾਰੀਫ਼ਾਂ ਕਰਦਾ ਨਾ ਥੱਕਦਾ। ਇਹ ਜ਼ਖ਼ਮ ਕਦੇ ਕਦੇ ਠੀਕ ਵੀ ਹੋ ਜਾਂਦਾ ਸੀ, ਪਰ ਫੇਰ ਆਪਣੇ ਆਪ ਹਰਾ ਹੋ ਜਾਂਦਾ। ਚਰਨ ਸਿੰਘ ਇਸ ਜ਼ਖ਼ਮ ਦੀ ਕੋਈ ਬਹੁਤੀ ਪਰਵਾਹ ਵੀ ਨਹੀਂ ਸੀ ਕਰਦਾ। ਨਾ ਤਾਂ ਉਸਨੂੰ ਇਸਦਾ ਕੋਈ ਦਰਦ ਮਹਿਸੂਸ ਹੁੰਦਾ ਸੀ ਤੇ ਨਾ ਹੀ ਉਹ ਇਸ ਤੋਂ ਕੋਈ ਅਲਕਤ ਮੰਨਦਾ ਸੀ। ਕਈ ਵਾਰ ਤਾਂ ਉਹ ਠੀਕ ਹੋਏ ਜ਼ਖ਼ਮ ਨੂੰ ਆਪ ਨਹੁੰਆਂ ਨਾਲ ਖਰੋਚ ਕੇ ਹਰਾ ਕਰ ਲੈਂਦਾ ਸੀ। ਇੰਝ ਲਗਦਾ ਸੀ ਜਿਵੇਂ ਉਹ ਇਸ ਜ਼ਖ਼ਮ ਨੂੰ ਠੀਕ ਹੀ ਨਾ ਹੋਣ ਦੇਣਾ ਚਾਹੁੰਦਾ ਹੋਵੇ।

ਇਹ ਗੱਲ ਕਈ ਵਰ੍ਹੇ ਪੁਰਾਣੀ ਹੈ ਜਦੋਂ ਚਰਨ ਸਿੰਘ ਮੁੱਛ-ਫੁੱਟ ਗੱਭਰੂ ਹੁੰਦਾ ਸੀ। ਉੱਚਾ ਲੰਬਾ ਛੈਲ ਛਬੀਲਾ, ਦੇਖ ਕੇ ਭੁੱਖ ਲਹਿੰਦੀ ਸੀ। ਪੱਗ ਦੀ ਥਾਂ ਜੇ ਵਾਲ਼ ਕੱਟੇ ਹੋਣ ਤਾਂ ਕਿਸੇ ਵਲਾਇਤੋਂ ਆਏ ਗੋਰੇ ਦਾ ਭੁਲੇਖਾ ਪਾਉਂਦਾ ਸੀ। ਗੋਰਾ ਨਿਛੋਹ ਰੰਗ। ਜਵਾਨੀ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਜਿਧਰੋਂ ਵੀ ਲੰਘ ਜਾਂਦਾ ਸੀ, ਲੋਕ ਖੜ ਖੜ ਗੱਲਾਂ ਕਰਦੇ।

"ਬਈ ਹੁਕਮੇ ਤਖਾਣ ਦਾ ਮੁੰਡਾ ਤਾਂ ਬੜਾ ਚੋਬਰ ਨਿਕਲਿਆ।"

"ਆਹੋ। ਕਹਿੰਦੇ ਕਬੱਡੀ 'ਚ ਵੀ ਚੰਗੇ ਹੱਥ ਦਿਖਾਉਂਦੈ।"

"ਬਾਜ਼ ਵਾਂਗ ਫੁਰਤੀਲਾ, ਅੱਜ ਤੱਕ ਕਿਸੇ ਜਾਫੀ ਦੇ ਹੱਥ ਨੀ ਆਇਆ।"

"ਇਹ ਕਰੂ ਆਪਣੇ ਪਿੰਡ ਦੀ ਚੜ੍ਹਾਈ ਇਕ ਦਿਨ। ਦੇਖੀ ਜਾਇਓ।"

ਸੱਥ ਵਿਚ ਬੈਠੇ ਮੋਹਤਬਰ ਅਕਸਰ ਉਸਦੀਆਂ ਗੱਲਾਂ ਕਰਦੇ ਸਨ। ਪਿੰਡ ਦੇ ਸਕੂਲ ਵਿਚ ਹੀ ਉਹ ਦਸਵੀਂ ਵਿਚ ਪੜ੍ਹਦਾ ਸੀ। ਇਹ ਸਕੂਲ ਦੋ ਪਿੰਡਾਂ ਦਾ ਸਾਂਝਾ ਸਕੂਲ ਸੀ। ਦੋਵਾਂ ਪਿੰਡਾਂ ਦੇ ਮੁੰਡੇ-ਕੁੜੀਆਂ ਏਥੇ ਪੜ੍ਹਨ ਆਉਂਦੇ ਸਨ। ਚੜ੍ਹਦੀ ਜਵਾਨੀ ਦੇ ਸੱਜਰੇ ਇਸ਼ਕ ਨੇ ਮੁਹੱਬਤਾਂ ਦੇ ਆਸਮਾਨ ਵਿਚ ਪਹਿਲੀ ਉਡਾਰੀ ਇਥੇ ਹੀ ਭਰੀ ਸੀ।

ਨਾਲ ਦੇ ਪਿੰਡ ਸ਼ੇਰਪੁਰੇ ਤੋਂ ਇਕ ਕੁੜੀ ਪੰਮੀ, ਉਸਦੇ ਨਾਲ ਦਸਵੀਂ ਜਮਾਤ ਵਿਚ ਪੜ੍ਹਨ ਲੱਗੀ ਸੀ। ਪੰਮੀ ਆਪਣੇ ਮਾਮਿਆਂ ਕੋਲ ਰਹਿ ਕੇ ਪੜ੍ਹ ਰਹੀ ਸੀ। ਨੌਵੀਂ ਤੱਕ ਉਹ ਆਪਣੇ ਪਿੰਡ ਹੀ ਪੜ੍ਹੀ ਸੀ। ਪਰ ਕਿਸੇ ਪਰਿਵਾਰਕ ਜ਼ਿੱਦ ਬੈਂਸ ਦੇ ਕਾਰਣ, ਉਸਦੇ ਮਾਪਿਆਂ ਨੇ ਉਸ ਨੂੰ ਨਾਨਕੇ ਘਰ ਭੇਜ ਦਿੱਤਾ ਸੀ। ਉਸਦਾ ਨਾਨਾ ਪਿੰਡ ਦਾ ਸਰਪੰਚ ਸੀ ਜਿਸ ਨੂੰ ਸਾਰੇ ਦਾਰੀ ਸਰਪੰਚ ਆਖਦੇ ਸਨ। ਪੰਮੀ ਰੰਗ ਦੀ ਭਾਵੇਂ ਕਣਕਵੰਨੀ ਸੀ, ਪਰ ਨੈਣ-ਨਕਸ਼ਾਂ ਦੀ ਤਿੱਖੀ ਸੀ। ਪੰਜਾਬੀ ਸੂਟ ਪਾ ਕੇ ਉਹ ਫ਼ਿਲਮੀ ਐਕਟਰਨੀਆਂ ਨੂੰ ਮਾਤ ਪਾਉਂਦੀ ਸੀ।

ਜਿਵੇਂ ਕਹਿੰਦੇ ਨੇ ਕਿ ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਐ। ਚਰਨ ਤੇ ਪੰਮੀ ਨੂੰ ਇਕ ਦੂਜੇ ਨਾਲ ਦੇਖਦਿਆਂ ਹੀ ਪਿਆਰ ਹੋ ਗਿਆ ਸੀ। ਉਹਨਾਂ ਨੂੰ ਇਹ ਸੋਚਣ ਦਾ ਵੀ ਮੌਕਾ

ਨਹੀਂ ਸੀ ਮਿਲਿਆ ਕਿ ਇਸ ਪਿਆਰ ਦਾ ਹਸ਼ਰ ਕੀ ਹੋਵੇਗਾ। ਦੁਨੀਆਂ ਦੀਆਂ ਨਜ਼ਰਾਂ ਤੋਂ ਚੋਰੀ ਉਹਨਾਂ ਦਾ ਇਕ ਦੂਜੇ ਨੂੰ ਤੱਕਣਾ ਤੇ ਤੱਕ ਕੇ ਮੁਸਕਰਾਉਣਾ, ਦੋਵਾਂ ਲਈ ਆਨੰਦਮਈ ਹੋ ਗਿਆ ਸੀ। ਪਿਆਰ ਦੀ ਠੰਡੀ ਠੰਡੀ ਹਵਾ ਵਿਚ ਦੋਵਾਂ ਦੀ ਮੁਹੱਬਤ ਦਾ ਬੂਟਾ ਖ਼ੂਬ ਹੁਲਾਰੇ ਲੈਣ ਲੱਗ ਪਿਆ ਸੀ। ਚੜ੍ਹਦੀ ਵਰੇਸ ਵਿਚ ਜਵਾਨ ਦਿਲਾਂ ਦੇ ਜਜ਼ਬਾਤ ਬੇਕਾਬੂ ਹੋ ਰਹੇ ਸਨ। ਅੱਖਾਂ ਦੇ ਇਸ਼ਾਰਿਆਂ ਨੇ ਦੋਵਾਂ ਦੇ ਦਿਲਾਂ ਦੀ ਕਹਾਣੀ ਇਕ ਦੂਜੇ ਨੂੰ ਸਾਫ਼-ਸਾਫ਼ ਸੁਣਾ ਦਿੱਤੀ ਸੀ। ਦਿਲਾਂ ਦੀ ਜ਼ੁਬਾਨ ਹੌਲੀ-ਹੌਲੀ ਕਾਗਜ਼ਾਂ ਦੀ ਹਿੱਕ 'ਤੇ ਗਿੱਧਾ ਪਾਉਣ ਲੱਗ ਪਈ। ਇਸ਼ਾਰਿਆਂ ਤੋਂ ਹੁੰਦੀ ਹੋਈ ਦਿਲਾਂ ਦੀ ਗੱਲ ਚਿੱਠੀਆਂ ਤੱਕ ਪਹੁੰਚ ਗਈ ਸੀ। ਚਿੱਠੀਆਂ ਰਾਹੀਂ ਤੁਰਦੀ ਇਹ ਗੱਲਬਾਤ ਕਦੋਂ ਦੋਵੇਂ ਇਕ ਦੂਜੇ ਦੇ ਨਾਲ ਬੈਠ ਕੇ ਕਰਨ ਲੱਗ ਪਏ, ਦੋਵਾਂ ਨੂੰ ਪਤਾ ਨਹੀਂ ਲੱਗਿਆ ਸੀ। ਜਦੋਂ ਵੀ ਉਹ ਇਕੱਠੇ ਬੈਠਦੇ, ਇਕ ਦੂਜੇ ਨਾਲ ਜ਼ਿੰਦਗੀ ਭਰ ਦਾ ਸਾਥ ਨਿਭਾਉਣ ਦੀਆਂ ਕਸਮਾਂ ਖਾਂਦੇ।

"ਪੰਮੀਏ, ਤੈਨੂੰ ਰੱਬ ਨੇ ਮੇਰੇ ਲਈ ਹੀ ਬਣਾ ਕੇ ਇਸ ਧਰਤੀ 'ਤੇ ਭੇਜਿਐ। ਮੈਂ ਤੈਨੂੰ ਆਪਣੇ ਤੋਂ ਵੱਖ ਨਹੀਂ ਹੋਣ ਦੇਵਾਂਗਾ। ਬੱਸ ਤੂੰ...।", ਚਰਨ ਪੰਮੀ ਦਾ ਹੱਥ ਆਪਣੇ ਹੱਥਾਂ ਵਿਚ ਫੜ੍ਹ ਕੇ ਆਖਦਾ।

"ਬੱਸ ਕੀ?", ਪੰਮੀ ਦੇ ਮੱਥੇ ਦੀਆਂ ਤਿਉੜੀਆਂ ਗਹਿਰੀਆਂ ਹੋ ਜਾਂਦੀਆਂ।

"ਬੱਸ ਤੂੰ ਮੈਥੋਂ ਕਦੇ ਇਹ ਹੱਥ ਛੁਡਾ ਕੇ ਨਾਂ ਭੱਜੀਂ।", ਉਸਨੇ ਪੰਮੀ ਦਾ ਹੱਥ ਆਪਣੇ ਦੋਵਾਂ ਹੱਥਾਂ ਵਿਚ ਘੁੱਟਦਿਆਂ ਆਖਿਆ।

"ਜਿੰਨਾ ਤੂੰ ਮੈਨੂੰ ਪਿਆਰ ਕਰਦੈਂ, ਉਸ ਤੋਂ ਕਿਤੇ ਵੱਧ ਮੈਂ ਤੈਨੂੰ ਕਰਦੀ ਆਂ।", ਪੰਮੀ ਨੇ ਉਸਦੀਆਂ ਅੱਖਾਂ ਵਿਚ ਅੱਖਾਂ ਪਾਉਂਦਿਆਂ ਜਵਾਬ ਦਿੱਤਾ।

"ਸਾਡਾ ਸਮਾਜ ਮੁਹੱਬਤਾਂ ਦਾ ਮੁੱਢ ਤੋਂ ਵੈਰੀ ਰਿਹਾ ਹੈ। ਉਪਰੋਂ ਆਪਣੀ ਤਾਂ ਜਾਤ ਵੀ ਇੱਕ ਨਹੀਂ। ਆਪਣੇ ਲਈ ਇਹ ਰਾਹ ਆਮ ਨਾਲੋਂ ਵੀ ਔਖਾ ਹੋਵੇਗਾ। ਕੀ ਤੂੰ ਇਸ ਵਿਚ ਮੇਰੇ ਨਾਲ ਰਹੇਂਗੀ।", ਚਰਨ ਨੇ ਆਪਣੇ ਦਿਲ ਦਾ ਤੌਖਲਾ ਪੰਮੀ ਨਾਲ ਸਾਂਝਾ ਕੀਤਾ।

"ਇਸ਼ਕ ਦੀ ਤਾਂ ਇਕੋ ਜਾਤ ਹੁੰਦੀ ਐ ਚਰਨ। ਪਿਆਰ-ਮੁਹੱਬਤ ਤੋਂ ਉੱਚੀ ਕੋਈ ਜਾਤ ਨਹੀਂ। ਇਹ ਜਿੰਦ ਤੇਰੇ ਨਾਂ ਲਿਖ ਦਿੱਤੀ ਐ। ਹਰ ਰਾਹ 'ਤੇ ਇਕੱਠੇ ਹੀ ਤੁਰਾਂਗੇ। ਜੋ ਹੋਵੇਗਾ ਦੇਖੀ ਜਾਵੇਗੀ।", ਪੰਮੀ ਨੇ ਵਾਅਦਾ ਕਰ ਲਿਆ ਸੀ।

ਪਿਆਰ ਦੀ ਇਹ ਹਵਾ ਜਦੋਂ ਹਨ੍ਹੇਰੀ ਦਾ ਰੂਪ ਧਾਰ ਗਈ ਤਾਂ ਗੱਲਾਂ ਹੋਣੀਆਂ ਲਾਜ਼ਮੀ ਸਨ। ਕੰਧਾਂ-ਕੌਲ਼ੇ ਟੱਪਦੀਆਂ ਗੱਲਾਂ ਪੰਮੀ ਦੇ ਮਾਪਿਆਂ ਦੇ ਵਿਹੜੇ ਵੀ ਪਹੁੰਚ ਗਈਆਂ। ਉਸ ਦਿਨ ਉਹਨਾਂ ਦਾ ਦਸਵੀਂ ਕਲਾਸ ਦਾ ਆਖਰੀ ਪੇਪਰ ਸੀ। ਆਮ ਵਾਂਗ ਚਰਨ ਆਪਣੇ ਸਾਇਕਲ 'ਤੇ ਆਪਣੇ ਪਿੰਡ ਵੱਲ ਪਰਤ ਰਿਹਾ ਸੀ। ਹਾਲੇ ਉਹ ਸਕੂਲ ਤੋਂ ਥੋੜ੍ਹੀ ਦੂਰ ਹੀ ਆਇਆ ਸੀ ਕਿ ਪੰਮੀ ਦੇ ਮਾਮਿਆਂ ਨੇ ਟਰੈਕਟਰ ਉਸਦੇ ਸਾਇਕਲ ਦੇ ਅੱਗੇ ਲਿਆ ਕੇ ਰੋਕ ਲਿਆ ਸੀ। ਪਹਿਲਾਂ ਤਾਂ ਚਰਨ ਨੂੰ ਕੁਝ ਸਮਝ ਨਾ ਆਇਆ।

"ਕਿਉਂ ਓਏ ਤਖਾਣਾਂ। ਬਣਾਈਏ ਤੈਨੂੰ ਰਾਂਝੇ ਦਾ ਚੇਲਾ।", ਕਹਿੰਦਿਆਂ ਜਦੋਂ ਇਕ ਬੰਦੇ ਨੇ ਉਸ ਦੇ ਸਾਇਕਲ ਦੇ ਅਗਲੇ ਚੱਕੇ ਨੂੰ ਲੱਤ ਮਾਰੀ ਤਾਂ ਉਸ ਨੂੰ ਗੱਲ ਸਮਝਦਿਆਂ ਬਹੁਤੀ ਦੇਰ ਨਾ ਲੱਗੀ।

ਇਸ ਤੋਂ ਪਹਿਲਾਂ ਉਹ ਕੁਝ ਕਰਦਾ, ਦੂਸਰੇ ਬੰਦੇ ਨੇ ਉਤਰਦਿਆਂ ਹੀ ਮੋਟੀ ਡਾਂਗ ਉਸਦੀ ਪਿੱਠ 'ਤੇ ਮਾਰੀ, "ਸਾਲ਼ੀ ਗੁੱਲੀ ਘੜ ਜਾਤ ਸਾਡੀਆਂ ਧੀਆਂ-ਭੈਣਾਂ ਤੇ ਅੱਖ ਰੱਖਦੀ ਐ।"

ਡਾਂਗ ਵਜਦਿਆਂ ਹੀ ਚਰਨ ਦੀ ਲੇਰ ਨਿਕਲ ਗਈ।

"ਬੱਸ ਇੱਕ 'ਚ ਲੇਰਾਂ ਨਿੱਕਲਗੀਆਂ। ਹਾਲੇ ਤਾਂ ਸ਼ੁਰੂ ਵੀ ਨੀ ਹੋਏ ਸਹੁਰੀ ਦਿਆ।", ਕਹਿੰਦਿਆਂ ਦੂਸਰੇ ਬੰਦੇ ਨੇ ਡਾਂਗ ਨਾਲ ਹੋਰ ਵਾਰ ਕੀਤੇ।

ਚਰਨ ਸੜਕ ਕਿਨਾਰੇ ਪਿਆ ਚੀਕਾਂ ਮਾਰ ਰਿਹਾ ਸੀ। ਪਰ ਉਸ ਦੀਆਂ ਚੀਕਾਂ ਸੁਨਣ ਵਾਲਾ ਆਸੇ-ਪਾਸੇ ਕੋਈ ਵੀ ਨਹੀਂ ਸੀ। ਡਾਂਗਾਂ ਦੇ ਵਾਰਾਂ 'ਚ ਉਸ ਦੀਆਂ ਚੀਕਾਂ ਕਿਧਰੇ ਗੁਆਚ ਗਈਆਂ ਸਨ। ਹੌਲੀ-ਹੌਲੀ ਉਸ ਦੀਆਂ ਚੀਕਾਂ ਬੰਦ ਹੋ ਗਈਆਂ ਸਨ।

"ਓਏ ਕਿਤੇ ਮਰ ਤਾਂ ਨੀ ਗਿਆ?", ਇਕ ਬੰਦੇ ਨੇ ਡਾਂਗ ਪਾਸੇ ਰੱਖ ਕੇ ਚਰਨ ਨੂੰ ਨੇੜੇ ਹੋ ਕੇ ਦੇਖਿਆ।

"ਇਹਦੇ ਆਲੀ ਤਾਂ ਘੁੱਗੀ ਅੱਜ ਚਿੱਤ ਕਰਕੇ ਜਾਵਾਂਗੇ।", ਕਹਿੰਦਿਆਂ ਪਹਿਲੇ ਬੰਦੇ ਨੇ ਦੋ ਤਿੰਨ ਡਾਂਗਾਂ ਹੋਰ ਮਾਰੀਆਂ।

"ਜਾਨੋਂ ਨੀ ਮਾਰਨਾ। ਬਾਪੂ ਨੇ ਕਿਹਾ ਸੀ ਐਨਾ ਕੁ ਕੁੱਟਿਓ, ਬਈ ਮਰੇ ਵੀ ਨਾ ਤੇ ਜਿਉਣ ਜੋਗਾ ਵੀ ਨਾ ਰਹੇ।", ਪਹਿਲੇ ਆਦਮੀ ਨੇ ਦੂਸਰੇ ਨੂੰ ਰੋਕਦਿਆਂ ਕਿਹਾ।

ਉਹ ਚਰਨ ਦੀ ਸੱਜੀ ਲੱਤ ਤੇ ਆਖਰੀ ਡਾਂਗ ਮਾਰ ਕੇ ਟਰੈਕਟਰ ਸਟਾਰਟ ਕਰ ਤੁਰਦੇ ਬਣੇ। ਕੁਝ ਦੇਰ ਪਿੱਛੋਂ ਕਿਸੇ ਰਾਹਗੀਰ ਨੇ ਉਸਨੂੰ ਸੜਕ ਕਿਨਾਰੇ ਪਏ ਨੂੰ ਦੇਖਿਆ ਤੇ ਉਸਨੂੰ ਹੋਸ਼ ਵਿਚ ਲਿਆਂਦਾ।

"ਫੌਜੀਆ ਕਿਮੇਂ ਸੋਚੀਂ ਪਿਆ ਹੋਇਐਂ?", ਪਿੰਡ ਦੇ ਕਰਤਾਰੇ ਚੌਂਕੀਦਾਰ ਨੇ ਆ ਕੇ ਚਰਨ ਨੂੰ ਸੋਚਾਂ ਦੇ ਘੁਮੇਰ 'ਚੋਂ ਬਾਹਰ ਕੱਢਿਆ।

"ਠੀਕ ਐ ਕਰਤਾਰ ਸਿਆਂ। ਤੂੰ ਸੁਣਾ ਕਿਵੇਂ ਆਉਣੇ ਹੋਏ।", ਚਰਨ ਸਿੰਘ ਮੰਜੇ ਤੇ ਸਿੱਧਾ ਹੁੰਦਾ ਬੋਲਿਆ।

"ਰੱਬ ਦੀ ਮਿਹਰ ਐ ਸਭ। ਮੈਂ ਤਾਂ ਤੈਨੂੰ ਸਰਪੰਚ ਦਾ ਸੁਨੇਹਾ ਦੇਣ ਆਇਆ ਸੀ। ਮਾਰ ਆਈਂ ਗੇੜਾ ਆਥਣ

ਤਾਈਂ।'', ਕਰਤਾਰ ਸਿੰਘ ਨੇ ਸੁਨੇਹਾ ਦਿੰਦਿਆਂ ਕਿਹਾ।

''ਸਰਪੰਚ ਨੂੰ ਕਿਵੇਂ ਯਾਦ ਆ ਗਈ ਚਾਣਚੱਕ ਅੱਜ।'', ਚਰਨ ਸਿੰਘ ਬੋਲਦਾ ਰਿਹਾ, ''ਹੁਣ ਤਾਂ ਵੋਟਾਂ ਦਾ ਟੈਮ ਵੀ ਨੇੜੇ ਨੀ।''

''ਵੋਟਾਂ ਵੇਲੇ ਤਾਂ ਚਰਨ ਸਿਆਂ ਇਹ ਆਪ ਚੱਲ ਕੇ ਆਉਂਦੇ ਨੇ। ਉਦੋਂ ਨੀ ਇਹ ਸੱਦੇ ਭੇਜਦੇ ਕਿਸੇ ਨੂੰ।'', ਕਹਿੰਦਿਆਂ ਚੌਕੀਦਾਰ ਸਾਇਕਲ ਨੂੰ ਪੈਡਲ ਮਾਰ ਕੇ ਗਲ਼ੀ ਦਾ ਮੋੜ ਮੁੜ ਗਿਆ। ਚਰਨ ਸਿੰਘ ਦੁਬਾਰਾ ਫੇਰ ਮੰਜੇ 'ਤੇ ਟੇਢਾ ਹੋ ਗਿਆ।

ਕੁੱਟ ਦਾ ਝੰਬਿਆ ਉਹ ਕਿੰਨੇ ਦਿਨ ਅੰਦਰੋਂ ਨਹੀਂ ਸੀ ਨਿਕਲਿਆ। ਇਸ ਗੱਲ ਦੀ ਉਸਨੇ ਕਿਸੇ ਕੋਲ ਭਾਫ਼ ਤੱਕ ਨਹੀਂ ਸੀ ਕੱਢੀ। ਘਰਦਿਆਂ ਨੂੰ ਵੀ ਕੋਲੋਂ ਘੜ ਕੇ ਕਹਾਣੀ ਸੁਣਾ ਦਿੱਤੀ ਸੀ, ''ਸਾਇਕਲ ਮੈਂ ਚੌੜ ਚੌੜ 'ਚ ਤੇਜ਼ ਭਜਾ ਲਿਆ। ਸੜਕ 'ਤੇ ਵੱਟਾ ਪਿਆ ਮੈਨੂੰ ਦਿਖਿਆ ਨਾ। ਵੱਟੇ ਨੇ ਸਾਇਕਲ ਪੁੱਠਾ ਕਰਤਾ ਤੇ ਮੈਂ ਗਲ਼ ਪਰਨੇ ਸੜਕ 'ਤੇ ਜਾ ਡਿੱਗਿਆ।'', ਉਸਨੇ ਸਭ ਨੂੰ ਏਹੋ ਰਾਮ ਕਹਾਣੀ ਦੱਸੀ ਸੀ।

ਅੰਦਰ ਬੈਠਾ ਉਹ ਤਰ੍ਹਾਂ ਤਰ੍ਹਾਂ ਦੀਆਂ ਸੋਚਾਂ 'ਤੇ ਸਵਾਰ ਹੁੰਦਾ ਰਹਿੰਦਾ। ਉਸਨੂੰ ਅਜਿਹੀ ਘਟਨਾ ਦੀ ਕੋਈ ਆਸ ਨਹੀਂ ਸੀ। ਕਦੇ ਕਦੇ ਉਸ ਦਾ ਮਨ ਕਰਦਾ ਪੰਮੀ ਦੇ ਮਾਮਿਆਂ ਦੇ ਘਰ ਨੂੰ ਅੱਗ ਲਾ ਦੇਵੇ। ਬਦਲੇ ਦੀ ਅੱਗ ਉਸਦੇ ਦਿਮਾਗ 'ਚੋਂ ਸੇਕ ਨਿਕਲਣ ਲਾ ਦਿੰਦੀ ਸੀ। ਉਸਦਾ ਬਦਲਾ ਹਮੇਸ਼ਾਂ ਉਸ ਦੀਆਂ ਸੋਚਾਂ ਨਾਲ ਹੀ ਖਤਮ ਹੋ ਜਾਂਦਾ ਸੀ। ਕਦੇ ਉਹ ਪੰਮੀ ਬਾਰੇ ਸੋਚਦਾ, ਉਸਦਾ ਕੀ ਹਾਲ ਕੀਤਾ ਹੋਣਾ ਉਸਦੇ ਮਾਮਿਆਂ ਨੇ। ਕਿਧਰੇ ਮਾਰ ਹੀ ਨਾ ਦਿੱਤੀ ਹੋਵੇ। ਸੋਚ ਕੇ ਉਸ ਨੂੰ ਭਮੱਤਰੀ ਜਿਹੀ ਆ ਜਾਂਦੀ। ਕਈ ਵਾਰ ਉਸ ਦਾ ਦਿਲ ਕਰਦਾ ਕੇ ਪੰਮੀ ਦਾ ਹਾਲ ਪੁੱਛਣ ਉਸਦੇ ਮਾਮਿਆਂ ਦੇ ਘਰ ਵੱਲ ਗੇੜਾ ਮਾਰੇ। ਪਰ ਡਾਂਗਾਂ ਦੀ ਕੁੱਟ ਯਾਦ ਆਉਂਦਿਆਂ ਹੀ ਉਹ ਇਹ ਵਿਚਾਰ ਥਾਂਏ ਤਿਆਗ ਦਿੰਦਾ। ਭਾਵੇਂ ਉਸ ਨਾਲ ਜੋ ਹੋਇਆ ਉਸ ਬਾਰੇ ਕਿਸੇ ਨੂੰ ਕੋਈ ਇਲਮ ਨਹੀਂ ਸੀ ਪਰ ਫੇਰ ਵੀ ਉਹ ਬਾਹਰ ਨਿਕਲਣ ਤੋਂ ਕੰਨੀ ਕਤਰਾਉਂਦਾ ਸੀ। ਪਤਾ ਨਹੀਂ ਕਿਉਂ ਉਸਨੂੰ ਲਗਦਾ ਸੀ ਕੇ ਸਾਰੇ ਪਿੰਡ ਨੂੰ ਇਸ ਘਟਨਾ ਬਾਰੇ ਖ਼ਬਰ ਹੋ ਗਈ। ਆਪਣੇ ਆਪ ਤੋਂ ਮੂੰਹ ਛੁਪਾਉਂਦੇ ਉਸਨੇ ਇਸੇ ਤਰ੍ਹਾਂ ਮਹੀਨੇ ਤੋਂ ਉੱਤੇ ਦਾ ਸਮਾਂ ਅੰਦਰ ਲੁਕ ਕੇ ਹੀ ਲੰਘਾ ਲਿਆ। ਉਸਦਾ ਦਸਵੀਂ ਦਾ ਨਤੀਜਾ ਆ ਗਿਆ ਸੀ। ਉਹ ਚੰਗੇ ਨੰਬਰਾਂ ਨਾਲ ਪਾਸ ਹੋ ਗਿਆ ਸੀ। ਇਹ ਖ਼ਬਰ ਵੀ ਉਸਦਾ ਬਾਪੂ ਹੀ ਲੈ ਕੇ ਆਇਆ ਸੀ ਸਕੂਲੋਂ। ਉਸ ਘਟਨਾ ਨੇ ਉਸਨੂੰ ਐਨਾ ਤੋੜ ਕੇ ਰੱਖ ਦਿੱਤਾ ਸੀ ਕਿ ਉਹ ਅੱਗੇ ਪੜ੍ਹਨ ਦਾ ਵਿਚਾਰ ਵੀ ਤਿਆਗ ਚੁੱਕਾ ਸੀ। ਸ਼ਹਿਰ ਵਿਚ ਫੌਜ ਦੀ ਚੱਲ ਰਹੀ ਭਰਤੀ ਦੀ ਗੱਲ ਜਿਉਂ ਹੀ ਉਸਦੇ ਕੰਨੀਂ ਪਈ, ਉਹ ਝੱਟ ਤਿਆਰ ਹੋ ਕੇ ਭਰਤੀ ਲਈ ਪਹੁੰਚ ਗਿਆ। ਕਬੱਡੀ 'ਚ ਕਮਾਏ ਸਰੀਰ ਤੇ ਦਸਵੀਂ 'ਚੋਂ ਲਏ ਚੰਗੇ ਨੰਬਰਾਂ ਨੇ ਉਸਨੂੰ ਫੌਜ 'ਚ ਭਰਤੀ ਹੋਣ ਲਈ ਆਸਾਨੀ ਕਰ ਦਿੱਤੀ ਸੀ।

''ਫੌਜ ਦੀ ਨੌਕਰੀ ਬੜੀ ਔਖੀ ਹੁੰਦੀ ਐ ਚਰਨਿਆ। ਤੂੰ ਕੋਈ ਹੋਰ ਕੰਮ-ਧੰਦਾ ਦੇਖ ਲੈਂਦਾ।'', ਉਸ ਦੀ ਬੇਬੇ ਨੇ ਸਮਝੌਤੀ ਦਿੱਤੀ ਸੀ। ਪਰ ਉਹ ਤਾਂ ਪਿੰਡ ਤੋਂ ਦੂਰ ਜਾਣਾ ਚਾਹੁੰਦਾ ਸੀ। ਉਸ ਨੇ ਕਿਸੇ ਦੀ ਕੋਈ ਗੱਲ ਨਾ ਸੁਣੀ ਤੇ ਚਰਨ ਸਿੰਘ ਤੋਂ ਫੌਜੀ ਚਰਨ ਸਿੰਘ ਬਣ ਗਿਆ। ਫੌਜ ਦੀ ਪੰਦਰਾਂ ਸਾਲ ਦੀ ਨੌਕਰੀ 'ਚ ਉਹ ਬਹੁਤ ਘੱਟ ਘਰ ਆਇਆ ਸੀ। ਜੇ ਆਉਂਦਾ ਵੀ ਤਾਂ ਅੰਦਰੋਂ ਬਾਹਰ ਨਾ ਨਿਕਲਦਾ। ਉਸਦੇ ਮਾਂ-ਬਾਪ ਉਸ ਨੂੰ ਵਿਆਹ ਲਈ ਮਨਾਉਂਦੇ ਇਕ ਇਕ ਕਰਕੇ ਜਹਾਨ ਤੋਂ ਕੂਚ ਕਰ ਗਏ, ਪਰ ਉਸ ਨੇ ਵਿਆਹ ਲਈ ਪੈਰ ਨਾ ਲਾਏ। ਜਦੋਂ ਵੀ ਕੋਈ ਉਸ ਨਾਲ ਵਿਆਹ ਦੀ ਗੱਲ ਕਰਦਾ, ਪੰਮੀ ਦਾ ਚਿਹਰਾ ਉਸਦੇ ਦਿਮਾਗ ਨੂੰ ਸੁੰਨ ਕਰ ਦਿੰਦਾ। ਉਹ ਹੁਣ ਵਿਆਹ ਵਾਲੇ ਝੰਜਟ 'ਚ ਉੱਕਾ ਹੀ ਪੈਣਾ ਨਹੀਂ ਸੀ ਚਾਹੁੰਦਾ। ਫੌਜ 'ਚੋਂ ਰਿਟਾਇਰ ਹੋ ਕੇ ਉਹ ਥੋੜ੍ਹਾ ਸਮਾਂ ਪਿੰਡ ਰਿਹਾ। ਘਰ ਦਾ ਮੂੰਹ-ਮੱਥਾ ਸੰਵਾਰਿਆ। ਲੋਕਾਂ ਵਿਚ ਵਿਚਰਣ ਲੱਗਾ। ਪਰ ਵਿਹਲੇ ਦਾ ਉਸਦਾ ਸਮਾਂ ਨਹੀਂ ਸੀ ਗੁਜਰਦਾ। ਉਸ ਅੰਦਰਲਾ ਫੌਜੀ ਉਸ ਨੂੰ ਟਿਕ ਕੇ ਨਹੀਂ ਸੀ ਬੈਠਣ ਦੇ ਰਿਹਾ। ਇਸ ਦਾ ਹੱਲ ਕਰਨ ਲਈ ਉਹ ਨੌਕਰੀ ਲੱਭਣ ਲੱਗ ਪਿਆ। ਸਾਬਕਾ ਫੌਜੀ ਹੋਣ ਕਾਰਨ ਉਸ ਨੂੰ ਸ਼ਹਿਰ ਦੀ ਇਕ ਬੈਂਕ ਵਿਚ ਗਾਰਡ ਦੀ ਨੌਕਰੀ ਮਿਲ ਗਈ। ਹੁਣ ਉਸਦਾ ਸਮਾਂ ਵਧੀਆ ਲੰਘਣ ਲੱਗਾ। ਸਵੇਰੇ ਘਰੋਂ ਮੋਟਰਸਾਇਕਲ 'ਤੇ ਨਿਕਲਦਾ ਤੇ ਦਿਨ ਦੇ ਛੁਪਾ ਤੋਂ ਪਹਿਲਾਂ ਪਿੰਡ ਆ ਪਹੁੰਚਦਾ। ਪੰਜ ਦਿਨ ਦੀ ਨੌਕਰੀ ਸੀ ਤੇ ਸ਼ਨੀਵਾਰ ਐਤਵਾਰ ਦੀ ਛੁੱਟੀ।

''ਫੌਜੀਆ ਤੂੰ ਗਿਆ ਨੀ ਮੇਰੇ ਅਰ ਸਰਪੰਚ ਵੱਲ। ਉਹਨੇ ਦੁਬਾਰਾ ਸੁਨੇਹਾ ਭੇਜਿਆ ਹੁਣ। ਕਹਿੰਦਾ ਨਾਲ ਈ ਲੈ ਕੇ ਆਈਂ।'', ਕਰਤਾਰਾ ਚੌਂਕੀਦਾਰ ਨੇ ਸਾਇਕਲ ਉਸਦੇ ਮੰਜੇ ਕੋਲ ਆ ਖੜਾਇਆ।

''ਓਏ ਐਡੀ ਕੀ ਆਫ਼ਤ ਆ ਗਈ ਅੱਜ। ਚੱਲ ਚਲਦੇ ਆਂ।'', ਚਰਨ ਸਿੰਘ ਉੱਠ ਕੇ ਕਰਤਾਰੇ ਨਾਲ ਤੁਰ ਪਿਆ।

''ਸਰਪੰਚ ਕਹਿੰਦਾ ਸੀ ਕੋਈ ਬੰਦੇ ਆਏ ਆ। ਪਿੱਛੇ ਜਿਹੇ ਜਿਹੜੀ ਲੁੱਟ ਹੋਈ ਸੀ ਤੇਰੀ ਬੈਂਕ 'ਚ, ਉਹਦੇ ਬਾਬਤ ਕੋਈ ਗੱਲ ਕਰਨੀ ਐ।'', ਕਰਤਾਰਾ ਉਸਦੇ ਨਾਲ ਨਾਲ ਸਾਇਕਲ ਰੋੜ੍ਹਦਾ ਜਾ ਰਿਹਾ ਸੀ। ਕੁਝ ਮਹੀਨੇ ਪਹਿਲਾਂ ਜਿਸ ਬੈਂਕ ਵਿਚ ਚਰਨ ਸਿੰਘ ਗਾਰਡ ਦੀ ਨੌਕਰੀ ਕਰਦਾ ਸੀ, ਉਥੇ ਡਾਕਾ ਪੈ ਗਿਆ ਸੀ। ਤਿੰਨ-ਚਾਰ ਹਥਿਆਰਬੰਦ ਬੰਦਿਆਂ ਨੇ ਬੈਂਕ 'ਤੇ ਹਮਲਾ ਕਰ ਦਿੱਤਾ ਸੀ। ਚਰਨ ਸਿੰਘ ਸਾਹਮਣੇ ਖੋਖੇ 'ਤੇ ਬੈਠਾ ਚਾਹ ਪੀ ਰਿਹਾ ਸੀ। ਜਦੋਂ ਉਸਨੂੰ ਪਤਾ ਲੱਗਿਆ, ਤਾਂ ਉਹ ਭੱਜ ਕੇ ਬੈਂਕ ਵੱਲ ਆਇਆ। ਪਰ ਉਦੋਂ ਤੱਕ ਲੁਟੇਰੇ ਹੱਥ ਸਾਫ਼ ਕਰ ਚੁੱਕੇ ਸਨ। ਚਰਨ ਸਿੰਘ ਨੇ ਮੁਕਾਬਲਾ ਕਰਨ

ਦੀ ਕੋਸ਼ਿਸ਼ ਜ਼ਰੂਰ ਕੀਤੀ ਸੀ, ਪਰ ਲੁਟੇਰੇ ਜ਼ਿਆਦਾ ਹੋਣ ਕਾਰਨ ਉਸ 'ਤੇ ਭਾਰੀ ਪੈ ਗਏ ਸਨ। ਜਾਂਦੇ ਹੋਏ ਉਹ ਚਰਨ ਸਿੰਘ ਨੂੰ ਵੀ ਜ਼ਖ਼ਮੀ ਕਰ ਗਏ ਤੇ ਉਸਦੀ ਬੰਦੂਕ ਵੀ ਖੋਹ ਕੇ ਲੈ ਗਏ ਸਨ। ਪਰ ਚਰਨ ਸਿੰਘ ਨੇ ਲੁਟੇਰਿਆਂ ਦੀ ਕਾਰ ਦਾ ਨੰਬਰ ਯਾਦ ਕਰ ਲਿਆ ਸੀ, ਜਿਸ ਦੇ ਆਧਾਰ 'ਤੇ ਪੁਲਿਸ ਨੇ ਅਗਲੇ ਦਿਨ ਉਹ ਸਾਰੇ ਲੁਟੇਰੇ ਗ੍ਰਿਫ਼ਤਾਰ ਕਰ ਲਏ ਸਨ। ਉਹ ਕੇਸ ਹੁਣ ਕੋਰਟ ਵਿਚ ਸੀ ਤੇ ਚਰਨ ਉਸ ਕੇਸ ਦਾ ਬੈਂਕ ਵੱਲੋਂ ਤੇ ਪੁਲਿਸ ਵੱਲੋਂ ਇਕੋ ਐਸਾ ਗਵਾਹ ਸੀ ਜਿਸਨੇ ਤਿੰਨੇ ਲੁਟੇਰਿਆਂ ਦੀਆਂ ਸ਼ਕਲਾਂ ਦੇਖੀਆਂ ਸਨ।

ਦਸਾਂ ਕੁ ਮਿੰਟਾਂ ਦੀ ਵਾਟ 'ਤੇ ਉਹ ਸਰਪੰਚ ਦੇ ਘਰ ਪਹੁੰਚ ਗਏ।

"ਹੋਰ ਕਿਵੇਂ ਐਂ ਫੌਜੀਆ?", ਸਰਪੰਚ ਨੇ ਚਰਨ ਸਿੰਘ ਨੂੰ ਬੈਠਕ ਅੰਦਰ ਦਾਖਿਲ ਹੁੰਦਿਆਂ ਹੀ ਪੁੱਛਿਆ।

ਬੈਠਕ ਅੰਦਰ ਸਰਪੰਚ ਤੋਂ ਇਲਾਵਾ ਦੋ ਬੰਦੇ ਹੋਰ ਬੈਠੇ ਸੀ। ਇਕ ਚਿੱਟੀ ਖੁੱਲ੍ਹੀ ਦਾਹੜੀ ਵਾਲਾ ਬਜ਼ੁਰਗ ਸੀ ਤੇ ਦੂਸਰਾ ਪੰਦਰਾਂ ਸੋਲਾਂ ਸਾਲਾਂ ਦਾ ਮੁੱਛ-ਫੁੱਟ ਜਵਾਨ।

"ਬੱਸ ਵਧੀਆ ਸਰਪੰਚ ਸਾਬ ਜਿਹੜੀ ਲੰਘੀ ਜਾਂਦੀ ਐ। ਮਿਹਰਾਂ ਦਾਤੇ ਦੀਆਂ।", ਚਰਨ ਸਿੰਘ ਨੇ ਸਾਰਿਆਂ ਨਾਲ ਹੱਥ ਮਿਲਾਇਆ ਤੇ ਸਰਪੰਚ ਦੀ ਕੁਰਸੀ ਦੇ ਨਾਲ ਵਾਲੀ ਕੁਰਸੀ 'ਤੇ ਬੈਠ ਗਿਆ। ਦੋਵੇਂ ਪਰਾਏ ਆਦਮੀਆਂ ਦੀਆਂ ਨਜ਼ਰਾਂ ਚਰਨ 'ਤੇ ਟਿਕੀਆਂ ਸਨ। ਉਹ ਬੜੇ ਗਹੁ ਨਾਲ ਉਸ ਵੱਲ ਵੇਖ ਰਹੇ ਸਨ।

"ਚਰਨ ਸਿਆਂ ਤੇਰੇ ਨਾਲ ਜ਼ਰੂਰੀ ਗੱਲ ਕਰਨੀ ਸੀ।", ਸਰਪੰਚ ਨੇ ਚਾਹ ਵਾਲਾ ਕੱਪ ਸਾਹਮਣੇ ਪਏ ਮੇਜ਼ 'ਤੇ ਰੱਖਦਿਆਂ ਕਿਹਾ, "ਇਹ ਆਪਣੇ ਮਿੱਤਰ ਤੇ ਰਿਸ਼ਤੇਦਾਰ ਵੀ, ਸਰਪੰਚ ਸਰਦਾਰ ਸਿੰਘ ਨੇ ਸ਼ੇਰਪੁਰੇ ਤੋਂ।"

ਸ਼ੇਰਪੁਰੇ ਦਾ ਨਾਂ ਸੁਣ ਕੇ ਚਰਨ ਸਿੰਘ ਦਾ ਕੁਰਸੀ 'ਤੇ ਢਿੱਲਾ ਛੱਡਿਆ ਸਰੀਰ ਅਕੜਾ ਵਿਚ ਆ ਗਿਆ।

"ਦਾਰੀ ਸਰਪੰਚ?", ਚਰਨ ਸਿੰਘ ਨੇ ਸਰਪੰਚ ਨੂੰ ਸਵਾਲੀਆ ਨਜ਼ਰਾਂ ਨਾਲ ਦੇਖਿਆ।

"ਆਹੋ, ਦਾਰੀ ਸਰਪੰਚ ਸ਼ੇਰਪੁਰੀਆ। ਮੇਰਾ ਯਾਰ।", ਸਰਪੰਚ ਨੇ ਹੱਸ ਕੇ ਜਵਾਬ ਦਿੱਤਾ।

ਦਾਰੀ ਸਰਪੰਚ ਦਾ ਨਾਂ ਸੁਣ ਕੇ ਚਰਨ ਸਿੰਘ ਦੇ ਸਰੀਰ ਵਿਚੋਂ ਸੇਕ ਨਿਕਲਣ ਲੱਗਿਆ। ਪੰਮੀ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਆ ਗਿਆ। ਉਸਦੇ ਮਾਮਿਆਂ ਵੱਲੋਂ ਮਾਰੀਆਂ ਡਾਂਗਾਂ ਦਾ ਦਰਦ ਉਸਨੂੰ ਦਿਮਾਗ਼ ਵਿਚ ਮਹਿਸੂਸ ਹੋਇਆ। ਸਿਰ ਜ਼ੋਰ ਦੀ ਟੱਸ ਟੱਸ ਕਰਨ ਲੱਗਿਆ। ਬੀਤੇ ਹੋਏ ਕੱਲ੍ਹ ਦੀਆਂ ਸਾਰੀਆਂ ਘਟਨਾਵਾਂ ਉਸ ਦੀਆਂ ਅੱਖਾਂ ਅੱਗੇ ਆ ਖੜ੍ਹੀਆਂ ਸਨ। ਉਸ ਦਾ ਚਿਹਰਾ ਗੁੱਸੇ ਵਿਚ ਤਣ ਗਿਆ ਸੀ। ਲੱਗਦਾ ਸੀ ਐਨੇ ਵਰ੍ਹਿਆਂ ਤੋਂ ਠੰਡਾ ਪਿਆ ਲਾਵਾ ਅੱਜ ਫੁੱਟ ਪਵੇਗਾ। ਅੰਦਰੋਂ ਭਾਵੇਂ ਉਹ ਗੁੱਸੇ ਨਾਲ ਲੋਹਾ-ਲਾਖਾ ਹੋਇਆ ਬੈਠਾ ਸੀ, ਪਰ ਉਸ ਨੇ ਆਪਣੇ ਆਪ 'ਤੇ ਕਾਬੂ ਰੱਖਦਿਆਂ ਕੋਈ ਹਾਵ-ਭਾਵ ਨਾ ਬਦਲਿਆ।

"ਅਸਲ ਵਿੱਚ ਇਹਨਾਂ ਨੂੰ ਤੇਰੇ ਤਾਈਂ ਕੰਮ ਸੀ।", ਸਰਪੰਚ ਨੇ ਚਰਨ ਸਿੰਘ ਨੂੰ ਦੱਸਿਆ।

"ਮੇਰੇ ਤਾਈਂ ਕੰਮ? ਉਹ ਕਿਵੇਂ?", ਚਰਨ ਸਿੰਘ ਸਸ਼ੋਪੰਜ ਵਿਚ ਪੈ ਗਿਆ।

"ਜਦੋਂ ਮੈਨੂੰ ਇਹਨਾਂ ਤਾਈਂ ਕੰਮ ਸੀ ਤਾਂ ਇਹਨਾਂ ਨੇ ਮੇਰੇ ਡਾਂਗਾਂ ਮਾਰ ਮਾਰ ਲਾਸ਼ਾਂ ਪਾ ਦਿੱਤੀਆਂ ਸਨ।", ਉਸਨੇ ਅੰਦਰ ਕਚੀਚੀ ਵੱਟੀ, ਪਰ ਬੋਲਿਆ ਕੁਝ ਨਾ।

"ਤੇਰੀ ਬੈਂਕ 'ਚ ਪਿੱਛੇ ਜਿਹੇ ਜਿਹੜੀ ਲੁੱਟ ਦੀ ਵਾਰਦਾਤ ਹੋਈ ਸੀ, ਉਸਦਾ ਜਿਹੜਾ ਕੇਸ ਚਲਦੈ ਕਚਿਹਰੀ 'ਚ, ਉਸੇ ਬਾਬਤ ਆਏ ਨੇ ਤੇਰੇ ਨਾਲ ਕੋਈ ਗੱਲ ਕਰਨ।", ਸਰਪੰਚ ਨੇ ਦਾਰੀ ਸਰਪੰਚ ਵੱਲ ਵੇਖਦਿਆਂ ਆਖਿਆ।

"ਬੈਂਕ ਦੀ ਲੁੱਟ ਨਾਲ ਇਹਨਾਂ ਦਾ ਕੀ ਸੰਬੰਧ। ਨਾ ਤਾਂ ਇਹ ਵਕੀਲ ਨੇ ਤੇ ਨਾ ਹੀ ਕੋਈ ਪੁਲਿਸ ਵਾਲੇ।", ਚਰਨ ਸਿੰਘ ਹਾਲੇ ਸੋਚ ਹੀ ਰਿਹਾ ਸੀ ਕਿ ਦਾਰੀ ਸਰਪੰਚ ਬੋਲ ਪਿਆ।

"ਅਸਲ ਵਿਚ ਫੌਜੀ ਸਾਬ ਇਸ ਕੇਸ ਵਿਚ ਤੁਹਾਡੀ ਗਵਾਹੀ ਬਹੁਤ ਅਹਿਮ ਹੈ। ਅਹਿਮ ਹੀ ਕਿਉਂ, ਬਲਕਿ ਸਾਰਾ ਕੇਸ ਹੀ ਤੁਹਾਡੀ ਗਵਾਹੀ ਤੇ ਖੜੈ। ਤੁਸੀਂ ਹੀ ਇਕੋ ਇਕ ਗਵਾਹ ਹੋ ਜਿੰਨਾਂ ਨੇ ਲੁੱਟਣ ਵਾਲਿਆਂ ਦੀ ਪਛਾਣ ਕੀਤੀ ਸੀ।"

"ਉਹ ਤਾਂ ਠੀਕ ਐ, ਪਰ ਤੁਹਾਨੂੰ ਇਨ੍ਹਾਂ ਗੱਲਾਂ ਨਾਲ ਕੀ ਮਤਲਬ ਐ?", ਚਰਨ ਸਿੰਘ ਦੇ ਗੱਲ ਸਮਝ ਨਹੀਂ ਸੀ ਆ ਰਹੀ।

"ਫੌਜੀ ਸਾਬ ਤੁਹਾਡੇ ਤੋਂ ਹੁਣ ਕੀ ਲੁਕਾ ਕਰਨਾ। ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦੈ, ਪਰ ਹੁਣ ਕੋਈ ਚਾਰਾ ਵੀ ਨਹੀਂ ਸਾਡੇ ਕੋਲ।", ਦਾਰੀ ਸਰਪੰਚ ਦੇ ਬੋਲਾਂ ਵਿਚ ਨਮੀ ਸਾਫ਼-ਸਾਫ਼ ਝਲਕ ਰਹੀ ਸੀ, "ਇਹ ਮੁੰਡਾ ਮੇਰੀ ਦੋਹਤੀ ਦਾ। ਜਿਹੜੇ ਬੰਦੇ ਲੁੱਟ ਕਰਨ ਆਏ ਸੀ, ਉਹਨਾਂ ਵਿਚੋਂ ਇਕ ਇਹਦਾ ਬਾਪ ਐ, ਸਾਡਾ ਦੋਹਤ ਜਵਾਈ। ਅਸੀਂ ਤਾਂ ਬੜਾ ਵੱਡਾ ਘਰ ਭਾਲਿਆ ਸੀ ਆਪਣੀ ਦੋਹਤੀ ਪੰਮੀ ਲਈ। ਪਰ ਕੀ ਪਤਾ ਸੀ ਬਈ ਆਹ ਦਿਨ ਦੇਖਣੇ ਪੈਣਗੇ। ਨਸ਼ਿਆਂ 'ਚ ਲੱਥ ਹੋਈ ਔਲਾਦ ਘਰ ਦੀ ਕਾਇਆ ਪਲਟ ਦਿੰਦੀ ਐ। ਸਾਡਾ ਦੋਹਤ ਜਵਾਈ ਵੀ ਨਸ਼ਿਆਂ ਦਾ ਆਦੀ ਸੀ ਤੇ ਸਾਰਾ ਘਰ ਖਾਲੀ ਕਰਕੇ ਹੁਣ ਲੁੱਟਾਂ-ਖੋਹਾਂ 'ਤੇ ਆ ਗਿਆ। ਹੁਣ ਤਾਂ ਮੇਰੀ ਦੋਹਤੀ ਪੰਮੀ ਦੇ ਘਰ ਨੂੰ ਬਚਾਉਣ ਵਾਲੀ ਡੋਰ ਤੁਹਾਡੇ ਹੱਥ ਐ ਫੌਜੀ ਸਾਬ। ਬੱਸ ਮਿੰਨਤ ਆਲੀ ਗੱਲ ਐ।", ਦਾਰੀ ਸਰਪੰਚ ਚਰਨ ਸਿੰਘ ਅੱਗੇ ਦੋਵੇਂ ਹੱਥ ਜੋੜੀ ਬੈਠਾ ਸੀ।

ਪੰਮੀ ਦਾ ਨਾਂ ਸੁਣ ਕੇ ਚਰਨ ਸਿੰਘ ਸੁੰਨ ਹੋ ਗਿਆ ਸੀ। ਐਨੇ ਸਾਲਾਂ ਬਾਅਦ ਕਿਸੇ ਨੇ ਪੰਮੀ ਬਾਰੇ ਗੱਲ ਕੀਤੀ ਸੀ। ਉਸਦਾ ਦਿਲ ਫੁੱਟ ਫੁੱਟ ਕੇ ਰੋ ਰਿਹਾ ਸੀ। ਕੁਝ ਪਲ ਪਹਿਲਾਂ ਉਹ ਦਾਰੀ ਸਰਪੰਚ ਤੋਂ ਬਦਲਾ ਲੈਣ ਬਾਰੇ ਸੋਚ ਰਿਹਾ

## ਦੋ ਗ਼ਜ਼ਲਾਂ / ਕੇਸਰ ਕਰਮਜੀਤ



ਰੋਂਦਿਆਂ ਛੱਡ ਕੇ ਗਿਆ
ਨਾ ਤਿਲਮਿਲਾਇਆ ਬਾਦ ਵਿਚ
ਕਤਲ ਕਰ ਕਾਤਲ ਮਿਰਾ ਸੀ
ਮੁਸਕੁਰਾਇਆ ਬਾਦ ਵਿਚ

ਗੀਤ ਜੋ ਉਸਨੇ ਸੁਣਾਇਆ
ਗੁਣਗੁਣਾਇਆ ਬਾਦ ਵਿਚ
ਨਾਮ ਉਸਦਾ ਭੁੱਲਿਆ ਮੁੜ
ਯਾਦ ਆਇਆ ਬਾਦ ਵਿਚ

ਸੀ ਪਿਆਸਾ ਉਹ ਯੁਗਾਂ ਦਾ
ਓਸਦੀ ਤਕਦੀਰ ਸੀ
ਪਰ ਰਿਹਾ ਪੀ ਕੇ ਸਮੁੰਦਰ
ਵੀ ਤਿਹਾਇਆ ਬਾਦ ਵਿਚ

ਖ਼ੂਬ ਰੰਗੇ ਹੱਥ ਉਸ
ਬੇ-ਦੋਸ਼ਿਆਂ ਦੇ ਰੱਤ ਵਿਚ
ਪਾਪ ਧੋਵਣ ਦੇ ਲਈ ਗੰਗਾ
ਨਹਾਇਆ ਬਾਦ ਵਿਚ

ਹੌਲੀ ਹੌਲੀ ਰੋਗ ਇਹ ਸੀ
ਇਸ ਤਰਾਂ ਵਧਦਾ ਗਿਆ
ਪਹਿਲਾਂ ਉਹ ਮਨ ਵਿਚ ਵਸੇ
ਫਿਰ ਦਿਲ ਚੁਰਾਇਆ ਬਾਦ ਵਿਚ

ਅੱਜ ਤਕ ਕਾਜੀ ਮੁਲਾਣੇ
ਵੀ ਸਮਝ ਇਸ ਨਾ ਸਕੇ
ਸੀਸ ਕਿਉਂ ਮਨਸੂਰ ਦਾ ਸੀ
ਖਿਲਖਿਲਾਇਆ ਬਾਦ ਵਿਚ

...

ਜਿੰਦਰੇ ਮੂੰਹ ਤੇ ਲਗਾਏ ਕਿਸ ਲਈ
ਹੱਥ ਕਟਾ ਕੰਗਣ ਪਵਾਏ ਕਿਸ ਲਈ

ਪਰ-ਵਿਹੂਣੇ ਇਹ ਪਰਿੰਦੇ ਅੱਜ ਫਿਰ
ਜਸ਼ਨੇ-ਆਜ਼ਾਦੀ ਮਨਾਏ ਕਿਸ ਲਈ

ਅੰਨ੍ਹਿਆਂ ਦੇ ਇਸ ਹਨੇਰੇ ਸ਼ਹਿਰ ਵਿਚ
ਤੂੰ ਭਲਾ ਦੀਵੇ ਜਗਾਏ ਕਿਸ ਲਈ

ਤੂੰ ਨਹੀਂ ਆਉਣਾ ਕਦੇ ਉਸ ਦੇਸ਼ ਤੋਂ
ਯਾਦ ਤੇਰੀ ਦਿਲ ਦੁਖਾਏ ਕਿਸ ਲਈ

ਪੁੱਛਣਾ ਇਹ ਕਿਉਂ, ਹਨੇਰਾ ਨਾ ਕਦੇ
ਰੌਸ਼ਨੀ ਦੇ ਸ਼ਹਿਰ ਆਏ ਕਿਸ ਲਈ।

ਸੀ ਪਰ ਪੰਮੀ ਦਾ ਨਾਂ ਸੁਣਦਿਆਂ ਹੀ ਉਸ ਅੰਦਰ ਗੁੱਸੇ ਦੀ ਬਲ਼ ਰਹੀ ਅੱਗ 'ਤੇ ਜਿਵੇਂ ਕਿਸੇ ਨੇ ਠੰਡੇ ਪਾਣੀ ਦੇ ਛਿੱਟੇ ਮਾਰ ਦਿੱਤੇ ਹੋਣ।

"ਇਹਨਾਂ ਦੇ ਵਕੀਲ ਨੇ ਕਿਹੈ ਬਈ ਜੇਕਰ ਤੂੰ ਆਪਣੀ ਗਵਾਹੀ ਤੋਂ ਮੁੱਕਰ ਜਾਵੇਂ, ਤਾਂ ਇਹਨਾਂ ਦੇ ਪ੍ਰਾਹੁਣੇ ਨੂੰ ਸਜ਼ਾ ਹੋਣੋਂ ਬਚ ਜਾਣੀ ਐ।", ਸਰਪੰਚ ਚਰਨ ਸਿੰਘ ਨੂੰ ਸੰਬੋਧਨ ਹੋਇਆ।

"ਜੇ ਮੇਰਾ ਮੁੰਡਾ ਐਸੀ ਕਰਤੂਤ ਕਰਦਾ ਤਾਂ ਮੈਂ ਖ਼ੁਦ ਗੋਲੀ ਮਾਰਦਾ, ਪਰ ਹੁਣ ਧੀਆਂ ਦੇ ਘਰ ਨੂੰ ਕਿਵੇਂ ਉਜਾੜ ਦੇਈਏ। ਆਹ ਮੁੰਡੇ ਦੀ ਜ਼ਿੰਦਗੀ ਵੀ...।", ਦਾਰੀ ਸਰਪੰਚ ਦੇ ਬੋਲ ਗਲ਼ 'ਚ ਅਟਕ ਗਏ ਸਨ।

ਚਰਨ ਸਿੰਘ ਨੇ ਕਦੋਂ ਉਹਨਾਂ ਦੇ ਵਕੀਲ ਵੱਲੋਂ ਭੇਜੇ ਕਾਗਜ਼ਾਂ 'ਤੇ ਦਸਤਖ਼ਤ ਕੀਤੇ, ਉਸ ਨੂੰ ਖ਼ੁਦ ਵੀ ਪਤਾ ਨਾ ਲੱਗਿਆ। ਸਭ ਨੂੰ ਫਤਿਹ ਬੁਲਾ ਕੇ ਉਹ ਕਦੋਂ ਆਪਣੇ ਘਰ ਵੱਲ ਤੁਰ ਪਿਆ ਸੀ, ਉਸ ਨੂੰ ਖ਼ੁਦ ਕੋਈ ਸੁਧ ਨਾ ਰਹੀ। ਉਹ ਪੰਮੀ ਬਾਰੇ ਸੋਚਦਾ ਜਾ ਰਿਹਾ ਸੀ। ਘਰ ਪਹੁੰਚ ਕੇ ਜਦੋਂ ਉਸਨੇ ਸੱਜੀ ਲੱਤ 'ਤੇ ਹੱਥ ਫੇਰਿਆ ਤਾਂ ਜਾਪਿਆ ਜਿਵੇਂ ਵਰ੍ਹਿਆਂ ਪੁਰਾਣਾ ਜ਼ਖ਼ਮ ਸਦਾ ਲਈ ਭਰ ਗਿਆ ਹੋਵੇ।

**001 916 753 2868**

## ਕਵਿਤਾਵਾਂ / ਸਵਾਮੀ ਅੰਤਰ ਨੀਰਵ



### ਰੁੱਖ ਦਾ ਗੀਤ

ਵੇ ਰੁੱਖੜਾ
ਤੂੰ ਕਿਧਰੋਂ ਆ ਕੇ
ਉਗਿਆ ਮੇਰੇ ਬੰਨੇ
ਉਪਰੀ ਥਾਵੇਂ ਕਿਮੇਂ ਉਗਣਾ
ਮੈਨੂੰ ਵੀ ਤਾਂ ਜਾਚ ਸਿਖਾ ਦੇ
ਜੇ ਮੇਰੀ ਗੱਲ ਮੰਨੇਂ

ਵੇ ਰੁੱਖੜਾ
ਤੇਰੀ ਜੜ੍ਹ ਸਿਆਣੀ
ਭੱਜਦੀ ਪਾਣੀ ਥਾਣੀਂ
ਵੇ ਰੁੱਖੜਾ ਤੇਰੀ ਟਾਹਣੀ ਚੰਗੀ
ਸੂਰਜ ਸੰਗ ਜੋ ਮੰਗੀ
ਜਦੋਂ ਤੁਸਾਂ ਦੇ ਪੱਤਰ ਝੜਦੇ
ਉਸਲੇ ਤੁਸ ਕਿ ਕਰਦੇ ?
ਜਿਸਲੇ ਤੁੰਦੇ ਪੱਤਰ ਆਉਂਦੇ
ਹਰਾ ਗੀਤ ਕੋਈ ਗਾਉਂਦੇ ?
ਜਦੋਂ ਤੁਸਾਡੇ ਫੁੱਲ ਫਲ਼ ਆਉਂਦੇ
ਛੱਜਰਾ ਅੱਗੇ ਅੱਗੇ ਟੁਰਦਾ
ਚਾਅ ਵੀ ਟੁਰਦੇ ਜਾਂਦੇ
ਰੁੱਖੜਿਆ ਭਾਈਆ ਵੇ

2
ਵੇ ਰੁੱਖੜਾ ਤੂੰ ਰੋਂਦਾ ਹੋਸੇਂ
ਜਿਸਲੇ ਪੱਛਦੇ ਤੈਨੂੰ
ਮੈਂ ਨਾਂਹ ਪੱਛਸਾਂ, ਮੈਂ ਨਾਂਹ ਟਕਸਾਂ
ਦਸ ਦੇ ਦੁਖੜਾ
ਮੇਰਿਆ ਰੁੱਖੜਾ ਮੈਨੂੰ
ਵੇ ਰੁੱਖੜਾ
ਤੂੰ ਬਾਲਣ ਬਣਨਾ
ਇਸਦਾ ਪਤਾ ਹੈ ਤੈਨੂੰ
ਚੁਲ੍ਹੇ ਜਾਂ ਚਿਖ਼ਾ ਵਿਚ ਲੱਗਣਾ
ਕਿਹੜਾ ਜੱਚਦਾ ਤੈਨੂੰ

ਜਾਂ ਤੂੰ ਬਣਨਾ ਪਲੰਘ ਨਵਾਰੀ
ਜਾਂ ਲੱਗਣਾ ਕਿਸੇ ਉੱਚੀ ਅਟਾਰੀ
ਜਾਂ ਤੂੰ ਬਣਨਾ ਕੋਈ ਬੂਹਾ
ਜਾਂ ਬਕਸਾ ਗਹਿਣਿਆਂ ਵਾਲ਼ਾ
ਜਾਂ ਤੂੰ ਬਣਨਾ ਹਲ ਪੰਜਾਲੀ
ਕਰਨੀ ਸੁੱਚੀ ਕਾਰ
ਦਸ ਵੇ ਯਾਰ ਰੁੱਖੜੇ।

### ਮਾਂ-ਬੋਲੀ ਵਿਚ

ਪਿਛਲੇ ਪਹਿਰੀ ਕਿਸਨੇ ਸੁਫ਼ਨਾ
ਤੱਕਿਆ
ਸਾਰੀ ਦੁਨੀਆਂ ਪਈ ਗੱਲਾਂ ਕਰਦੀ
ਮੇਰੀ ਮਾਂ ਬੋਲੀ ਵਿਚ
ਵਣ ਤ੍ਰਿਣ ਪੰਛੀ ਦਰਿਆ ਮੱਛੀਆਂ
ਬੋਲਣ ਮੇਰੀ ਬੋਲੀ
ਟੁਰਦੇ ਚੌਖੁਰ ਹੌਲੀ ਹੌਲੀ
ਬੋਲਣ ਮੇਰੀ ਬੋਲੀ
ਸਭ ਕਿਤਾਬਾਂ, ਕੱਥਾਂ, ਕਵਿਤਾਂ
ਮੇਰੀ ਮਾਂ ਬੋਲੀ ਵਿਚ ਲਿਖੀਆਂ
ਸ਼ਬਦਕੋਸ਼ ਵਿਚ
ਸੇਬ ਦੀ ਥਾਵੇਂ ਸੇਊ ਲਿਖਿਆ
ਭਾਈ ਨੂੰ ਲਿਖਿਆ ਵੀਰਾ
ਮਾਂ ਨੂੰ ਬੇਬੇ
ਰੰਗ ਹਰੇ ਨੂੰ ਨੀਲਾ ਸੱਦਿਆ
ਆਸਮਾਨ ਤੇ ਘਾਹ ਦੋਵੇਂ ਨੀਲੇ
ਘਾਹ ਦੇ ਅੱਗੇ
ਖੰਭਿਆਂ ਦੇ ਵਿਚ ਲਿਖਿਆ
'ਸਰਬ-ਨੀਲ'।
ਅੱਗੇ ਗਿਆਂ ਯਮਰਾਜ ਵੀ
ਮੇਰੀ ਮਾਂ ਬੋਲੀ ਵਿਚ, ਠੱਠੇ ਕਰਦਾ
ਹੱਸਦਾ ਜਾਂਦਾ, ਮੈਨੂੰ
ਮੱਕ ਦੀ ਰੋਟੀ
ਨੀਲੇ ਲਾੜਾਂ ਵਾਲੀ ਕੜ੍ਹੀ ਖਵਾਂਦਾ
ਆਂਹਦਾ ਰੱਜ ਰੱਜ ਖਾਵੀਂ
ਭੁੱਖਾ ਨਾ ਸੌਂ ਜਾਵੀਂ ।

**ਚੌਖੁਰ: ਚੌਪਾਏ ਖੰਭਿਆਂ:**
**ਨੀਲੇ ਲਾੜ:ਸਾਬਤ ਹਰੇ ਪੱਤੇ**

### ਦਰਸਾ

ਸੁੱਚੇ ਮੂੰਹੀਂ ਨੰਗੇ ਪੈਰੀਂ
ਮਿੱਟੀ ਦੇ ਕੁੱਜੇ ਵਿਚ ਪਾਣੀ ਲੈ ਕੇ
ਬਾਣੀ ਪੜ੍ਹਦਾ ਬਾਣੀ ਕਰਦਾ
ਥਾਂ ਥਾਂ ਭਰੇ ਕੁੱਜੇ ਧਰਦਾ
ਧਰਤੀ ਹੇਠਲੇ ਪਾਣੀ ਨੂੰ
ਆਲਾ ਮਾਰੇ ਅਰਦਾਸ ਗੁਜ਼ਾਰੇ
ਜਿੱਥੇ ਕੋਲ਼ ਆਂ ਉੱਤੇ ਚੜ੍ਹ ਜਾ
ਆ ਕੁੱਜੇ ਵਿਚ ਵੜ੍ਹਜਾ, ਜਾਂ
ਘੱਟ ਪੀਵੀਂ ਕੁੱਜੇ ਦਾ ਪਾਣੀ
ਤੈਨੂੰ ਲੱਭੇ ਧਰਤ ਸਿਆਣੀ
ਧੁੱਖਦੀ ਧੁੱਪ ਪਿੰਡੇ ਧਰ ਕੇ
ਕਦੇ ਚੜ੍ਹਦੇ, ਕਦੇ
ਲਹਿੰਦੇ ਵੱਲ ਮੂੰਹ ਕਰਕੇ
ਸੂਰਜ ਨਾਲ਼ ਵੀ ਗੱਲਾਂ ਕਰਦਾ
ਕੁੱਜਿਆਂ ਦੇ ਵਿਚ ਪਾਣੀ ਭਰਦਾ
ਸੈਣਤਾਂ ਕਰਦਾ ਮੇਚੇ ਲੈਂਦਾ
ਤਰਕਾਲਾਂ ਨੂੰ
ਜਲ ਦੇਵਤਾ ਧਿਆਉਂਦਾ
ਪਾਣੀ ਪਾਉਂਦਾ ਕੁੱਜੇ ਭਰਦਾ
ਰਾਤੀਂ ਦੀਵੇ ਬਾਲ ਕੇ ਧਰਦਾ
ਕੁੱਜਿਆਂ ਕੋਲ਼
ਹੋਲੇ ਜਿਹੇ ਪਾਣੀ ਪਾਣੀ ਪਾਣੀ ਕਰਦਾ
ਨਿੱਕੀ ਲੌਅ ਨੂੰ ਬਾਣੀ ਕਰਦਾ

ਇੱਥੋਂ ਪੁੱਟ ਲੋ ਇੱਥੇ ਪਾਣੀ
ਇੱਥੇ ਜਲ ਦੇਵਤਾ ਵਸਦਾ
ਇੱਥੇ ਹੀ ਵਸਦੀ ਪਾਣੀ ਦੀ
ਮਹਾਰਾਣੀ।
...

**ਦਰਸਾ: ਸੂੰਘਾ, ਖੂਹ ਪੁੱਟਣ ਲਈ ਪਾਣੀ ਦੀ ਦੱਸ ਪਾਉਂਦਾ ਵਾਲ਼ਾ**

## ਗ਼ਜ਼ਲਾਂ / ਕੁਲਵਿੰਦਰ ਕੁੱਲਾ



1.

ਸਹੀ ਪਰਮਾਣ ਹੈ ਕਿ ਮੈਂ ਹੀ ਤੇਰੇ ਰੂ-ਬ-ਰੂ ਸੀ।
ਤੇਰੀ ਤਲਵਾਰ ਉੱਤੇ ਲਿਸ਼ਕਿਆ ਮੇਰਾ ਲਹੂ ਸੀ।

ਜ਼ਰਬ ਆਈ ਅਣਖ ਨੂੰ 'ਗੀਤ' ਤੋਂ ਇਹ 'ਵਾਰ' ਹੋ ਗਏ,
ਸਫ਼ੇ 'ਤੇ ਚਮਕਦੇ ਹਰਫ਼ਾਂ ਦੀ ਅਪਣੀ ਆਬਰੂ ਸੀ।

ਪਤਾ ਨਈਂ ਕਿਉਂ ਉਮਰ ਦੀ ਟਹਿਣ 'ਤੇ ਟੰਗੇ ਸੀ ਇਹ ਪਲ,
ਨਾ ਅੱਖ ਵਿਚ ਖ਼ਾਬ ਤੇਰਾ ਸੀ, ਨਾ ਤੇਰੀ ਜੁਸਤਜੂ ਸੀ।

ਚੂਲ਼ੀ ਮੇਰੀ 'ਚ ਸਿਮਟ ਆਈ ਸਮੁੱਚੀ ਹੋਂਦ ਉਸਦੀ,
ਚਿਰਾਂ ਪਿੱਛੋਂ ਮੈਂ ਜਿਸਦੇ ਜਲ 'ਚ ਅੱਜ ਕੀਤਾ ਵਜੂ ਸੀ।

ਗਵਾਹ ਹਨ ਲਾਟ ਦੀਵੇ ਦੀ, ਧੁਆਂਖੀ ਕੰਧ ਤੇ ਹੰਝੂ,
ਮੇਰੀ ਤੇ ਉਸਦੀ ਚੁਪ-ਚਾਪ ਹੋਈ ਗੁਫ਼ਤਗੂ ਸੀ।

ਜਦੋਂ ਤੋਂ ਅਗਨ ਦੇ ਪਹਿਰਨ ਪਹਿਨ ਲਏ ਹਰ ਬਿਰਖ ਨੇ,
ਨਾ ਮੁੜਕੇ ਫਿਰ ਕਦੇ ਜੰਗਲ 'ਚ ਹੋਈ ਕੂ-ਹ-ਕੂ ਸੀ।

2.

ਸੰਵਾਦ ਇਉਂ ਵੀ ਚੱਲੇ, ਨਿਸਕਰਸ਼ ਕੋਈ ਨਿਕਲੇ।
ਯੱਖ ਹੋਈ ਸੋਚ ਵਿੱਚੋਂ, ਸੰਘਰਸ਼ ਕੋਈ ਨਿਕਲੇ।

ਵਿਗਸਣ ਇਹ ਖਾਬ ਕਿੱਥੇ? ਫੋਲਾਂ ਖਲਾਅ ਨੂੰ ਨਿਸਦਿਨ,
ਨਾ ਅਰਸ਼ ਕੋਈ ਨਿਕਲੇ, ਨਾ ਫਰਸ਼ ਕੋਈ ਨਿਕਲੇ।

ਉੱਡਣ ਪਤੰਗ ਜਿੱਥੇ , ਸਾਡੀ ਹੀ ਡੋਰ ਵਾਲੇ,
ਲੱਭਦੇ ਹਾਂ ਰੋਜ ਐਸਾ, ਨਾ ਅਰਸ਼ ਕੋਈ ਨਿਕਲੇ।

ਉਮਰਾਂ 'ਚੋਂ ਏਥੇ ਨਿਕਲਣ, ਹਉਕੇ, ਕਸਕ ਜਾਂ ਪੀੜਾਂ,
ਨਾ ਮਾਹ ਕੋਈ ਨਿਕਲੇ, ਨਾ ਵਰਸ਼ ਕੋਈ ਨਿਕਲੇ।

ਸਾਜਿਸ਼ ਨਹੀਂ ਤਾਂ ਕੀ ਹੈ, ਜਿੱਤ ਹਾਰ ਦੇ ਵਿਚਾਲੇ,
'ਮੱਛੀ ਦੀ ਅੱਖ' ਜਿਹਾ ਹੀ ਕਿਉਂ ਲਕਸ਼ ਕੋਈ ਨਿਕਲੇ।

ਕੈਸਾ ਸਫ਼ਰ ਸੀ ਚੁਣਿਆ, ਆਖਰ ਮੁਸਾਫਿਰਾਂ ਨੇ,
ਤੁਰਿਆਂ ਵੀ ਰੇਤ ਉੱਤੇ, ਨਾ ਨਕਸ਼ ਕੋਈ ਨਿਕਲੇ।

4.

ਮੰਜ਼ਰ ਕਿਹੇ ਡਰਾਉਣੇ, ਅੱਖਾਂ 'ਚ ਤਰ ਰਹੇ ਨੇ।
ਅੱਜ ਬਰਫ਼ ਮਘ ਰਹੀ ਹੈ, ਅੰਗਾਰ ਠਰ ਰਹੇ ਨੇ।

ਜ਼ਹਿਰੀ ਫਿਜ਼ਾ 'ਚ ਪੰਛੀ, ਪੈਰਾਂ 'ਚ ਜਾਲ਼ ਲੈ ਕੇ,
ਟੁੱਟੇ ਪਰਾਂ ਦੇ ਬਲ 'ਤੇ, ਪਰਵਾਜ਼ ਭਰ ਰਹੇ ਨੇ।

ਅੰਬਰ ਨੂੰ ਖਾ ਗਏ ਸਨ, ਕੁਝ ਲੋਕ ਅੱਖ ਬਚਾ ਕੇ,
ਸਭ ਨੂੰ ਪਤਾ ਹੈ ਫਿਰ ਵੀ, ਬੋਲਣ ਤੋਂ ਡਰ ਰਹੇ ਨੇ।

ਇਕ ਦੂਸਰੇ ਦੀ ਅੱਖ ਦੇ, ਪਾਣੀ ਦੇ ਹੜ੍ਹ 'ਚ ਲਹਿ ਕੇ,
ਕੁਝ ਲੋਕ ਡੁਬ ਰਹੇ ਨੇ, ਕੁਝ ਲੋਕ ਤਰ ਰਹੇ ਨੇ।

ਹੱਡ-ਮਾਸ ਦੇ ਇਹ ਬੰਦੇ, ਅੱਥਰੂ ਦੀ ਬੂੰਦ ਹੇਠਾਂ,
ਰੇਤੇ ਦੇ ਬੁੱਤ ਵਾਂਗੂ, ਨਿਸਦਿਨ ਹੀ ਖਰ ਰਹੇ ਨੇ।

ਹਰ ਆਸ ਬੁਝ ਗਈ ਹੈ, ਫਿਰ ਵੀ ਮੈਂ ਵੇਖਦਾ ਹਾਂ,
ਦੀਵੇ ਉਹ ਸਰਦਲਾਂ 'ਤੇ ਹਾਲੇ ਵੀ ਧਰ ਰਹੇ ਨੇ।

ਕਹਾਣੀ

## ਜੇ ਤੂੰ ਨਾ ਮੰਨਦੀ / ਭੁਪਿੰਦਰ ਫੌਜੀ



ਸਵੇਰ ਦੇ ਪੰਜ ਕੁ ਵੱਜੇ ਹੋਣਗੇ। ਗੁਰਦੁਆਰੇ ਦੇ ਸਪੀਕਰ ਚੋਂ ਪਾਠ ਕਰ ਰਹੇ ਗ੍ਰੰਥੀ ਦੀ ਅਵਾਜ਼ ਆ ਰਹੀ ਸੀ।ਪਵਨ ਗੁਰੂ..ਪਾਣੀ ਪਿਤਾ..ਮਾਤਾ ਧਰਤਿ ਮਹਤੁ...ਦੇ ਸਲੋਕ ਦਾ ਉਚਾਰਨ ਹੋ ਰਿਹਾ ਸੀ। ਕੰਨਾਂ ਵਿੱਚ ਅਵਾਜ਼ ਸਾਫ਼ ਪੈ ਰਹੀ ਸੀ। ਸੜਕ 'ਤੇ ਬਹੁਤੀ ਚਹਿਲ ਪਹਿਲ ਨਹੀਂ ਸੀ। ਰਾਤ ਨੇ ਕਾਲ਼ੀ ਲੋਈ ਉਤਾਰਨ ਲੱਗ ਪਈ ਸੀ, ਦਿਨ ਨੇ ਚਿੱਟੀ ਚਾਦਰ ਦੀ ਬੁੱਕਲ ਮਾਰਨੀ ਸ਼ੁਰੂ ਕਰ ਦਿੱਤੀ ਸੀ। ਕੋਈ ਟਾਵਾਂ-ਟਾਵਾਂ ਆਦਮੀ ਦਿਖਾਈ ਦੇ ਰਿਹਾ ਸੀ, ਇੱਕ ਜੋੜਾ ਸੈਰ ਲਈ ਸੜਕ ਦੇ ਖੱਬੇ ਹੱਥ ਜਾ ਰਿਹਾ ਸੀ। ਪੰਛੀ ਆਲ੍ਹਣਿਆਂ ਵਿੱਚ ਚੋਗ ਲਈ ਚੀ-ਚੀ ਕਰਦੇ ਨਿੱਕਲ ਰਹੇ ਸਨ। ਦੂਰ ਕਿਤੇ ਮੰਦਰ ਵਿੱਚ ਟੱਲੀਆਂ ਖੜਕ ਰਹੀਆਂ ਸਨ।

ਵਾਲ ਉਲਝੇ ਹੋਏ ਸਿਰ ਦੀ ਚੁੰਨੀ ਪਾਟੀ ਹੋਈ। ਪੱਚੀ ਕੁ ਸਾਲ਼ਾਂ ਦੀ ਇੱਕ ਔਰਤ ਨੇ ਥਾਣੇ ਵਿੱਚ ਪੈਰ ਧਰਿਆ। ਜਿਵੇਂ ਉਸ ਦੇ ਸਰੀਰ ਵਿੱਚ ਜਾਣ ਹੀ ਨਾ ਹੋਵੇ। ਪੈਰ ਘੜੀਸ ਤੁਰ ਰਹੀ ਸੀ। ਸੰਤਰੀ ਪੋਸਟ 'ਤੇ ਖੜ੍ਹੇ, ਅੱਧਖੜ੍ਹ ਉਮਰ ਦੇ ਸਿਪਾਹੀ ਨੂੰ ਉਸਨੇ ਤਰਲੇ ਜਿਹੇ ਨਾਲ਼ ਕਿਹਾ,

"ਮੈਂ ਰਪਟ ਲਿਖਾਉਣੀ ਐ, ਮੇਰੇ ਨਾਲ਼ ਧੱਕਾ ਹੋਇਆ...।" ਸੰਤਰੀ ਨੇ ਉਸਦੀ ਗੱਲ ਨੂੰ ਸਰਸਰੀ ਲਿਆ। ਹਰ ਦਿਨ ਕਿੰਨੇ ਹੀ ਕੇਸ ਲੜਾਈ ਝਗੜੇ ਦੇ, ਪਤੀ ਖਿਲਾਫ਼ ਕੁੱਟ ਮਾਰ ਦੀਆਂ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਹਨ। ਇਹ ਹੀ ਸੋਚ ਰਿਹਾ ਸੀ।

"ਤੁਸੀਂ ਇੱਥੇ ਬੈਠੋ ਮੈਂ ਮੁਨਸ਼ੀ ਨੂੰ ਬੁਲਾਂਦਾ ਹਾਂ...।" ਉਸਨੇ ਔਰਤ ਨੂੰ ਮੁਨਸ਼ੀ ਦੇ ਦਫ਼ਤਰ ਵਿੱਚ ਬਿਠਾ ਲਿਆ ਤੇ ਮੁਨਸ਼ੀ ਨੂੰ ਫ਼ੋਨ ਕਰ ਦਿੱਤਾ।ਅੱਧਾ ਘੰਟਾ ਹੋ ਗਿਆ ਸੀ, ਮੁਨਸ਼ੀ ਅਜੇ ਵੀ ਨਹੀਂ ਸੀ ਪਹੁੰਚਿਆ।ਉਸ ਔਰਤ ਨੂੰ ਲੱਗਿਆ ਜਿਵੇਂ ਉਸਦਾ ਸਾਹ ਘੁੱਟ ਰਿਹਾ ਹੋਵੇ।ਉਸ ਨੇ ਫਿਰ ਕਿਹਾ,

"ਵੀਰ ਜੀ ਕਿਸੇ ਨੂੰ ਬੁਲਾ ਦਿਓ...।ਮੈਂ ਬਹੁਤ ਪ੍ਰੇਸ਼ਾਨ ਹਾਂ...।"

"ਮੁਨਸ਼ੀ ਆ ਜਾਂਦੈ, ਘਰ ਗਿਆ ਸੀ...।ਕੀ ਗੱਲ ਹੋ ਗਈ, ਕੋਈ ਲੜਾਈ-ਝਗੜਾ ਹੋਇਆ...।" ਉਸਨੇ ਉਂਝ ਹੀ ਸਵਾਲ ਕਰ ਦਿੱਤਾ।

"ਝਗੜਾ ਨਹੀਂ! ਮੈਂ ਪਹਿਲਾਂ ਵੀ ਕਿਹਾ ਸੀ ਮੇਰੇ ਨਾਲ਼ ਧੱਕਾ ਹੋਇਆ ਹੈ। ਮੇਰੇ ਨਾਲ਼ ਚਾਰ ਜਣਿਆਂ ਨੇ ਜਬਰਦਸਤੀ ਕੀਤੀ ਐ...?" ਸਿਪਾਹੀ ਦੇ ਜ਼ਮੀਨ ਤੋਂ ਪੈਰ ਨਿੱਕਲ ਗਏ। ਸਿਪਾਹੀ ਨੇ ਉਸ ਨੂੰ ਪਾਣੀ ਦਾ ਗ਼ਲਾਸ ਦਿੱਤਾ। ਮੁਨਸ਼ੀ ਨੂੰ ਮੋਬਾਇਲ'ਤੇ ਸਾਰੀ ਕਹਾਣੀ ਸੁਣਾ ਦਿੱਤੀ। ਪਲਾਂ ਦੇ ਵਿੱਚ ਮੁਨਸ਼ੀ ਪਹੁੰਚ ਗਿਆ।ਇੱਕ ਦੋ ਹੋਰ ਮੁਲਾਜ਼ਮ ਵੀ ਆ ਗਏ। ਮੁਨਸ਼ੀ ਨੇ ਥਾਣਾ ਮੁੱਖੀ ਨੂੰ ਫ਼ੋਨ'ਤੇ ਇਤਲਾਹ ਕਰ ਦਿੱਤੀ।ਕੁਝ ਸਮੇਂ ਦੇ ਵਿੱਚ ਥਾਣਾ ਮੁੱਖੀ ਵੀ ਪਹੁੰਚ ਗਿਆ। ਲੇਡੀ ਕਾਂਸਟੇਬਲ ਵੀ ਆ ਗਈਆਂ। ਐੱਸ.ਐੱਚ.ਓ. ਨੇ ਉਸ ਦੀ ਸਾਰੀ ਗੱਲ ਸੁਣੀ। ਉਨ੍ਹਾਂ ਚਾਰ ਬੰਦਿਆ ਦੇ ਖਿਲਾਫ਼ ਰਿਪੋਰਟ ਦਰਜ਼ ਕੀਤੀ ਗਈ। ਮੈਡੀਕਲ ਲਈ ਹਸਪਤਾਲ ਲਿਜਾਇਆ ਗਿਆ। ਮੈਡੀਕਲ ਦੀ ਰਿਪੋਰਟ ਤੋਂ ਬਾਅਦ ਹੀ ਐੱਫ.ਆਈ.ਆਰ. ਦਰਜ ਹੋਣੀ ਸੀ। ਮੈਡੀਕਲ ਕਰਨ ਤੋਂ ਬਾਅਦ ਉਸ ਨੂੰ ਘਰ ਭੇਜ ਦਿੱਤਾ।

ਉਸ ਦਾ ਬਲਾਤਕਾਰ ਹੋਇਆ ਸੀ। ਦੋਸ਼ੀਆਂ ਨੂੰ ਜ਼ੇਲ੍ਹ ਜਾਣਾ ਹੀ ਪੈਣਾ। ਨਾ ਕੋਈ ਜਮਾਨਤ ਨਾ ਕੋਈ ਸੁਣਵਾਈ। ਬਾਅਦ ਵਿੱਚ ਦਲੀਲਾਂ-ਅਪੀਲਾਂ ਹੋਣਗੀਆਂ। ਥਾਣੇਦਾਰ ਨੂੰ ਦੋਸ਼ੀਆਂ ਖਿਲਾਫ਼ ਪਰਚਾ ਕੱਟਣਾ ਹੀ ਪੈਣਾ ਸੀ ਤੇ ਉਸ ਨੂੰ ਜੱਜ ਸਾਹਮਣੇ ਬਿਆਨ ਦੇਣ ਲਈ ਪੇਸ਼ ਕਰਨਾ ਸੀ। ਥਾਣੇਦਾਰ ਨੇ ਦੋਸ਼ੀਆਂ ਦੇ ਠਿਕਾਣੇ'ਤੇ ਛਾਪੇ ਮਾਰੀ ਸ਼ੁਰੂ ਕੀਤੀ। ਹੱਥ ਕੁੱਝ ਵੀ ਨਹੀਂ ਸੀ ਲੱਗਿਆ।ਐਨੇ ਕੁ ਸਬੂਤ ਜ਼ਰੂਰ ਮਿਲ ਗਏ,ਦੋਸ਼ ਤਹਿ ਹੋ ਸਕਦਾ ਸੀ। ਪੁਲਿਸ ਨੇ ਉਨ੍ਹਾਂ ਦੇ ਘਰਾਂ ਤੱਕ ਪਹੁੰਚ ਕੀਤੀ।ਉਹ ਘਰ ਨਾ ਮਿਲੇ ਪਰਿਵਾਰਕ ਮੈਂਬਰਾਂ ਨੂੰ ਪੇਸ਼ ਕਰਨ ਲਈ ਕਿਹਾ। ਪੁਲਿਸ ਦੀ ਗੱਲ ਸੁਣਕੇ ਉਨ੍ਹਾਂ ਦੇ ਘਰਾਂ ਵਿੱਚ ਮਾਤਮ ਛਾ ਗਿਆ। ਪੁਲਿਸ ਦੀਆਂ ਜੇਬਾਂ ਗਰਮ ਹੋਣ ਲੱਗੀਆਂ।ਲੀਡਰਾਂ ਤੇ ਅਫ਼ਸਰਾਂ ਦੇ ਥਾਣੇਦਾਰ ਕੋਲ਼ ਫ਼ੋਨ ਖੜਕਣ ਲੱਗ ਪਏ। ਪੀੜਤਾ ਉੱਤੇ ਦਬਾਅ ਬਣਾਇਆ ਜਾਣ ਲੱਗਿਆ।ਲਾਲਚ ਦਿੱਤੇ ਜਾਣ ਲੱਗੇ। ਡਰਾਇਆ ਧਮਕਾਇਆ ਜਾਣ ਲੱਗਿਆ।ਕਿਉਂਕਿ ਚਾਰੇ ਦੋਸ਼ੀ ਵੱਡੇ ਘਰਾਂ ਦੇ ਕਾਕੇ ਸੀ। ਪੁਲਿਸ ਪਰਚਾ ਕੱਟਣ ਤੋਂ ਕਤਰਾਉਣ ਲੱਗੀ। ਦੋ ਦਿਨ ਤੱਕ ਪੀੜਤ ਦੀ ਪੁਲਿਸ ਨੇ ਕੋਈ ਗੱਲ ਨਾ ਸੁਣੀ। ਦੋਸ਼ੀਆਂ ਨੂੰ ਫੜਨ'ਚ ਢਿੱਲ ਵਰਤਣ ਲੱਗ ਪਈ।ਸ਼ਹਿਰ ਦੇ ਵਿੱਚ ਗੱਲ ਵਾਵਰੋਲੇ ਵਾਂਗ ਘੁੰਮ ਗਈ। ਧਨਾਢਾਂ ਨਾਲ਼ ਆਢਾ ਲਾਉਣ ਵਾਲੀ ਜਥੇਬੰਦੀ ਦੇ ਕੰਨ ਤੱਕ ਜਦੋਂ ਇਹ ਗੱਲ ਪਹੁੰਚੀ।ਜਥੇਬੰਦੀ ਦੇ ਨੁਮਾਇੰਦੇ ਪੀੜਤ ਦੇ ਘਰ ਮੱਦਦ ਲਈ ਪਹੁੰਚ ਗਏ। ਪੀੜਤ ਨੂੰ ਨਾਲ਼ ਲੈ ਕੇ ਥਾਣੇਦਾਰ ਨਾਲ਼ ਗੱਲ ਕੀਤੀ। ਉਹ ਪਰਚਾ ਕੱਟਣ ਤੋਂ ਆਨਾਕਾਨੀ ਕਰਨ ਲੱਗਾ।ਸਮਝੌਤਾ ਕਰਨ'ਤੇ ਜ਼ੋਰ ਦੇਣ ਲੱਗਾ। ਜਥੇਬੰਦੀ ਦੇ ਆਗੂਆਂ ਨੇ ਇੱਕ ਗੱਲ ਕਹਿ ਦਿੱਤੀ,

"ਜੇਕਰ ਤੁਸੀਂ ਦੋਸ਼ੀਆਂ ਖਿਲਾਫ਼ ਪਰਚਾ ਨਾ ਕੱਟਿਆ ਤੇ ਉਨ੍ਹਾਂ ਨੂੰ ਨਾ ਫੜਿਆ।ਤੜਕੇ ਅਸੀਂ ਥਾਣੇ ਦਾ ਘਿਰਾਓ ਕਰਾਂਗੇ...।" ਥਾਣੇਦਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਹੁਣ ਮਾਮਲਾ ਜਥੇਬੰਦੀ ਕੋਲ਼ ਪਹੁੰਚ ਗਿਆ ਸੀ। ਝੰਡੇ ਵਿੱਚ

ਡੰਡਾ ਪਾ ਕੇ ਜਲੂਸ ਕੱਢਣ ਲੱਗੇ ਮਿੰਟ ਲਾਉਂਦੇ ਹਨ। ਅਗਲੇ ਸਵੇਰ ਜਦੋਂ ਲੋਕ ਦਾਣਾ ਮੰਡੀ ਵਿੱਚ ਹੱਥਾਂ 'ਚ ਝੰਡੇ ਫੜ ਇਕੱਠੇ ਹੋਣ ਲੱਗੇ। ਥਾਣੇਦਾਰ ਤੱਕ ਗੱਲ ਪਹੁੰਚ ਗਈ। ਥਾਣੇਦਾਰ ਜਥੇਬੰਦੀ ਦੇ ਬੰਦਿਆਂ ਨਾਲ਼ ਗੱਲ ਕਰਨੀ ਚਾਹੀ। ਉਨ੍ਹਾਂ ਇਨਕਾਰ ਕਰ ਦਿੱਤਾ। ਜੋ ਵੀ ਗੱਲ ਕਰਨੀ ਹੈ ਲੋਕਾਂ ਵਿੱਚ ਆ ਕੇ ਕਰਨ। ਥਾਣੇਦਾਰ ਨੂੰ ਮਜ਼ਬੂਰਨ ਲੋਕਾਂ ਵਿੱਚ ਜਾਣਾ ਪਿਆ। ਐੱਫ.ਆਈ.ਆਰ. ਦੀ ਕਾਪੀ ਲੋਕਾਂ ਨੂੰ ਦਿਖਾਈ ਤੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਫੜਨ ਦਾ ਭਰੋਸਾ ਦਿਵਾਇਆ। ਉਧਰ ਪੀੜਤਾ ਨੂੰ ਬਿਆਨਾਂ ਲਈ ਕੋਰਟ ਵਿੱਚ ਜੱਜ ਸਾਹਬ ਕੋਲ਼ ਪੇਸ਼ ਕੀਤਾ ਗਿਆ। ਉਸ ਦੀ ਮਿਸਲ ਦੇਖ ਕੇ ਜੱਜ ਸਾਹਬ ਨੇ ਕੋਰਟ ਵਿੱਚੋਂ ਸਭ ਨੂੰ ਜਾਣ ਲਈ ਕਿਹਾ। ਮਿੰਟਾਂ ਸੈਕਿੰਡਾਂ ਵਿੱਚ ਕੋਰਟ ਖਾਲ੍ਹੀ ਹੋ ਗਈ। ਜੱਜ ਸਾਹਬ ਨੇ ਉਸ ਦੇ ਕੱਲੀ ਦੇ ਬਿਆਨ ਲੈਣੇ ਸਨ।

"ਬੇਟਾ ਤੈਨੂੰ ਘਬਰਾਉਣ ਦੀ ਕੋਈ ਲੋੜ ਨਹੀਂ, ਜੋ ਤੇਰੇ ਨਾਲ਼ ਹੋਇਆ ਉਸ ਨੂੰ ਖੁੱਲ੍ਹ ਕੇ ਦੱਸ। ਤੇਰੇ ਕੇਸ ਲਈ ਇਹ ਬਿਆਨ ਬਹੁਤ ਕੀਮਤੀ ਨੇ। ਉਹ ਦੋਸ਼ੀ ਕੌਣ-ਕੌਣ ਨੇ...।" ਜੱਜ ਸਾਹਬ ਨੇ ਬੜੇ ਪਿਆਰ ਨਾਲ਼ ਕਿਹਾ।

"ਤੁਹਾਡਾ ਕੀ ਨਾਂ ਐ...?" ਜੱਜ ਨੇ ਸਵਾਲ ਕੀਤਾ।

"ਜੀ ਅਮਨਦੀਪ...।"

"ਮੈਨੂੰ ਇਹ ਸਾਰੀ ਘਟਨਾ। ਵਿਸਥਾਰ ਨਾਲ਼ ਦੱਸ ਤੂੰ ਜੋ ਬਿਆਨ ਦੇ ਰਹੀ ਐਂ ਕਿਸੇ ਦਬਾਅ ਹੇਠ ਆਕੇ ਤਾਂ ਨਹੀਂ ਦੇ ਰਹੀ।" ਅਮਨ ਇੱਕ ਵਾਰ ਤਾਂ ਜੱਜ ਸਾਹਬ ਦੀ ਗੱਲ ਸੁਣ ਚੁੱਪ ਕਰ ਗਈ। ਫਿਰ ਬੋਲ਼ੀ।

"ਮੈਂ ਕਿਸੇ ਦੇ ਦਬਾਅ ਹੇਠ ਨਹੀਂ ਹਾਂ...।"

"ਠੀਕ ਐ! ਤੁਹਾਡੇ ਨਾਲ਼ ਜੋ ਹੋਇਆ ਉਹ ਦੱਸੋ...।"

"ਮੈਂ ਦੁਪਹਿਰੇ ਪਿੰਡ ਦੇ ਬੱਸ ਅੱਡੇ 'ਤੇ ਖੜ੍ਹੀ ਬੱਸ ਦੀ 'ਡੀਕ ਕਰ ਰਹੀ ਸੀ। ਰਿਸ਼ਤੇਦਾਰੀ 'ਚੋਂ ਵਾਪਸ ਘਰ ਆਉਣ ਲਈ। ਹੋਰ ਕੋਈ ਵੀ ਸਵਾਰੀ ਨਹੀਂ ਸੀ...।" ਉਹ ਬੋਲਦੀ-ਬੋਲਦੀ ਚੁੱਪ ਕਰ ਗਈ। ਜੱਜ ਸਾਹਬ ਦੀ ਕਲਮ ਕੋਰੇ ਵਰਕੇ 'ਤੇ ਚੱਲ ਰਹੀ ਸੀ।

"ਫਿਰ ਕੀ ਹੋਇਆ...।"

"ਮੇਰੇ ਕੋਲ਼ ਉਨ੍ਹਾਂ ਨੇ ਕਾਰ ਰੋਕੀ...।" ਕਹਿੰਦੇ "ਚੱਲਣਾ ਐ ਤੈਨੂੰ ਛੱਡ ਦਿੰਦੇ ਆ...।" ਮੈਂ ਉਨ੍ਹਾਂ ਨਾਲ਼ ਕੋਈ ਗੱਲ ਨਾ ਕਰੀ। ਉਹ ਅੱਗੇ ਲੰਘ ਗਏ...। ਚਾਰ ਜਣੇ ਸੀ। ਫਿਰ ਉਨ੍ਹਾਂ ਨੇ ਕਾਰ ਵਾਪਸ ਮੋੜ ਲਿਆਂਦੀ ਮੇਰੇ ਕੋਲ਼ ਰੋਕੀ...ਮੈਂ ਡਰ ਗਈ...। ਦੋ ਜਣੇ ਕਾਰ ਚੋਂ ਨਿਕਲੇ ਮੈਨੂੰ ਧੱਕੇ ਨਾਲ਼ ਕਾਰ ਵਿੱਚ ਬਿਠਾਉਣ ਲੱਗੇ। ਮੈਂ ਰੌਲਾ ਪਾਉਣ ਲੱਗੀ...ਉਨ੍ਹਾਂ ਮੇਰੀ ਹਿੱਕ 'ਤੇ ਪਿਸਤੌਲ ਲਾ ਲਿਆ। ਗੋਲ਼ੀ ਮਾਰਨ ਦੀ ਧਮਕੀ ਦੇਣ ਲੱਗੇ...ਮੇਰਾ ਮੂੰਹ ਚੁੰਨੀ ਨਾਲ ਬੰਨ ਦਿੱਤਾ ਤੇ ਮੈਨੂੰ ਧੱਕਾ ਮਾਰ ਕਾਰ ਵਿੱਚ ਸਿੱਟ ਲਿਆ...।" ਬੋਲ਼ ਉਸ ਦੇ ਸੰਘ ਵਿੱਚ ਅਟਕ ਗਏ...। ਉਸ ਦੀਆਂ ਅੱਖਾਂ ਵਿੱਚੋਂ ਹੰਝੂ ਵਗਣ ਲੱਗ ਪਏ। ਜੱਜ ਸਾਹਬ ਦਾ ਵਰਕਾ ਭਰਦਾ ਜਾ ਰਿਹਾ ਸੀ। ਜੱਜ ਸਾਹਬ ਨੇ ਪੀਣ ਲਈ ਪਾਣੀ ਦਿੱਤਾ।

"ਲੈ ਬੇਟਾ ਪਾਣੀ ਪੀ ਲੈ...।" ਅਮਨ ਦੇ ਪਾਣੀ ਦਾ ਗ਼ਲਾਸ ਮੂੰਹ ਨੂੰ ਲਾ ਲਿਆ। ਤੇ ਨਾਲ਼ ਹੀ ਬੋਲਿਆ।

"ਫਿਰ ਕੀ ਹੋਇਆ...।"

"ਉਹ ਮੈਨੂੰ ਹਰੀਪੁਰ ਪਿੰਡ ਦੀ ਇੱਕ ਕੋਠੀ ਵਿੱਚ ਲੈ ਗਏ। ਜੋ ਖੇਤਾਂ ਵਿੱਚ ਸੀ, ਓਥੇ ਹੋਰ ਕੋਈ ਵੀ ਨਹੀਂ ਸੀ। ਮੈਂ ਉਨ੍ਹਾਂ ਦੇ ਤਰਲੇ/ਮਿਨਤਾਂ ਕਰਦੀ ਰਹੀ, ਬੱਚਿਆਂ ਦੇ ਵਾਸਤੇ ਪਾਉਂਦੀ ਰਹੀ। ਬਿਮਾਰ ਪਤੀ ਦੀ ਦੁਹਾਈ ਦਿੰਦੀ ਰਹੀ। ਉਨ੍ਹਾਂ ਮੇਰੀ ਇੱਕ ਵੀ ਨਹੀਂ ਸੁਣੀ। ਕੋਠੀ ਦੇ ਇੱਕ ਬੈੱਡ ਰੂਮ ਵਿੱਚ ਲੈ ਗਏ...। ਮੇਰੇ ਸਰੀਰ ਦੇ ਸਾਰੇ ਕੱਪੜੇ ਉਤਾਰ ਦਿੱਤੇ। ਮੈਂ ਚੁੰਨੀ ਨਾਲ਼ ਆਪਣੇ-ਆਪ ਨੂੰ ਲੁਕੋਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਚੁੰਨੀ ਖਿੱਚ ਲਈ...ਮੇਰੇ ਨਾਲ਼ ਵਾਰੀ-ਵਾਰੀ ਹਰਦੀਪ, ਜਸਵੀਰ, ਸੰਤੋਖ, ਸੁਰਿੰਦਰ ਨੇ ਮੇਰੇ ਨਾਲ਼ ਸਾਰੀ ਰਾਤ ਜਬਰਦਸਤੀ ਕਰਦੇ ਰਹੇ...।" ਅਮਨ ਰੋਣ ਲੱਗ ਪਈ। ਉਸ ਦੀਆਂ ਅੱਖਾਂ ਵਿੱਚੋਂ ਹੰਝੂ ਛਲਕ ਕੋਰਟ ਦੇ ਕਟਹਿਰੇ ਉੱਤੇ ਡਿੱਗ ਪਏ। ਜਦੋਂ ਉਹ ਥੋੜ੍ਹੀ ਸਥਿਰ ਹੋਈ। ਜੱਜ ਸਾਹਬ ਨੇ ਕਿਹਾ।

"ਫਿਰ......।"

"ਮੈਨੂੰ ਕਮਰੇ ਵਿੱਚ ਬੰਦ ਕਰਕੇ ਚਲੇ ਗਏ। ਹਨ੍ਹੇਰਾ ਹੋਣ ਲੱਗਿਆ। ਉਹ ਮੇਰੇ ਕਮਰੇ ਵਿੱਚ ਫਿਰ ਦਾਖਲ ਹੋਏ। ਸ਼ਰਾਬ ਦੀ ਹਬਾੜ ਉਨ੍ਹਾਂ ਦੇ ਮੂੰਹ ਵਿੱਚੋਂ ਆ ਰਹੀ ਸੀ। ਮੇਰੇ ਮੂੰਹ ਵਿੱਚ ਧੱਕੇ ਨਾਲ਼ ਸ਼ਰਾਬ ਪਾਈ...। ਸਾਰੀ ਰਾਤ ਮੈਨੂੰ ਨੋਚਦੇ ਰਹੇ...।" ਅੱਧੇ ਕੁ ਸ਼ਬਦ ਕਹੇ ਅੱਧੇ ਉਸਦੇ ਮੂੰਹ ਵਿੱਚ ਹੀ ਦੱਬ ਗਏ। ਚੁੰਨੀ ਨਾਲ਼ ਅੱਖਾਂ ਪੂੰਜੀਆਂ। ਜੱਜ ਸਾਹਬ ਉਸ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ਼ ਸੁਣ ਰਿਹਾ ਸੀ, ਇੱਕ-ਇੱਕ ਸ਼ਬਦ ਕਲਮ ਬੰਦ ਕਰ ਰਿਹਾ ਸੀ।

"ਮੂੰਹ ਹਨ੍ਹੇਰੇ ਮੈਨੂੰ ਸਹਿਰ ਦੇ ਚੌਂਕ ਵਿੱਚ ਸਿੱਟ ਕੇ ਚਲੇ ਗਏ। ਮੈਨੂੰ ਧਮਕੀਆਂ ਦਿੱਤੀਆਂ "ਜੇ ਕਿਸੇ ਨੂੰ ਦੱਸਿਆ ਤੇਰੇ ਸਾਰੇ ਟੱਬਰ ਨੂੰ ਮਾਰ ਦੇਵਾਂਗੇ...।"

"ਮੇਰਾ ਦਿਲ ਤਾਂ ਕਰ ਰਿਹਾ ਸੀ, ਮੈਂ ਮਰ ਜਾਵਾਂ...। ਮੈਂ ਹਿੰਮਤ ਕਰਕੇ ਉਸੇ ਹਾਲਤ ਵਿੱਚ ਥਾਣੇ 'ਰਪਟ ਲਿਖਾਉਣ ਪਹੁੰਚ ਗਈ...।" ਦੋਵਾਂ ਦੇ ਵਿੱਚ ਚੁੱਪ ਪਸਰ ਗਈ। ਜੱਜ ਸਾਹਬ ਨੇ ਬੈੱਲ ਵਾਲਾ ਬਟਨ ਦਬਾਇਆ। ਪੀਅਨ ਅੰਦਰ ਆਇਆ। ਅਮਨ ਤੋਂ ਬਿਆਨ ਵਾਲੇ ਕਾਗਜ਼'ਤੇ ਦਸਤਖ਼ਤ ਕਰਵਾਏ।

"ਠੀਕ ਹੈ ਤੁਸੀਂ ਜਾਓ...।" ਅਰਦਲੀ ਨੇ ਹਾਕ ਮਾਰੀ ਥਾਣੇਦਾਰ ਜੱਜ ਸਾਹਬ ਕੋਲ਼ ਪਹੁੰਚ ਗਿਆ। ਕੁੱਝ ਦੇਰ ਦੋਵਾਂ ਵਿਚਕਾਰ ਗੱਲਬਾਤ ਹੁੰਦੀ ਰਹੀ। ਅਮਨ ਜਥੇਬੰਦੀਆਂ ਦੇ ਆਗੂਆਂ ਨਾਲ਼ ਆਪਣੇ ਘਰ ਨੂੰ ਚੱਲ ਪਈ। ਥਾਣੇਦਾਰ ਨੇ ਜੱਜ ਨਾਲ਼ ਹੋਈ ਗੱਲਬਾਤ ਤੋਂ ਬਾਅਦ ਗੱਡੀ ਥਾਣੇ ਦੇ ਰਾਹ ਪਾ

ਲਈ। ਅਰਦਲੀ ਆਵਾਜ਼ਾਂ ਮਾਰਨ ਲੱਗ ਪਿਆ। ਅਦਾਲਤ ਦੀ ਅਗਲੀ ਕਾਰਵਾਈ ਸ਼ੁਰੂ ਹੋ ਗਈ।

*******

ਚਾਰੇ ਦੋਸ਼ੀਆਂ ਲਈ ਇਹ ਅਜਿਹਾ ਸ਼ੁਗਲ ਤਾਂ ਆਮ ਜਿਹੀ ਗੱਲ ਸੀ। ਪਿਤਾ ਪੁਰਖੀ ਜਾਇਦਾਦ ਉਨ੍ਹਾਂ ਕੋਲ਼ ਬਹੁਤ ਸੀ। ਮਹਿੰਗੇ ਨਸ਼ੇ ਕਰਨਾ ਵੱਡੀਆਂ ਕਾਰਾਂ 'ਚ ਘੁੰਮਣਾ। ਅਵਾਰਾਗਰਦੀਆਂ, ਲੜਾਈ ਝਗੜੇ ਉਨ੍ਹਾਂ ਦਾ ਸੌਂਕ ਸੀ। ਸਰਕਾਰੇ ਦਰਵਾਰੇ ਪੂਰੀ ਚਲਦੀ। ਕੋਈ ਅਫ਼ਸਰ ਨਜ਼ਰਾਂ ਨਹੀਂ ਸੀ ਮਿਲਾਉਂਦਾ। ਸ਼ਿਕਾਇਤ ਕਰਨ ਤੋਂ ਵੀ ਲੋਕ ਡਰਦੇ ਸੀ। ਇੱਕ ਫ਼ੋਨ 'ਤੇ ਸਭ ਕੁੱਝ ਹੋ ਜਾਂਦਾ ਪਰ ਹੁਣ ਤਾਣੀ ਉਲਝ ਚੁੱਕੀ ਸੀ। ਅਮਨ 'ਤੇ ਦਬਾਅ ਵੀ ਬਹੁਤ ਪਾਇਆ। ਉਸ ਨੂੰ ਮਾਰਨ ਤੱਕ ਦੀਆਂ ਧਮਕੀਆਂ ਦਿੱਤੀ ਗਈਆਂ। ਜਦੋਂ ਗੱਲ ਨਾ ਬਣੀ ਫਿਰ ਪੈਸੇ ਦੇਣ ਦੀ ਕੋਸ਼ਿਸ਼ ਵੀ ਕੀਤੀ ਗਈ। ਜਥੇਬੰਦੀ ਦੇ ਆਗੂਆਂ ਨਾਲ਼ ਬੰਦੇ ਪਾ ਕੇ ਗੱਲ ਤੋਰੀ ਗਈ। ਉਹ ਪੈਰ 'ਤੇ ਪਾਣੀ ਨਹੀਂ ਸੀ ਪੈਣ ਦੇ ਰਹੇ। ਉਹ ਜੇਲ੍ਹ ਭੇਜਣ ਦੀਆਂ ਧਮਕੀਆਂ ਦਿੰਦੇ ਸਨ।

ਜਿਵੇਂ ਘੜੀ ਦੀ ਸੂਈ ਘੁੰਮਦੀ ਜਾ ਰਹੀ ਸੀ। ਉਵੇਂ ਹੀ ਦੋਸ਼ੀਆਂ ਦੀ ਜਾਨ ਕੜਿਕੀ ਵਿੱਚ ਫਸਦੀ ਨਜ਼ਰ ਆ ਰਹੀ ਸੀ। ਕਿਉਂਕਿ ਜੱਜ ਸਾਹਬ ਨੇ ਥਾਣੇਦਾਰ ਤੇ ਸਰਕਾਰੀ ਵਕੀਲ ਦੇ ਕੰਨ ਵਿੱਚ ਫੂਕ ਮਾਰ ਦਿੱਤੀ ਸੀ।

"ਜੇ ਪੰਜ ਵਜੇ ਤੱਕ ਇਨ੍ਹਾਂ ਦਾ ਸਮਝੌਤਾ ਹੁੰਦਾ ਹੈ ਤਾਂ ਠੀਕ ਹੈ, ਉਸ ਤੋਂ ਬਾਅਦ ਮੈਂ ਕੁੱਝ ਨਹੀਂ ਕਰ ਸਕਦਾ...।" ਥਾਣੇਦਾਰ ਨੇ ਦੋਸ਼ੀਆਂ ਦੇ ਪਰਿਵਾਰ ਵਾਲਿਆਂ ਨਾਲ਼ ਗੱਲ ਕੀਤੀ। ਉਹ ਸਮਝੌਤੇ ਲਈ ਭੱਜ ਦੌੜ ਕਰਨ ਲੱਗ ਪਏ। ਗੱਲ ਨਹੀਂ ਸੀ ਬਣ ਰਹੀ। ਵਕੀਲਾਂ ਨੂੰ ਵਿੱਚ ਪਾਇਆ ਗਿਆ। ਜਦੋਂ ਅਮਨ 'ਤੇ ਸਮਝੋਤੇ ਲਈ ਜਿਆਦਾ ਦਬਾਅ ਪਾਇਆ ਜਾਣ ਲੱਗਿਆ ਤਾਂ ਜਥੇਬੰਦੀ ਵਾਲੇ ਉਸ ਨੂੰ ਆਪਣੇ ਦਫ਼ਤਰ ਵਿੱਚ ਲੈ ਗਏ। ਵੱਡਾ ਰੋੜਾ ਉਨ੍ਹਾਂ ਲਈ ਜਥੇਬੰਦੀ ਸੀ। ਥਾਣੇਦਾਰ ਤੇ ਵਕੀਲਾਂ ਨੇ ਬੰਦੇ ਪਾਕੇ ਜਥੇਬੰਦੀ ਦੇ ਬੰਦੇ ਪੱਟਣੇ ਸ਼ੁਰੂ ਕੀਤੇ। ਉਨ੍ਹਾਂ ਨੂੰ ਲਾਲਚ ਦਿੱਤੇ ਜਾਣ ਲੱਗੇ। ਜਥੇਬੰਦੀ ਦੇ ਅਹੁਦੇਦਾਰਾਂ ਨੇ ਅਮਨ ਨਾਲ਼ ਸਮਝੌਤੇ ਬਾਰੇ ਗੱਲ ਕੀਤੀ। ਉਸ ਨੇ ਸਾਰੀ ਗੱਲ ਉਨ੍ਹਾਂ 'ਤੇ ਸਿੱਟ ਦਿੱਤੀ। ਪੰਜ ਲੱਖ ਤੋਂ ਗੱਲ ਚੱਲਕੇ ਚਾਲੀ ਲੱਖ 'ਚ ਸਮਝੌਤਾ ਤੈਅ ਹੋਇਆ। ਥਾਣੇਦਾਰ,ਵਕੀਲਾਂ ਅਤੇ ਹੋਰਾਂ ਨੂੰ ਅਲੱਗ ਤੋਂ ਪੈਸੇ ਦਿੱਤੇ ਗਏ। ਰਕਮ ਲੈਣ ਤੋਂ ਬਾਅਦ ਅਮਨ ਤੋਂ ਇੱਕ ਹਲਫ਼ਨਾਵਾਂ ਲਿਆ ਜਿਸ ਵਿੱਚ ਲਿਖਿਆ ਸੀ। "ਮੈਂ ਕੋਈ ਕੇਸ ਨਹੀਂ ਕਰਨਾ ਚਾਹੁੰਦੀ...ਮੇਰੇ ਨਾਲ਼...।" ਜਥੇਬੰਦੀ ਨੇ ਪੈਤੀਂ ਲੱਖ ਅਮਨ ਨੂੰ ਦਿੱਤਾ ਤੇ ਪੰਜ ਆਪਣੇ ਫੰਡ ਲਈ ਅਮਨ ਦੀ ਮਰਜੀ ਨਾਲ਼ ਰੱਖ ਲਿਆ। ਅਮਨ ਨੂੰ ਵੀ ਕੋਈ ਇਤਰਾਜ ਨਹੀਂ ਸੀ। ਔਖੇ ਵੇਲੇ ਅਮਨ ਦੀ ਬਾਂਹ ਵੀ ਜਥੇਬੰਦੀ ਨੇ ਹੀ ਫੜੀ ਸੀ। ਉਨ੍ਹਾਂ ਦੀ ਬਦੌਲਤ ਸਭ ਹੋ ਰਿਹਾ ਸੀ। ਉਸ ਕੋਲ਼ ਤਾਂ ਕੱਖ ਵੀ ਨਹੀਂ ਸੀ। ਜੋ ਖ਼ਰਚ ਕਰ ਰਹੇ ਸੀ ਜਥੇਬੰਦੀ ਦੇ ਬੰਦੇ ਹੀ ਕਰ ਰਹੇ ਸਨ।

*****

ਅਮਨ ਦੇ ਦੋ ਮੁੰਡੇ ਸਨ। ਇੱਕ ਦੋ ਕੁ ਸਾਲ ਦਾ ਦੂਸਰਾ ਚਾਰ ਕੁ ਸਾਲ ਦਾ ਸੀ। ਉਸ ਦਾ ਪਤੀ ਜੀਤ ਸਿੰਘ ਕਾਰਾਂ ਦਾ ਮਕੈਨਿਕ, ਬਹੁਤ ਮਿਹਨਤੀ ਇਨਸਾਨ ਸੀ। ਅਮਨ ਲਈ ਘਰ ਵਿੱਚ ਕਿਸੇ ਚੀਜ ਦੀ ਕਮੀਂ ਨਹੀਂ ਸੀ ਰਹਿਣ ਦਿੰਦਾ। ਬੱਚਿਆਂ ਦੀ ਪਰਵਰਿਸ਼ ਵਧੀਆਂ ਤਰੀਕੇ ਨਾਲ਼ ਕਰ ਰਿਹਾ ਸੀ। ਵੱਡਾ ਮੁੰਡਾ ਚੰਗੇ ਪ੍ਰਾਈਵੇਟ ਸਕੂਲ ਵਿੱਚ ਪੜ੍ਹ ਰਿਹਾ ਸੀ।

ਪਿਛਲੇ ਵਰੇ ਜਦੋਂ ਜੀਤ ਵਰਕਸਾਪ ਤੋਂ ਘਰ ਵਾਪਸ ਆ ਰਿਹਾ ਸੀ। ਉਸ ਦੇ ਮੋਟਰਸਾਇਕਲ ਨੂੰ ਕੋਈ ਕਾਰ ਵਾਲਾ ਟੱਕਰ ਮਾਰ ਗਿਆ। ਉਸ ਦੀ ਰੀੜ ਦੀ ਹੱਡੀ 'ਤੇ ਸੱਟ ਲੱਗ ਗਈ। ਇਸ ਸੱਟ ਕਾਰਨ ਉਹ ਮੰਜੇ ਨਾਲ਼ ਜੁੜ ਗਿਆ। ਬਹੁਤ ਇਲਾਜ ਕਰਵਾਇਆ ਕੋਈ ਫਰਕ ਨਹੀਂ ਸੀ ਪੈ ਰਿਹਾ। ਜਿੱਥੇ ਦੁਕਾਨ ਦਾ ਕੰਮ ਬੰਦ ਹੋਇਆ। ਉੱਥੇ ਅਮਨ ਦੇ ਗਹਿਣੇ ਤੇ ਘਰ ਵੀ ਉਸ ਦੇ ਇਲਾਜ ਤੇ ਲੱਗ ਗਿਆ। ਸਾਰਾ ਬੋਝ ਹੁਣ ਅਮਨ 'ਤੇ ਸੀ। ਕਮਾਈ ਦਾ ਕੋਈ ਸਾਧਨ ਨਹੀਂ ਸੀ। ਘਰ ਤੋਰਨਾ ਮੁਸ਼ਕਲ ਹੋਇਆ ਪਿਆ ਸੀ। ਅਮਨ ਤੇ ਜੀਤ ਦੇ ਘਰ ਵਾਲ਼ੇ ਉਸ ਦੀ ਕੋਈ ਮੱਦਦ ਨਹੀਂ ਸੀ ਕਰ ਰਹੇ। ਕਿਉਂਕਿ ਦੋਵਾਂ ਨੇ ਆਪਣੀ ਮਰਜ਼ੀ ਨਾਲ਼ ਅੰਤਰਜਾਤੀ ਵਿਆਹ ਕਰਵਾਇਆ ਸੀ। ਇੱਕ ਸਾਲ ਤੋਂ ਮੁੰਡੇ ਦੀ ਸਕੂਲ ਫੀਸ ਖੜ੍ਹੀ ਸੀ। ਉਹ ਹਰ ਰੋਜ਼ ਨੋਟਿਸ ਭੇਜਦੇ। ਕੁੱਝ ਦਿਨ ਪਹਿਲਾਂ ਤਾਂ ਸਕੂਲ ਵਾਲਿਆਂ ਨੇ ਹੱਦ ਹੀ ਕਰ ਦਿੱਤੀ ਸੀ। ਬੱਚੇ ਨੂੰ ਸਕੂਲ 'ਚੋਂ ਵਾਪਸ ਭੇਜ ਦਿੱਤਾ ਕਹਿੰਦੇ "ਜਿੰਨ੍ਹਾਂ ਚਿਰ ਪੂਰੇ ਪੈਸੇ ਨਹੀਂ ਭਰਦੇ ਸਕੂਲ ਨਹੀਂ ਵੜਨਾ...।" ਬੱਚਾ ਰੋਂਦਾ-ਰੋਂਦਾ ਘਰ ਆ ਗਿਆ ਸੀ। ਅਮਨ ਅੰਦਰ ਤੱਕ ਹਿੱਲ ਗਈ, ਜੀਤ ਦੀਆਂ ਦਵਾਈਆਂ ਦਾ ਖ਼ਰਚ ਪੂਰਾ ਨਹੀਂ ਸੀ ਹੋ ਰਿਹਾ। ਹੁਣ ਉਸ ਦੇ ਲਾਡਲੇ ਨੂੰ ਸਕੂਲ 'ਚੋਂ ਕੱਢ ਦਿੱਤਾ ਸੀ। ਉਹ ਬਹੁਤ ਰੋਈ ਜੀਤ ਵੀ ਮੰਜੇ 'ਤੇ ਪਿਆ ਅੰਦਰੋ-ਅੰਦਰ ਝੁਰੀਂ ਜਾਂਦਾ। ਅਮਨ ਦਾ ਦਰਦ ਉਹ ਸਮਝਦਾ ਸੀ। ਜੇ ਕੋਈ ਹੋਰ ਹੁੰਦੀ ਹੁਣ ਤੱਕ ਤਾਂ ਉਸ ਦਾ ਸਾਥ ਸਾਇਦ ਛੱਡ ਜਾਂਦੀ। ਅਮਨ ਨੇ ਕਦੇ ਵੀ ਉਸ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਹੋਣ ਦਿੱਤਾ। ਅਮਨ ਦੇ ਦਿਮਾਗ਼ ਤੇ ਅੱਖਾਂ ਅੱਗੇ ਹਨੀਪ੍ਰੀਤ ਘੁੰਮਣ ਲੱਗੀ। ਜਿੱਥੇ ਹੁਣ ਉਹ ਕਰਾਏ ਦੇ ਮਕਾਨ ਵਿੱਚ ਰਹਿ ਰਹੇ ਹਨ। ਪੰਜ ਘਰ ਛੱਡਕੇ ਉਸ ਦਾ ਘਰ ਸੀ। ਉਹ ਉਸ ਕੋਲ਼ ਲੰਘਦੀ ਟੱਪਦੀ ਆ ਜਾਂਦੀ ਸੀ। ਬਹੁਤ ਵਾਰ ਅਮਨ ਨੇ ਉਸ ਤੋਂ ਉਧਾਰ ਪੈਸੇ ਲੈ ਕੇ ਵੀ ਵਰਤੇ ਸਨ। ਹਨੀ ਆਪਣੀ ਬੇਟੀ ਨਾਲ਼ ਰਹਿੰਦੀ ਸੀ। ਘਰਵਾਲੇ ਨਾਲ਼ ਤਲਾਕ ਹੋਇਆ ਸੀ। ਬੜੀ ਐਸ਼ ਦੀ ਜ਼ਿੰਦਗੀ ਜਿਉਂ ਰਹੀਆਂ ਸਨ ਦੋਵੇਂ ਮਾਵਾਂ ਧੀਆਂ। ਉਸ ਦੇ ਘਰ ਕਿਸੇ ਵੀ ਚੀਜ ਦੀ ਕਮੀਂ ਨਹੀਂ ਸੀ। ਮਹਿੰਗੀਆਂ ਤੋਂ ਮਹਿੰਗੀਆਂ ਚੀਜਾਂ ਉਸ ਨੇ ਘਰ ਸਜਾਉਂਣ ਲਈ ਰੱਖੀਆਂ ਹੋਈਆਂ ਸਨ। ਮਹਿੰਗੇ

ਫ਼ੈਸ਼ਨਨੁਮਾ ਸੂਟ ਪਾਉਣੇ ਉਸ ਲਈ ਆਮ ਜਿਹੀ ਗੱਲ ਸੀ। ਅਮਨ ਨੂੰ ਪਤਾ ਸੀ ਉਹ ਦੇਹ ਦਾ ਧੰਦਾ ਕਰਦੀ ਹੈ। ਉਸ ਨੂੰ ਖਿਆਲ਼ ਆਇਆ।ਆਪਣੇ-ਆਪ ਨਾਲ਼ ਗੱਲ ਕੀਤੀ।

"ਜੇ ਉਹ ਮੰਨ ਜਾਵੇ! ਮੈਂ ਉਸਨੂੰ ਪੁੱਛਦੀ ਹਾਂ। ਮੈਨੂੰ ਵੀ ਨਾਲ਼ ਲੈ ਚੱਲੇ...। ਮੇਰੇ ਬੱਚੇ ਦੀ ਫ਼ੀਸ ਤਾਂ ਭਰੀ ਜਾਊ...।" ਹੋਰ ਕੋਈ ਹੀਲਾ-ਵਸੀਲਾ ਨਹੀਂ ਸੀ ਬਚਿਆ ਉਸ ਕੋਲ਼।ਜਿਹੜੇ ਘਰਾਂ ਵਿੱਚ ਉਹ ਕੰਮ ਕਰਨ ਜਾਂਦੀ ਸੀ, ਉਹ ਵੀ ਤਾਂ ਫਰੀ 'ਚ ਉਸ ਦਾ ਮਾਸ ਨੋਚਣ ਨੂੰ ਫਿਰਦੇ ਸਨ। ਉਸ ਦੇ ਅੰਗਾਂ ਨੂੰ ਨਿਹਾਰਦੇ ਰਹਿੰਦੇ। ਆਖ਼ਿਰ ਉਸ ਨੇ ਫ਼ੈਸਲਾ ਲੈ ਲਿਆ। ਹਨੀ ਨਾਲ਼ ਜਾਣ ਦਾ। ਕਈ ਵਾਰ ਉਹ ਹਨੀ ਦੇ ਘਰ ਗੇੜਾ ਮਾਰ ਆਈ ਸੀ ਪਰ ਉਹ ਨਾ ਮਿਲੀ। ਸ਼ਾਮ ਦੇ ਪੰਜ ਕੁ ਵਜੇ ਉਹ ਘਰ ਮੁੜੀ। ਅਮਨ ਉਸ ਦੀ ਬਿੜਕ ਰੱਖ ਰਹੀ ਸੀ।ਕਈ ਬਾਰ ਮੁੰਡੇ ਨੂੰ ਵੀ ਉਸ ਦੇ ਘਰ ਭੇਜਿਆ ਸੀ। ਮੁੰਡੇ ਨੇ ਹੀ ਆ ਕੇ ਦੱਸਿਆ ਸੀ।

"ਮੰਮੀ! ਆਂਟੀ ਆ ਗਈ...।" ਅਮਨ ਉਸ ਸਮੇਂ ਕੱਪੜੇ ਧੋ ਰਹੀ ਸੀ।ਕੱਪੜੇ ਵਿਚਾਲੇ ਛੱਡ ਉਹ ਉਸ ਦੇ ਘਰ ਵੱਲ ਨੂੰ ਤੁਰ ਪਈ।ਅਮਨ ਨੇ ਉਸ ਦੇ ਘਰ ਦੀ ਡੋਰ ਬੈੱਲ ਦੇ ਬਟਨ'ਤੇ ਉਂਗਲੀ ਧਰੀ।ਕਈ ਬਾਰ ਉਸਨੇ ਦਿਮਾਗ਼ ਦੇ ਘੋੜੇ ਦੌੜਾਏ।

"ਮੈਂ ਉਸ ਨਾਲ਼ ਗੱਲ ਕਿਵੇਂ ਸ਼ੁਰੂ ਕਰੂੰਗੀ...,ਕਿ ਉਹ ਮੰਨ ਜਾਵੇਗੀ।ਕਿਤੇ ਮੇਰੇ ਗਲ ਹੀ ਨਾ ਪੈ ਜਾਵੇ...।ਚਾਹੇ ਉਹ ਇਹ ਧੰਦਾ ਕਰਦੀ ਹੈ ਪਰ ਚੋਰੀ ਛੁਪੇ ਕਰਦੀ ਐ...।" ਗੇਟ ਖੁੱਲ੍ਹ ਗਿਆ ਅਮਨ ਖ਼ਿਆਲਾਂ ਵਿੱਚੋਂ ਬਾਹਰ ਨਿੱਕਲੀ।ਗੇਟ ਹਨੀ ਨੇ ਹੀ ਖੋਲ੍ਹਿਆ ਸੀ।

"ਆ ਅਮਨ ਅੰਦਰ ਲੰਘ ਆ...।" ਹਨੀ ਨੇ ਕਿਹਾ।ਦੋਵੇਂ ਡਰਾਇੰਗ ਰੂਮ ਅੰਦਰ ਚਲੀਆਂ ਗਈਆਂ। ਹਨੀ ਦੀ ਬੇਟੀ ਬਾਹਰ ਗਲੀ ਵਿੱਚ ਖੇਡਣ ਚਲੀ ਗਈ। ਅਮਨ ਸੋਚ ਰਹੀ ਸੀ ਗੱਲ ਕਿਵੇਂ ਸ਼ੁਰੂ ਕਰੇ। ਅਖ਼ੀਰ ਉਸ ਨੇ ਗਲੇ ਵਿੱਚ ਅਟਕੇ ਬੋਲ ਬਾਹਰ ਕੱਢੇ।

"ਹਨੀ ਭੈਣ! ਅੱਜ ਮੇਰੇ ਬੱਚੇ ਨੂੰ ਸਕੂਲ 'ਚੋਂ ਕੱਢ ਦਿੱਤਾ।ਤੈਨੂੰ ਤਾਂ ਪਤਾ ਐ, ਮੈਥੋਂ ਫ਼ੀਸ ਨਹੀਂ ਭਰੀ ਗਈ, ਉਸ ਵਿਚਾਰੇ ਦੀ...। ਜੇ ਤੁਸੀਂ ਮੇਰੇ'ਤੇ ਇੱਕ ਹੋਰ ਅਹਿਸਾਨ ਕਰ ਦੇਵੋਂ...।" ਅਮਨ ਬਿਨਾ ਰੁਕੇ ਗੱਲ ਕਰਦੀ ਜਾ ਰਹੀ ਸੀ।ਉਹ ਤਾਂ ਬਹੁਤ ਕੁੱਝ ਹੋਰ ਬੋਲਣ ਚਾਹੁੰਦੀ ਸੀ। ਹਨੀ ਨੇ ਵਿੱਚੋਂ ਟੋਕ ਦਿੱਤਾ।

"ਅਮਨ ਦੇਖ ਮੇਰੇ ਕੋਲ਼ ਪੈਸੇ ਤਾਂ ਹੈ ਨਹੀਂ, ਅੱਜ ਹੀ ਮੈਂ ਐੱਲ.ਆਈ.ਸੀ. ਦੀਆਂ ਕਿਸਤਾਂ ਭਰਕੇ ਆਈ ਹਾਂ...।"

"ਮੈਂ ਤੁਹਾਡੇ ਕੋਲੋਂ! ਪੈਸੇ ਨਹੀਂ ਲੈਣ ਆਈ, ਮੈਂ ਤੁਹਾਡੇ ਪਹਿਲਾਂ ਵੀ ਦੇਣੇ ਨੇ। ਮੇਰੇ ਕੋਲ਼ ਮੋੜਨ ਦਾ ਕੋਈ ਸਾਧਨ ਨਹੀਂ।ਮੇਰੇ 'ਤੇ ਇੱਕ ਅਹਿਸਾਨ ਹੋਰ ਕਰ ਦੇ...।"

"ਅਹਿਸਾਨ ! ਕਾਹਦਾ...।" ਹਨੀ ਨੇ ਦੋ ਸ਼ਬਦ ਹੀ ਮੂੰਹ'ਚੋਂ ਕੱਢੇ।

"ਮੈਂ ਤਾਂ ਆਏਂ ਕਹਿੰਦੀ ਸੀ...।" ਅਮਨ ਇੱਕ ਦਮ ਚੁੱਪ ਹੋ ਗਈ।ਬੁੱਲਾਂ'ਤੇ ਆ ਕੇ ਬੋਲ਼ ਅਟਕ ਗਏ'ਤੇ ਅੱਖਾਂ ਭਰ ਅਈਆਂ।ਉਸ ਨੇ ਸਾਰੀ ਹਿੰਮਤ ਇਕੱਠੀ ਕਰ ਕੇ ਸ਼ਬਦ ਇਕੱਤਰ ਕੀਤੇ,ਉਸ ਦੇ ਸਾਹਮਣੇ ਰੱਖ ਦਿੱਤੇ।

!"ਜੇ! ਤੁਸੀਂ ਮੈਨੂੰ ਆਪਣੇ ਨਾਲ਼ ਕੰਮ 'ਤੇ ਲੈ ਚੱਲਿਆ ਕਰੋ...। ਹੁਣ ਮੇਰੇ ਕੋਲ਼ ਹੋਰ ਕੋਈ ਚਾਰਾ ਨਹੀਂ...।" ਹੰਝੂ ਉਸ ਦੀਆਂ ਗੋਰੀਆਂ ਗੱਲਾਂ 'ਤੇ ਆ ਗਏ। ਦੋਵਾਂ ਦੇ ਵਿੱਚ ਚੁੱਪ ਪਸਰ ਗਈ।ਚੁੱਪ ਦੇ ਸੰਨਾਟੇ ਤੋਂ ਬਾਅਦ ਹਨੀ ਨੇ ਉਸ ਨੂੰ ਗਲ ਨਾਲ਼ ਲਾ ਲਿਆ ਤੇ ਬੋਲ਼ੀ।"ਅਮਨ ਇਹ ਅਜਿਹੀ ਦਲਦਲ ਹੈ ਜਿਸ ਵਿੱਚ ਬੰਦਾ ਇੱਕ ਵਾਰ ਵੜ ਜਾਂਦਾ ਹੈ, ਫਿਰ ਨਿੱਕਲਣਾ ਮੁਸ਼ਕਲ ਹੋ ਜਾਂਦਾ ਹੈ।ਬਦਨਾਮੀ ਹੀ ਬਦਨਾਮੀ ਹੈ...।" ਹਨੀ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ।"ਮੇਰੇ ਕੋਲ਼ ਹੋਰ ਕੋਈ ਚਾਰਾ ਨਹੀਂ, ਉਨ੍ਹਾਂ ਦੀਆਂ ਦਵਾਈਆਂ ਬਹੁਤ ਮਹਿੰਗੀਆਂ ਆਉਂਦੀਆਂ ਨੇ, ਬੱਚੇ ਭੁੱਖੇ ਮਰਨ ਕਿਨਾਰੇ ਨੇ, ਮੇਰੇ ਕੋਲ਼ ਕੋਈ ਪੈਸਾ ਨਹੀਂ...।" ਉਸ ਨੇ ਆਪਣੇ ਮਨ ਦੀ ਉਸ ਨੂੰ ਸੁਣਾ ਦਿੱਤੀ।

!"ਜਦੋਂ ਮੇਰੀ ਕਿਸੇ ਨਾਲ਼ ਗੱਲ ਹੋਈ! ਮੈਂ ਦੱਸ ਦੇਵਾਂਗੀ...।" ਹਨੀ ਨੇ ਅਮਨ ਨੂੰ ਆਪਣਾ ਮੋਬਾਇਲ ਨੰਬਰ ਦੇ ਦਿੱਤਾ। ਅਮਨ ਘਰ ਨੂੰ ਤੁਰ ਪਈ। ਹਨੀ ਕਿੰਨ੍ਹਾਂ ਚਿਰ ਉਸਨੂੰ ਜਾਂਦੀ ਨੂੰ ਤੱਕਦੀ ਰਹੀ...। ਤਿੰਨ ਦਿਨਾਂ ਬਾਅਦ ਸ਼ਾਮ ਪੰਜ ਕੁ ਵਜੇ ਅਮਨ ਦੇ ਮੋਬਾਇਲ'ਤੇ ਹਨੀ ਨਾਂ ਦੀ ਰਿੰਗ ਵੱਜੀ।"ਅਮਨ ਅੱਜ ਆਪਾਂ ਨਾਇਟ ਲਾ ਕੇ ਆਉਣੀ ਐ।ਪੈਸੇ ਵੀ ਵਧੀਆ ਮਿਲਣਗੇ। ਤੂੰ ਤਿਆਰ ਰਹੀਂ...। ਮੈਂ ਤੈਨੂੰ ਕਾਲ਼ ਕਰ ਦਿਉਂ...। " "ਠੀਕ ਐ ਦੀਦੀ...।" ਫ਼ੋਨ ਬੰਦ ਹੋ ਗਿਆ। ਅਮਨ ਨੇ ਪਹਿਲਾਂ ਮੰਜੇ'ਤੇ ਪਏ ਆਪਣੇ ਪਤੀ ਵੱਲ ਤੱਕਿਆ ਫਿਰ ਵਿਹੜੇ ਵਿੱਚ ਖੇਡ ਰਹੇ ਬੱਚਿਆਂ'ਤੇ ਨਜ਼ਰ ਮਾਰੀ। ਇੱਕ ਹੌਂਕਾ ਲਿਆ। "ਅੱਜ ਕਿਸ ਮੋੜ 'ਤੇ ਖੜ੍ਹੀ ਹਾਂ।"ਅੱਠ ਕੁ ਵਜੇ ਹਨੀ ਨੇ ਅਮਨ ਨੂੰ ਫ਼ੋਨ ਕਰਕੇ ਸ਼ਹਿਰ ਦੇ ਚੌਂਕ ਵਿੱਚ ਬੁਲਾ ਲਿਆ। ਬਿਮਾਰ ਪਤੀ ਤੇ ਬੱਚਿਆਂ ਨੂੰ ਛੱਡ ਉਹ ਬਦਨਾਮ ਰਾਹਾਂ ਵੱਲ ਨੂੰ ਤੁਰ ਪਈ ਸੀ। ਚੌਂਕ ਵਿੱਚੋਂ ਕਾਰ ਉਨ੍ਹਾਂ ਨੂੰ ਲੈ ਕੇ ਹਰੀਪੁਰ ਦੇ ਰਾਹਾਂ ਵੱਲ ਨੂੰ ਦੌੜ ਪਈ। ਅਮਨ ਕਾਰ ਦੀ ਖਿੜਕੀ ਵਿੱਚੋਂ ਖੇਤਾਂ ਵਿੱਚ ਲੱਗੇ ਦਰਖ਼ਤਾਂ ਨੂੰ ਗਹੁ ਨਾਲ਼ ਦੇਖ ਰਹੀ ਸੀ। ਦਰਖ਼ਤ ਵੀ ਉਸ ਨੂੰ ਆਪਣੇ ਵਰਗੇ ਲੱਗ ਰਹੇ ਸਨ। ਹਨੇਰੀਆਂ ਝੱਖੜਾਂ ਦੇ ਝੰਭੇ। ਹਨੀ ਕਾਰਵਾਲੇ ਮੁੰਡੇ ਨਾਲ਼ ਗੱਲਾਂ ਵਿੱਚ ਮਸਤ ਸੀ। ਗੱਲਾਂ-ਗੱਲਾਂ ਵਿੱਚ ਹਨੀ ਨੇ ਪਤਾ ਕੀਤਾ। ਜਿੱਥੇ ਉਨ੍ਹਾਂ ਨੇ ਜਾਣਾ ਸੀ ਉਸ ਕੋਠੀ ਵਿੱਚ ਚਾਰ ਜਣੇ ਸੀ। ਸ਼ਹਿਰ ਤੋਂ ਸੱਤ ਕਿਲੋਮੀਟਰ'ਤੇ ਖੇਤਾਂ ਵਿੱਚ ਬਣੀ ਕੋਠੀ ਦੇ ਗੇਟ ਅੰਦਰ ਕਾਰ ਦਾਖਲ ਹੋਈ। ਹਰਦੀਪ,ਜਸਵੀਰ,ਸੰਤੋਖ ਤੇ

ਸੁਰਿੰਦਰ ਹੋਰਾਂ ਨਾਲ਼ ਉਨ੍ਹਾਂ ਦੀ ਮੁਲਾਕਾਤ ਕਰਵਾਈ। ਉਨ੍ਹਾਂ ਤੋਂ ਇਲਾਵਾ ਕੋਠੀ ਵਿੱਚ ਕੋਈ ਵੀ ਨਹੀਂ ਸੀ। ਉਨ੍ਹਾਂ ਨੂੰ ਉਤਾਰ ਕੇ ਕਾਰ ਵਾਪਸ ਚਲੀ ਗਈ। ਹਨੀ ਦੇ ਫ਼ੋਨ ਕਰਨ 'ਤੇ ਵਾਪਸ ਆ ਜਾਣਾ ਸੀ।ਕੁੱਝ ਕਰਾਇਆ ਭਾੜਾ ਕਾਰ ਵਾਲੇ ਨੂੰ ਵੀ ਦੋਵੇਂ ਪਾਸਿਆਂ ਤੋਂ ਮਿਲ ਜਾਣਾ ਸੀ। ਉਨ੍ਹਾਂ ਚਾਰਾਂ ਦੀਆਂ ਤਾਂ ਉਨ੍ਹਾਂ ਨੂੰ ਦੇਖ ਲਾਲਾਂ ਟਪਕ ਰਹੀਆਂ ਸਨ। ਸੁਰਿੰਦਰ ਨੇ ਤਾਂ ਅਮਨ ਦਾ ਮੂੰਹ ਵੀ ਚੁੰਮ ਲਿਆ ਸੀ। ਕੋਠੀ ਅੰਦਰ ਦਾਖਲ ਹੋਏ ਡਰਾਇੰਗ ਰੂਮ ਵਿੱਚ ਮੇਜ਼ 'ਤੇ ਦਾਰੂ ਦੀਆਂ ਬੋਤਲਾਂ, ਗਲਾਸ ਤੇ ਸਿਗਰਟਾਂ ਦੇ ਧੂੰਏ ਦੀ ਗੰਧ ਆ ਰਹੀ ਸੀ। ਅਮਨ ਨੇ ਇੱਕ ਵਾਰ ਤਾਂ ਨੱਕ ਨੂੰ ਚੁੰਨੀ ਨਾਲ਼ ਢੱਕਿਆ। ਕੁੱਝ ਸਮੇਂ ਬਾਅਦ ਉਹ ਦੋਵੇਂ ਜਣੀਆਂ ਦੇ ਸਰੀਰ 'ਤੇ ਇੱਕ ਵੀ ਕੱਪੜਾ ਨਹੀਂ ਸੀ। ਨਸ਼ਾ ਕਰ-ਕਰ ਸਾਰੀ ਰਾਤ ਉਹ ਚਾਰੇ ਬਦਲ-ਬਦਲ ਉਨ੍ਹਾਂ ਦੋਵਾਂ ਨੂੰ ਭੋਗਦੇ ਰਹੇ।ਚਾਰ ਕੁ ਵਜੇ ਹਨੀ ਨੇ ਕਾਰਵਾਲੇ ਨੂੰ ਫ਼ੋਨ ਕਰ ਦਿੱਤਾ। ਉਨ੍ਹਾਂ ਤੋਂ ਪੈਸਿਆਂ ਦੀ ਮੰਗ ਕੀਤੀ।

"ਅਸੀ ਜਾਣਾ ਐ! ਪੈਸੇ ਦੇ ਦਿਓ...।"

"ਕਿਹੜੇ ਪੈਸੇ! ਕਾਹਦੇ ਪੈਸੇ...।" ਹਰਜੀਤ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਹਨੀ ਨੂੰ ਲੱਗਿਆ ਉਹ ਮਜ਼ਾਕ ਕਰ ਰਿਹਾ। ਪਰ ਉਹ ਸਾਰੇ ਹੀ ਪੈਸੇ ਦੇਣ ਤੋਂ ਮੁੱਕਰ ਗਏ। ਦੋਵਾਂ ਵਿੱਚ ਤਕਰਾਰ ਵਧ ਗਈ। ਉਹ ਪੈਰ 'ਤੇ ਪਾਣੀ ਨਹੀਂ ਸੀ ਪੈਣ ਦੇ ਰਹੇ। ਅਮਨ ਆਪਣੇ ਟੁੱਟੇ ਸਰੀਰ ਨੂੰ ਲਈ ਇਹ ਸਭ ਡਰਾਮਾ ਦੇਖ ਰਹੀ ਸੀ। ਕੁੱਝ ਸਮੇਂ ਬਾਅਦ ਕਾਰ ਵੀ ਆ ਗਈ। ਉਨ੍ਹਾਂ ਦੀ ਬਹਿਸਬਾਜੀ ਚੱਲ ਰਹੀ ਸੀ। ਉਸ ਨੇ ਵੀ ਕਿਹਾ।

"ਇਹ ਤੁਹਾਡੀ ਮਾੜੀ ਗੱਲ ਐ ! ਸੁਰਿੰਦਰ ਪੈਸੇ ਤਾਂ ਦਿਓ ਵਿਚਾਰੀਆਂ ਦੇ...।" ਉਹ ਜਿਵੇਂ ਅੜ ਹੀ ਗਏ ਹੋਣ। ਹਨੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ।

"ਇਹ ਵਿਚਾਰੀ ਪਹਿਲੀ ਵਾਰ ਆਈ ਐ...। ਇਸ ਨੂੰ ਤਾਂ ਪੈਸੇ ਦੇ ਦਿਓ ਮੇਰੇ ਚਾਹੇ ਨਾ ਦਿਓ...।"

"ਤੁਹਾਡੇ ਵਰਗੀਆਂ ਲੰਡਰਾਂ, ਸਾਡੇ ਕੋਲ਼ ਹਰ ਰੋਜ਼ ਆਉਂਦੀਆਂ ਨੇ...।" ਇਹ ਸਭ ਸੁਣ ਅਮਨ ਰੋਣ ਲੱਗ ਪਈ।ਉਨ੍ਹਾਂ ਅੱਗੇ ਹੱਥ ਜੋੜ ਖੜ੍ਹੀ ਹੋਈ।

"ਮੈਂ ਬੱਚਿਆਂ ਦੀ ਫੀਸ ਭਰਨੀ ਐ...ਘਰਵਾਲੇ ਦੀ ਦਵਾਈ ਲੈਣੀ ਹੈ...। ਹਾੜਾ ਮੇਰੇ ਪੈਸੇ ਦੇ ਦਿਓ...।" ਮਿੰਨਤਾਂ ਤਰਲੇ ਕਰਨ ਲੱਗੀ।

'ਅਸੀਂ ਥੋਡੇ ਜਵਾਕਾਂ ਦੀ ਫੀਸ ਦਾ ਠੇਕਾ ਲਿਆ। ਅਸੀਂ ਤਾਂ ਲੋਕਾਂ ਦੇ ਜਵਾਕ ਹੀ ਪਾਲਦੇ ਰਹਿ ਜਾਂਗੇ। ਜਾਓ ਕੁੱਤੀਆਂ ਜਨਾਨੀਆਂ...।" ਜਸਵੀਰ ਗੁੱਸੇ 'ਚ ਬੋਲਿਆ।ਉਨ੍ਹਾਂ ਨੂੰ ਭੋਰਾ ਵੀ ਤਰਸ ਨਹੀਂ ਸੀ ਆਇਆ। ਅਮਨ ਨੂੰ ਗੁੱਸਾ ਆਇਆ।

"ਮੈਂ ਥਾਣੇ ਜਾਊਂਗੀ...। ਸਾਰੀ ਰਾਤ ਸਾਨੂੰ ਨੋਚਦੇ ਰਹੇ।ਪੈਸੇ ਦੇਣ ਨੂੰ ਮੁੱਕਰ ਗਏ...।"

"ਜਾਹ ਜਿੱਥੇ ਮਰਜੀ! ਜੋ ਕਰਨਾ ਉਹ ਕਰ ਲਈਂ ...।" ਅਮਨ ਨੂੰ ਬੋਲਦੀ ਦੇਖ ਸੰਤੋਖ ਪਿਸਤੌਲ ਚੱਕ ਲਿਆਇਆ ਸੀ ਤੇ ਅਮਨ ਦੇ ਦੋ ਥੱਪੜ ਜੜ੍ਹ ਦਿੱਤੇ। ਦੋਵਾਂ ਵਿੱਚ ਖਿੱਚ ਧੂਹ ਹੋ ਗਈ। ਅਮਨ ਦੇ ਕੱਪੜੇ ਵੀ ਫਟ ਗਏ। ਕਾਰ ਵਾਲੇ ਨਾਲ਼ ਵੀ ਉਨ੍ਹਾਂ ਦੀ ਹੱਥੋਪਾਈ ਹੋ ਗਈ। ਹਨੀ ਬਹੁਤਾ ਤਕਰਾਰ ਵਿੱਚ ਨਹੀਂ ਸੀ ਪੈਣਾ ਚਾਹੁੰਦੀ। ਉਨ੍ਹਾਂ ਨੂੰ ਧੱਕ ਕੇ ਉਸ ਨੇ ਗੱਡੀ ਵਿੱਚ ਬਿਠਾਅ ਲਿਆ। ਉਹ ਤਿੰਨੇ ਕਾਰ ਵਿੱਚ ਬੈਠ ਵਾਪਸ ਖਾਲ੍ਹੀ ਹੱਥ ਪਰਤ ਗਏ।

"ਮੈਂ ਇਨ੍ਹਾਂ ਨੂੰ ਸਬਕ ਸਿਖਾਕੇ ਰਹੂੰ।" ਅਮਨ ਨੇ ਗੁੱਸੇ ਨਾਲ਼ ਹਨੀ ਨੂੰ ਕਿਹਾ।ਦੋ ਕਿਲੋਮੀਟਰ ਲੰਘੇ ਹੋਣਗੇ। ਅਮਨ ਨੇ ਹਨੀ ਤੋਂ ਲੈ ਉਨ੍ਹਾਂ ਦਾ ਨੰਬਰ ਮਿਲਾਇਆ।

"ਹੈਲੋ! ਤੁਸੀਂ ਪੈਸੇ ਦੇ ਦਿਓ, ਨਹੀਂ ਠੀਕ ਨਹੀਂ ਹੋਣਾ...।" "ਜਾਓ ਕੇਰਾਂ ਕਹਿ ਦਿੱਤਾ ਜੋ ਕਰਨਾ ਕਰ ਲਓ।" ਫ਼ੋਨ ਕਟ ਗਿਆ। "ਦੀਦੀ! ਮੈਂ ਤਾਂ ਥਾਣੇ ਉਨ੍ਹਾਂ ਤੇ ਪਰਚਾ ਦਰਜ਼ ਕਰਵਾਉਂ। ਚਾਹੇ ਜੋ ਹੋ ਜਾਏ...। ਤੁਸੀਂ ਵੀ ਨਾਲ਼ ਚੱਲੋ...।" ਹਨੀ ਅੰਦਰ ਤੱਕ ਹਿੱਲ ਗਈ। "ਅਮਨ ਤੂੰ ਪੈਸੇ ਮੈਥੋਂ ਲੈ ਲਈਂ...।" ਅਮਨ ਨੇ ਤਰਲੇ ਜਿਹੇ ਨਾਲ਼ ਕਿਹਾ।

"ਮੈਂ ਉਨ੍ਹਾਂ ਨੂੰ ਸਬਕ ਸਿਖਾਉਣਾ ਐ। ਮੈਂ ਆਪਣੀ ਇੱਜਤ ਉਨ੍ਹਾਂ ਦੇ ਹਵਾਲੇ ਕੀਤੀ ਸੀ। ਮੈਂ ਅੱਜ ਤੱਕ ਪਤੀ ਤੋਂ ਬਿਨਾਂ ਕਿਸੇ ਗੈਰ ਮਰਦ ਨੂੰ ਕੋਲ਼ ਨਹੀਂ ਲਾਇਆ। ਮੈਨੂੰ ਪੈਸਿਆਂ ਦੀ ਲੋੜ ਸੀ। ਉਹ ਸਭ ਕੁੱਝ ਵੀ ਕਰਨਾ ਪਿਆ, ਜੋ ਕਦੇ ਮੈਂ ਆਪਣੇ ਪਤੀ ਨਾਲ਼ ਵੀ ਨਹੀਂ ਕੀਤਾ...।" ਦੋਵਾਂ ਦੇ ਵਿੱਚ ਚੁੱਪ ਪਸਰ ਗਈ।

"ਇਨ੍ਹਾਂ ਨੂੰ ਸਬਕ ਸਿਖਾਉਣਾ ਜ਼ਰੂਰੀ ਐ...।" ਕਾਰ ਵਾਲਾ ਬੋਲ ਪਿਆ। ਕਾਰ ਚੌਂਕ 'ਚ ਰੁਕ ਗਈ। ਹਨੀ ਉਤਰਕੇ ਘਰ ਦੇ ਰਾਹ ਪੈ ਗਈ। ਉਸ ਨੇ ਬੜ੍ਹਾ ਜ਼ੋਰ ਲਾਇਆ ਅਮਨ ਨੂੰ ਘਰ ਲਿਜਾਣ ਲਈ ਪਰ ਉਹ ਨਾ ਮੰਨੀ। ਪੈਸੇ ਮਿਲ ਜਾਂਦੇ ਸਾਇਦ ਗੱਲ ਹੋਰ ਹੋਣੀ ਸੀ। ਕਾਰਵਾਲਾ ਤੇ ਅਮਨ ਕਾਫੀ ਦੇਰ ਗੱਲਾਂ ਕਰਦੇ ਰਹੇ। ਫਿਰ ਅਮਨ ਥਾਣੇ ਦੇ ਰਾਹ ਪੈ ਗਈ। ਥਾਣੇ ਦੇ ਗੇਟ ਤੋਂ ਪਹਿਲਾਂ ਉਸ ਨੇ ਫਿਰ ਫ਼ੋਨ ਲਾਇਆ।

"ਹੈਲੋ ! ਤੁਸੀਂ ਪੈਸੇ ਦੇ ਦਿਓ ਅਜੇ ਵੀ ਕੁੱਝ ਨਹੀਂ ਵਿਗੜਿਆ। ਮੈਂ ਥਾਣੇ ਦੇ ਬਾਹਰ ਖੜ੍ਹੀ ਹਾਂ...। ਨਹੀਂ ਮੈਂ ਰਪਟ ਲਿਖਵਾ ਦਿਆਂਗੀ...।" ਉਸ ਦੇ ਤਰਲੇ ਵਿੱਚ ਧਮਕੀ ਵੀ ਸੀ।

"ਜਾ ਵਗ ਜਾ! ਨਹੀਂ ਮੈਂ ਫ਼ੋਨ ਕਰਾਂ, ਥਾਣੇ ਵਾਲੇ ਲੈ ਕੇ ਚਲੇ ਜਾਣਗੇ।ਸਾਲੀ ਲੰਡਰ...।" ਇਹ ਸ਼ਬਦ ਉਸ ਦੇ ਦਿਮਾਗ਼ ਵਿੱਚ ਹਥੌੜੇ ਵਾਂਗ ਵੱਜੇ।ਆਪਣਾ ਫਟਿਆ ਕਮੀਜ਼ ਹੋਰ ਪਾੜ ਦਿੱਤਾ।ਬੰਨ੍ਹੇ ਵਾਲ ਖਿਲਾਰ ਲਏ...। ਉਹ ਥਾਣੇ ਦੇ ਅੰਦਰ ਜਾ ਵੜੀ...। ਪੋਸਟ 'ਤੇ ਸੰਤਰੀ ਖੜ੍ਹਾ ਸੀ।

ਕਾਰ ਵਾਲੇ ਨੇ ਅਮਨ ਦੀ ਬਹੁਤ ਮੱਦਦ ਕੀਤੀ

## ਦੋ ਗ਼ਜ਼ਲਾਂ / ਭੂਪਿੰਦਰ ਸੱਗੂ , ਵੁਲਵਰਹੈਂਪਟਨ (ਯੂ.ਕੇ)



ਬੜੇ ਬੇਦਰਦ ਹਨ ਲੋਕੀਂ ਬੜਾ ਬੇਜ਼ਾਰ ਕਰਦੇ ਨੇ।
ਕਦੀ ਨਾ ਸਾਹਮਣੇ ਆਉਂਦੇ ਇਹ ਪਿੱਛੋਂ ਵਾਰ ਕਰਦੇ ਨੇ।

ਕਦੀ ਵੀ ਫ਼ੈਸਲਾ ਇਹਨਾਂ ਦਾ ਮੈਂ ਸਾਂਝਾ ਨਹੀਂ ਤੱਕਿਆ,
ਕਦਮ ਮੇਰੇ ਤੇ ਦਿਲ ਮੇਰਾ ਸਦਾ ਤਕਰਾਰ ਕਰਦੇ ਨੇ।

ਮੈਂ ਗ਼ੈਰਾਂ ਨੂੰ ਬੁਰਾ ਆਖਾਂ ਕਿਵੇਂ, ਦੱਸੋ ਤੁਸੀਂ ਮੈਨੂੰ,
ਜਦੋਂ ਅਪਣੇ ਹੀ ਮੇਰੀ ਜ਼ਿੰਦਗੀ ਦੁਸ਼ਵਾਰ ਕਰਦੇ ਨੇ।

ਅਜੋਕੇ ਵਕਤ ਵਿਚ ਉਹ ਮਾਰ ਖਾਵਣਗੇ ਯਕੀਨਨ ਹੀ,
ਵਿਤੋਂ ਬਾਹਰਾ ਜੋ ਅਪਣੇ ਆਪ ’ਤੇ ਇਤਬਾਰ ਕਰਦੇ ਨੇ।

ਮੈਂ ਸੱਚ ਕਹਿਨਾਂ, ਇਕੱਲਾ ਜ਼ੋਰ ਹੀ ਕਾਫ਼ੀ ਨਹੀਂ ਹੁੰਦਾ,
ਹਮੇਸ਼ਾਂ ਹੌਸਲੇ ਡੂੰਘੇ ਸਮੁੰਦਰ ਪਾਰ ਕਰਦੇ ਨੇ।

ਬੜਾ ਬੇਖ਼ੌਫ਼ ਹੋ ਕੇ ਦਿਲ ਉਦੋਂ ਇਹ ਮੁਸਕਰਾਉਂਦਾ ਹੈ,
ਜਦੋਂ ਉਹ ਜੋਸ਼ ਵਿਚ ਆ ਕੇ ਮੇਰੇ ’ਤੇ ਵਾਰ ਕਰਦੇ ਨੇ।

ਬੁਰਾ ਕਹਿੰਦੇ ਨੇ ਮੈਨੂੰ ਓਪਰੇ ਮਨ ਤੋਂ ਹੀ ਐ ‘ਸੱਗੂ’,
ਪਤੈ ਮੈਨੂੰ, ਉਹ ਪਰ ਅੰਦਰ ਤੋਂ ਮੈਨੂੰ ਪਿਆਰ ਕਰਦੇ ਨੇ।

...

ਚਿੜੀਆਂ ਦਾ ਵਿਹੜੇ ’ਚ ਆਉਣਾ ਚੰਗਾ ਲਗਦਾ ਹੈ।
ਮੈਨੂੰ ਨਾਲ ਉਨ੍ਹਾਂ ਦੇ ਗਾਉਣਾ ਚੰਗਾ ਲਗਦਾ ਹੈ।

ਲੁਤਫ਼ ਬੜਾ ਆਉਂਦਾ ਹੈ ਮੈਨੂੰ ਪੀੜਾਂ ਵਿੱਚੋਂ ਹੁਣ,
ਮੈਨੂੰ ਖ਼ੁਦ ’ਤੇ ਹੀ ਮੁਸਕਰਾਉਣਾ ਚੰਗਾ ਲਗਦਾ ਹੈ।

ਚੁਗ਼ਲੀ ਨਿੰਦਾ ਕਰਨਾ ਸ਼ੌਕ ਰਿਹਾ ਏ ਕਈਆਂ ਦਾ,
ਕਈਆਂ ਨੂੰ ਥਾਂ ਥਾਂ ਅੱਗ ਲਾਉਣਾ ਚੰਗਾ ਲਗਦਾ ਹੈ।

ਤਿੱਤਲੀਆਂ ਨੂੰ ਰੰਗ ਬੜੇ ਹੀ ਪਿਆਰੇ ਲਗਦੇ ਹਨ,
ਕੋਇਲ ਨੂੰ ਜੋ ਨਗ਼ਮੇਂ ਗਾਉਣਾ ਚੰਗਾ ਲਗਦਾ ਹੈ।

ਮੇਰਾ ਮਜ਼ਹਬ ਪਿਆਰ ਮੁਹੱਬਤ ਹੈ, ਕੁਝ ਹੋਰ ਨਹੀਂ,
ਮੈਨੂੰ ਦੁਸ਼ਮਣ ਯਾਰ ਬਣਾਉਣਾ ਚੰਗਾ ਲਗਦਾ ਹੈ।

ਮੈਨੂੰ ਦੁਨੀਆਂ ’ਤੇ ਇਤਬਾਰ ਨਹੀਂ ਹੈ ਭੋਰਾ ਵੀ,
ਦੀਵਾਰਾਂ ਨੂੰ ਹਾਲ ਸੁਣਾਉਣਾ ਚੰਗਾ ਲਗਦਾ ਹੈ।

‘ਸੱਗੂ’ ਫੁੱਲਾਂ ਨਾਲ ਵੀ ਮੇਰਾ ਵੈਰ ਨਹੀਂ ਕੋਈ,
ਪਰ ਸੂਲ਼ਾਂ ਦੇ ਵਸਤਰ ਪਾਉਣਾ ਚੰਗਾ ਲਗਦਾ ਹੈ।

ਸੀ।ਜਥੇਬੰਦੀ ਨਾਲ਼ ਵੀ ਉਸ ਨੇ ਹੀ ਗੱਲ ਕਰਵਾਈ ਸੀ।ਰਿਪੋਰਟ ਦਰਜ਼ ਹੋਣ ਤੋਂ ਬਾਅਦ ਉਨ੍ਹਾਂ ਨੇ ਹਨੀ ਉੱਤੇ ਵੀ ਬਹੁਤ ਜ਼ੋਰ ਪਵਾਇਆ ਸੀ। “ਪੈਸੇ ਦੇ ਦਿੰਨੇ ਐਂ...।” ਉਹ ਵੀ ਅਮਨ ਨੂੰ ਸਮਝਾਉਂਦੀ ਰਹੀ, ਡਰਾਉਂਦੀ ਰਹੀ...। ਅਮਨ ਨੇ ਸਬਕ ਸਿਖਾਉਣ ਦੀ ਠਾਣ ਲਈ ਸੀ। ਹਨੀ ਤਾਂ ਉਸ ਦਿਨ ਤੋਂ ਬਾਅਦ ਦਿਖਾਈ ਵੀ ਨਹੀਂ ਸੀ ਦਿੱਤੀ। ਘਰ ਦੇ ਗੇਟ ਨੂੰ ਤਾਲਾ ਲਮਕ ਰਿਹਾ ਸੀ। ਅੱਜ ਜਦੋਂ ਉਸ ਨੂੰ ਪਤਾ ਲੱਗਿਆ ਸਮਝੌਤਾ ਹੋ ਗਿਆ। ਉਹ ਵੀ ਆ ਗਈ ਕਿਸੇ ਖੱਡ ’ਚੋਂ ਨਿੱਕਲ ਅਮਨ ਨੂੰ ਮਿਲਣ।

“ਅਮਨ ਤੂੰ ਬਹੁਤ ਬਹਾਦਰ ਔਰਤ ਐਂ।ਨਹੀਂ ਅਜਿਹੇ ਹਰਾਮੀ ਤੇਰਾ ਹਮੇਸ਼ਾ ਮਾਸ ਨੋਚਦੇ ਰਹਿੰਦੇ।ਤੇਰੇ ਵੱਲ ਹੁਣ ਕੋਈ ਅੱਖ ਚੱਕ ਕੇ ਵੀ ਨਹੀਂ ਦੇਖ ਸਕਦਾ, ਸਭ ਡਰਨਗੇ।ਤੂੰ ਜੋ ਵੀ ਕੀਤਾ ਚੰਗਾ ਕੀਤਾ ਐ।ਨਹੀਂ ਇਸ ਦਲਦਲ ਵਿੱਚ ਹੋਰ ਧੱਸਦੀ ਜਾਂਦੀ।ਲੋਕਾਂ ਦੀਆਂ ਨਜ਼ਰਾਂ ਨੇ ਤੈਨੂੰ ਹੋਰ ਤਰੀਕੇ ਨਾਲ਼ ਦੇਖਣਾ ਸੀ।ਕਾਸ਼ ਮੈਂ ਵੀ ਕਿਤੇ ਤੇਰੇ ਵਾਂਗ ਹਿੰਮਤ ਕਰ ਲੈਂਦੀ...।” ਉਸਦੇ ਬੋਲ ਬੰਦ ਹੋ ਗਏ।ਚੁੰਨੀ ਨਾਲ਼ ਉਸ ਨੇ ਅੱਖਾਂ ਪੂੰਝੀਆਂ।

“ਭੈਣ ਮੇਰੀਏ! ਇਹ ਸਭ ਤੇਰੇ ਕਰਕੇ ਹੋਇਆ...। ਜੇ ਤੂੰ ਨਾ ਮੰਨਦੀ...!” ਅਮਨ ਨੇ ਅੰਦਰ ਪਏ ਆਪਣੇ ਬਿਮਾਰ ਪਤੀ ਵੱਲ ਨਜ਼ਰ ਮਾਰੀ ਤੇ ਪੁੱਤਰ ਦੇ ਸਿਰ ’ਤੇ ਹੱਥ ਫੇਰਿਆ। ਹਨੀ ਗੇਟ ਲੰਘ ਚੁੱਕੀ ਸੀ...।ਉਸਦੀ ਚਾਲ ਵਿੱਚ ਪਹਿਲਾਂ ਵਾਲੀ ਮੜ੍ਹਕ ਨਹੀਂ ਸੀ...।

98143-98762

ਕਹਾਣੀ

# ਮਨਦੀਪ ਰਿੰਪੀ / ਡੌਂਟ ਵਰੀ, ਮੰਮੀ ਜੀ



ਮੇਰੀਆਂ ਅੱਖਾਂ ਚੋਂ ਪਾਣੀ ਤਿੱਪ-ਤਿੱਪ ਆ ਰਿਹਾ...

ਅੱਥਰੂਆਂ ਦੀਆਂ ਕੋਸੀਆਂ-ਕੋਸੀਆਂ ਬੂੰਦਾਂ... ਮੈਂ ਆਪਣੇ ਆਪ ਨੂੰ ਸਵਾਲ ਕਰਦੀ ਹਾਂ...ਕੀ ਮੈਂ ਰੋ ਰਹੀ ਹਾਂ ? ਫੇਰ ਆਪੇ ਜੁਆਬ ਵੀ ਦਿੰਦੀ ਹਾਂ...ਹਾਂ , ਮੈਨੂੰ ਰੋਣਾ ਆ ਰਿਹਾ ਹੈ...ਮੈਂ ਐਨੀ ਕਮਜ਼ੋਰ ਕਿਉਂ ?...ਰੱਬ ਨੇ ਮੈਨੂੰ ਪੱਥਰ ਜਿਹਾ ਜੇਰਾ ਕਿਉਂ ਨਾ ਦਿੱਤਾ?...ਕਾਸ਼ !ਮੈਂ ਵੀ ਵੱਟੇ ਵਾਂਗੂੰ ਹੁੰਦੀ... ਜਿਸ 'ਤੇ ਕੋਈ ਠੋਕਰ ਮਾਰਦਾ ਤਾਂ ਕੋਈ ਅਸਰ ਨਾ ਹੁੰਦਾ.. ਉਲਟਾ ਜਿਹੜਾ ਠੋਕਰ ਮਾਰਦਾ ਉਹੀ ਠੋਕਰ ਖਾਂਦਾ... ਪਰ ਅਫਸੋਸ ਮੈਂ ਪੱਥਰ ਨਹੀਂ ਹਾਂ ਤੇ ਸ਼ਾਇਦ ਨਾ ਹੀ ਕਦੇ ਬਣ ਸਕਾਂ... ਹਾਂ, ਸੱਚ ਪੱਥਰ ਵਿੱਚ ਵੀ ਕੀੜੇ ਹੁੰਦੇ ਨੇ ਤੇ ਰੱਬ ਉਨ੍ਹਾਂ ਦੀ ਪਰਵਰਿਸ਼ ਕਰਦਾ ਹੈ...ਹੁਣ ਸੋਚਦੀ ਹਾਂ ਰੱਬ ਨੇ ਮੇਰੀਆਂ ਅੱਖਾਂ ਚ ਐਨਾ ਪਾਣੀ ਕਿਉਂ ਦਿੱਤਾ ?.. ਜਿਹੜਾ ਮੈਥੋਂ ਸਾਂਭਿਆ ਨਹੀਂ ਜਾ ਰਿਹਾ... ਮੈਂ ਰੋ ਕਿਉਂ ਰਹੀ ਹਾਂ ?...ਮੇਰੀ ਸਮਝ ਤੋਂ ਪਰੇ ਹੈ ...ਫੇਰ ਸੋਚਦੀ ਮੀਂਹ ਨਾਲ ਵੀ ਤਾਂ ਆਕਾਸ਼ ਸਾਫ਼ ਹੋ ਜਾਂਦੈ... ਸਾਰਾ ਚੌਗਿਰਦਾ ਧੋ ਹੋ ਜਾਂਦਾ ਹੈ ...ਸ਼ਾਇਦ ਰੱਬ ਵੀ ਇਹੋ ਚਾਹੁੰਦਾ ਹੈ ਕਿ ਮੈਂ ਆਪਣਾ ਮਨ ਸਾਫ਼ ਕਰ ਲਵਾਂ...ਨਿਰਮਲ , ਨਿੱਤਰੇ ਹੋਏ ਜਲ ਦੀ ਤਰ੍ਹਾਂ.... ਮੇਰੇ ਆਪਣਿਆਂ ਦੇ ਦਿੱਤੇ ਜ਼ਖ਼ਮ ਜੋ ਨਾਸੂਰ ਬਣ ਚੁੱਕੇ ਹਨ ਉਹ ਭਰ ਜਾਣ... ਆਪਣੇ ਆਪ ਨਾਲ ਗੱਲਾਂ ਕਰਦਿਆਂ-ਕਰਦਿਆਂ ਕਦੋਂ ਨੀਂਦ ਨੇ ਅਛੋਪਲੇ ਜਿਹੇ ਆ ਬੁੱਕਲ 'ਚ ਕੱਸ ਲਿਆ ਮੈਨੂੰ ਖੁਦ ਵੀ ਪਤਾ ਨਾ ਲੱਗਾ।

ਅੱਜ ਮੇਰੇ ਵਿਆਹ ਨੂੰ ਪੂਰੇ ਦਸ ਵਰ੍ਹੇ ਹੋ ਗਏ। ਜਦੋਂ-ਜਦੋਂ ਵੀ ਮੈਂ ਇਨ੍ਹਾਂ ਬੀਤੇ ਵਰ੍ਹਿਆਂ 'ਤੇ ਝਾਤ ਮਾਰਦੀ ਹਾਂ ਤਾਂ ਆਪਣੇ ਆਪ ਵਿੱਚ ਗੁਆਚ ਜਿਹੀ ਜਾਂਦੀ ਹੈ ... ਕਹਿਣ ਨੂੰ ਤਾਂ ਮੈਂ ਵਿਆਹੀ-ਵਰੀ ਪਰ ਉਂਝ ਨਾ ਸੁਹਾਗਣ ਤੇ ਨਾ ਹੀ ਵਿਧਵਾ। ਪੂਰੇ ਸੱਤ ਵਰ੍ਹੇ ਹੋ ਚੁੱਕੇ ਪ੍ਰੀਤਮ ਨੂੰ ਦੇਖਿਆਂ। ਹਾਂ, ਸੱਚ... ਸੱਤ ਕਾਹਨੂੰ ਸਾਢੇ ਸੱਤ ਵਰ੍ਹੇ। ਸਮਾਂ ਕਿੰਨੀ ਤੇਜ਼ੀ ਨਾਲ ਠੋਕਰਾਂ ਮਾਰਦਾ ਲੰਘਿਆ ਪਤਾ ਹੀ ਨਹੀਂ ਲੱਗਿਆ।

ਘਰ ਦੀਆਂ ਜ਼ਿੰਮੇਵਾਰੀਆਂ ਤੇ ਪ੍ਰੀਤਮ ਦੇ ਵਿਛੋੜੇ ਨੇ ਮੈਨੂੰ ਖਿੜੇ ਹੋਏ ਫੁੱਲ ਤੋਂ ਇੱਕ ਸੁੱਕਾ ਪੱਤਾ ਬਣਾ ਕੇ ਰੱਖ ਦਿੱਤਾ...ਇਹ ਮੈਂ ਨਹੀਂ, ਮੇਰੇ ਘਰਦੇ ਆਖਦੇ।

ਕਦੇ ਮੈਂ ਵੀ ਬਹੁਤ ਖ਼ੁਸ਼ ਸਾਂ ਆਪਣੀ ਜ਼ਿੰਦਗੀ ਤੋਂ, ਆਪਣੇ ਮਾਪਿਆਂ ਦੀ ਲਾਡੋ ਧੀ...ਕਿੰਨੀਆਂ ਸੱਧਰਾਂ ਨਾਲ ਵਿਆਹ ਕੇ ਆਈ ਸਾਂ ਏਸ ਘਰ 'ਚ... ਏਧਰ ਪ੍ਰੀਤਮ ਵੀ ਇੱਕੋ-ਇੱਕ ਪੁੱਤ ਸੀ ਆਪਣੇ ਮਾਪਿਆਂ ਦਾ।

ਬੁੱਢੇ ਮਾਪੇ ਤਾਂ ਵਿਚਾਰੇ ਅੱਜ ਵੀ ਬੂਹੇ ਉੱਤੇ ਅੱਖਾਂ ਲਾਈ ਬੈਠੇ ਨੇ ਕਿ ਉਨ੍ਹਾਂ ਦਾ ਪੁੱਤ ਘਰ ਆਵੇਗਾ ...ਇਕਲੌਤਾ ਸਹਾਰਾ...ਉਨ੍ਹਾਂ ਦੀ ਜ਼ਿੰਦਗੀ ਦਾ ਚਾਨਣ ਮੁਨਾਰਾ... ਪਰ ਫੇਰ ਜਦੋਂ ਉਹ ਮੇਰੇ ਵੱਲ ਵੇਖਦੇ ਤਾਂ ਡੂੰਘਾ ਹਉਕਾ ਭਰਕੇ ਆਖਦੇ ,"ਕਾਸ਼! ਅਜਿਹੀ ਔਲਾਦ ਨਾਲੋਂ ਤਾਂ ਰੱਬ ਬੇਔਲਾਦ ਹੀ ਰੱਖਦਾ ਜਾਂ ਫਿਰ ਇੱਕ ਧੀ ਹੀ ਦੇ ਦਿੰਦਾ। ਬੇਗਾਨੀ ਧੀ ਤਾਂ ਨਾ ਰੁਲ਼ਦੀ..."

ਪਰ ਜਦੋਂ ਉਹ ਇੰਜ ਆਖਦੇ ਤਾਂ ਮੇਰੇ ਕਾਲਜੇ ਦਾ ਰੁੱਗ ਭਰ ਆਉਂਦਾ ਤੇ ਮੈਂ ਸੋਚਦੀ ਕਿੰਨਾ ਔਖਾ ਹੁੰਦਾ ਹੋਣਾ ਇਨ੍ਹਾਂ ਦੋਹਾਂ ਜੀਆਂ ਲਈ ਆਪਣੀ ਔਲਾਦ ਨੂੰ ਨਿੰਦਣਾ ?... ਪਰ ਏਹ ਤਾਂ ਰੱਬ ਦੀ ਰੱਬ ਜਾਣੇ... ਕੀ ਸੱਚ ?.. ਕੀ ਝੂਠ?... ਜਿੰਨੇ ਮੂੰਹ ਉੱਨੀਆਂ ਗੱਲਾਂ... ਕੋਈ ਆਖਦਾ.. ਪ੍ਰੀਤਮ ਕਿਸੇ ਹੋਰ ਕੁੜੀ ਦੇ ਚੱਕਰ 'ਚ ਸੀ ਤੇ ਉਸੇ ਕੁੜੀ ਨਾਲ ਕਿਧਰੇ ਰਫੂਚੱਕਰ ਹੋ ਗਿਆ... ਤੇ ਕੋਈ ਕਹਿੰਦਾ ਖ਼ਬਰੇ ਕਿਸੇ ਨੇ ਕੋਈ ਪੁਰਾਣੀ ਰੜਕ ਕੱਢੀ ਉਹਨੂੰ ਕਿਧਰੇ ਮਾਰ ਮੁਕਾ ਕੇ... ਤੇ ਕਈ ਘੁੱਟੇ ਮੂੰਹ ਨਾਲ਼ ਮੇਰੇ ਚਰਿੱਤਰ ਨੂੰ ਹੀ ਨਾਪਣ ਲੱਗਦੇ... ਘਰ ਵਾਲੀ ਚੱਜ ਦੀ ਨਹੀਂ ਹੋਣੀ ਤਾਂ ਹੀ ਵਿਚਾਰਾ ਆਪੇ ਕਿਧਰੇ ਚਲਾ ਗਿਆ। ਲੋਕਾਂ ਦੇ ਕਿਹੜੇ ਮੂੰਹ ਫੜ ਹੁੰਦੇ? ਜੇ ਭਲਾਂ ਜਿਉਂਦਾ ਹੁੰਦਾ... ਤਾਂ ਐਨੇ ਸਾਲਾਂ 'ਚ ਕੋਈ ਤਾਂ ਉੱਘ-ਸੁੱਗ ਲੱਗਦੀ... ਪਰ ਰੱਬ ਦੇ ਰੰਗਾਂ ਦਾ ਭੇਦ ਕੀਹਨੇ ਪਾਇਆ? ਜਦੋਂ ਪ੍ਰੀਤਮ ਘਰੋਂ ਗਿਆ , ਰੀਤ ਉਦੋਂ ਤੀਸਰੇ ਸਾਲ 'ਚ ਸੀ ਤੇ ਰਾਹੁਲ ਨੇ ਤਾਂ ਆਪਣੇ ਪਿਉ ਦਾ ਕਦੇ ਮੂੰਹ ਵੀ ਨਹੀਂ ਵੇਖਿਆ। ਪ੍ਰੀਤਮ ਦੇ ਜਾਣ ਤੋਂ ਛੇ ਕੁ ਮਹੀਨਿਆਂ ਬਾਅਦ ਹੋਇਆ ਸੀ ਰਾਹੁਲ ।

ਕਿੰਨੀ ਖੁਸ਼ ਸਾਂ ਮੈਂ... ਜਿਸ ਦਿਨ ਪ੍ਰੀਤਮ ਘਰੋਂ ਤੁਰਿਆ ਪਰ ਮੈਨੂੰ ਚੰਦਰੀ ਨੂੰ ਕਿਹੜਾ ਪਤਾ ਸੀ ?.... ਕਿ ਮੈਂ ਆਖਰੀ ਵਾਰ ਵੇਖ ਰਹੀ ਹਾਂ ਪ੍ਰੀਤਮ ਨੂੰ । ਅਸੀਂ ਦੋਵੇਂ ਉਸ ਦਿਨ ਖੂਬ ਨੱਚੇ ਡੀ. ਜੇ 'ਤੇ । ਪ੍ਰੀਤਮ ਦੇ ਮਾਮੇ ਦੇ ਮੁੰਡੇ ਦਾ ਵਿਆਹ ਸੀ। ਸਾਨੂੰ ਨੱਚਦਿਆਂ ਨੂੰ ਜਿਹੜਾ ਵੇਖਦਾ ...ਵੇਖਦਾ ਹੀ ਰਹਿ ਜਾਂਦਾ ਤੇ ਆਖਦਾ ..ਕਿੰਨੀ ਸੋਹਣੀ ਜੋੜੀ ਹੈ ਦੋਵਾਂ ਦੀ। ਹਾਏ! ਸ਼ਾਇਦ ਕਿਸੇ ਦੀ ਭੈੜੀ ਨਜ਼ਰ ਲੱਗ ਗਈ ਉੱਦਣ...ਭਾਵੇਂ ਮੈਂ ਕਦੇ ਵੀ ਨਜ਼ਰ-ਨੁਜ਼ਰ ਨੂੰ ਨਹੀਂ ਸਾਂ ਮੰਨਦੀ। ਮੇਰੀ ਸੱਸ ਤਾਂ ਹਮੇਸ਼ਾ ਟੋਕਦੀ ਸਾਨੂੰ ਇੱਕਠਿਆਂ ਨੂੰ ਵੇਖ ਕੇ, "ਨਜ਼ਰ ਤਾਂ ਪੱਥਰਾਂ ਨੂੰ ਪਾੜ ਦਿੰਦੀ ...ਅਸੀਂ ਤਾਂ ਫਿਰ ਇਨਸਾਨ ਹਾਂ ।"

ਜਦੋਂ ਕਦੇ ਅਸੀਂ ਬਾਹਰ ਜਾਂਦੇ ਤਾਂ ਮੰਮੀ ਜੀ, ਵਾਰ-ਵਾਰ ਬੂਹੇ ਤੋਂ ਬਾਹਰ ਨਿਕਲ ਝਾਤੀਆਂ ਮਾਰਦੇ ਕਿ ਗਲੀ ਵਿੱਚ ਕੋਈ ਖਾਲੀ ਭਾਂਡਾ ਲੈ ਕੇ ਨਾ ਖੜ੍ਹਾ ਹੋਵੇ । ਘਰ ਆਉਂਦਿਆਂ ਉੱਤੋਂ ਮਿਰਚਾਂ ਛੂਆ- ਛੂਆ ਕੇ ਸਾੜਦੇ ਤਾਂ ਧਾਂਸ ਨਾਲ਼ ਸਾਡਾ ਬੁਰਾ ਹਾਲ ਹੋ ਜਾਂਦਾ ...ਅਖੇ ਮੇਰੇ ਪੁੱਤ ਤੇ ਮੇਰੀ

ਬਹੂ ਨੂੰ ਦੇਖ ਕੇ ਲੋਕ ਸੜਦੇ।

ਪ੍ਰੀਤਮ ਭਾਵੇਂ ਬਥੇਰਾ ਪੜ੍ਹ-ਲਿਖ ਗਿਆ ਸੀ। ਸਰਕਾਰੀ ਨੌਕਰੀ 'ਚ ਸੀ ...ਪਰ ਬਹੁਤ ਹੀ ਸ਼ੱਕੀ ਕਿਸਮ ਦਾ ਬੰਦਾ ਸੀ ...ਸਾਰੀ ਰਿਸ਼ਤੇਦਾਰੀ 'ਚ ਮੇਰੇ ਸੁਹੱਪਣ ਦੀਆਂ ਸਿਫ਼ਤਾਂ ਹੁੰਦੀਆਂ ...ਮੇਰਾ ਮਿੱਠਾ ਸੁਭਾਅ ਵੀ ਹਰ ਕਿਸੇ ਦੇ ਦਿਲ ਨੂੰ ਮੋਹ ਲੈਂਦਾ। ਸਹੁਰੇ ਘਰ ਤੇ ਪੇਕੇ ਘਰ ਵਿੱਚ ਮੇਰੀ ਖੂਬਸੂਰਤੀ ਦੀ ਪੂਰੀ ਸਰਦਾਰੀ ਸੀ...ਪਰ ਮੇਰੀਆਂ ਸਿਫ਼ਤਾਂ ਸੁਣ ਪ੍ਰੀਤਮ ਖਿੱਝ ਜਾਂਦਾ। ਉਹ ਗੱਲ-ਗੱਲ 'ਤੇ ਮੈਨੂੰ ਟੋਕਦਾ...ਪਹਿਲਾਂ-ਪਹਿਲਾਂ ਤਾਂ ਮੈਂ ਬਹੁਤਾ ਧਿਆਨ ਨਾ ਦਿੱਤਾ ...ਹੌਲੀ-ਹੌਲੀ ਉਹਦੀ ਟੋਕ ਮੈਨੂੰ ਟੋਕੇ ਵਾਂਗੂੰ ਟੁੱਕਣ ਲੱਗੀ। ਹੋਰ ਤਾਂ ਹੋਰ ਮੈਨੂੰ ਮੁਸਕਰਾਉਂਦਿਆਂ ਵੇਖ ਆਖਦਾ," ਬਹੁਤੇ ਦੰਦ ਨਾ ਕੱਢਿਆ ਕਰ।"

ਮੈਂ ਜਿੱਥੇ ਨੌਕਰੀ ਕਰਦੀ ਸਾਂ, ਉੱਥੇ ਵੀ ਨਸੀਹਤਾਂ ਦੇ ਕੇ ਤੋਰਦਾ," ਕਿਸੇ ਨਾਲ ਬਹੁਤਾ ਬੋਲਣ ਦੀ ਲੋੜ ਨਹੀਂ ...ਜਿੰਨੀ ਕੁ ਗੱਲ ਉੱਨਾ ਕੁ ਈ ਜਵਾਬ ਦਿਆ ਕਰ ।"

ਜੇਕਰ ਕਦੇ ਬਾਜ਼ਾਰ ਜਾਂਦੇ ਤਾਂ ਉੱਥੇ ਵੀ ਮੇਰੇ 'ਤੇ ਹੀ ਅੱਖਾਂ ਗੱਡੀ ਰੱਖਦਾ ਤੇ ਆਖਦਾ ਕਿਸੇ ਵੱਲ ਅੱਖਾਂ ਚੁੱਕ ਕੇ ਵੇਖਣ ਦੀ ਲੋੜ ਨਹੀਂ । ਹੁਣ ਉਹੀ ਸੁਹੱਪਣ ਜਿਸ 'ਤੇ ਮੈਨੂੰ ਬੜਾ ਨਾਜ਼ ਸੀ ਮੇਰੇ ਲਈ ਸਜ਼ਾ ਬਣ ਗਿਆ... ਨਾ ਮੈਂ ਕਿਸੇ ਨਾਲ ਹੱਸ ਸਕਦੀ ਸਾਂ ਤੇ ਨਾ ਬੋਲ। ਜੇਕਰ ਕੋਈ ਮੇਰੇ ਵੱਲ ਵੇਖਦਾ ਤਾਂ ਵੀ ਪ੍ਰੀਤਮ ਮੈਨੂੰ ਹੀ ਘੂਰਦਾ .." ਤੂੰ ਅਗਲੇ ਵੱਲ ਵੇਖਦੀ ਸੀ ਤਾਂ ਹੀ ਅਗਲੇ ਦੀ ਹਿੰਮਤ ਪਈ ਤੇਰੇ ਵੱਲ ਝਾਕਣ ਦੀ ।"

ਪ੍ਰੀਤਮ ਦੀ ਇਹ ਸ਼ੱਕ ਦੀ ਬਿਮਾਰੀ ਸਾਡੇ ਦੋਵਾਂ ਵਿੱਚ ਦੂਰੀਆਂ ਪੈਦਾ ਕਰਨ ਲੱਗੀ। ਹੁਣ ਮੈਂ ਵੀ ਪ੍ਰੀਤਮ ਦੀ ਆਦਤ ਤੋਂ ਖਿੱਝ ਜਾਂਦੀ ਤੇ ਆਖਦੀ," ਮੈਨੂੰ ਕੈਦ ਕਰਕੇ ਰੱਖ ਲਓ ...ਉਂਝ ਵੀ ਤਾਂ ਮੈਨੂੰ ਇਹੋ ਲੱਗਦਾ ਹੈ ਜਿਵੇਂ ਕੋਈ ਮੈਂ ਕੈਦਣ ਹੋਵਾਂ... ਮੇਰੀ ਤਾਂ ਰੂਹ ਵੀ ਤੁਹਾਡੀਆਂ ਵਹਿਮ ਦੀਆਂ ਕੰਡੇਦਾਰ ਝਾੜੀਆਂ ਨਾਲ਼ ਪਰੁੰਨੀ ਮਸਾਂ ਹੀ ਸਾਹ ਲੈਂਦੀ ਹੈ ।"

ਪ੍ਰੀਤਮ ਦੇ ਮਾਮੇ ਦੇ ਪੁੱਤ ਦੇ ਵਿਆਹ ਵਾਲੇ ਦਿਨ ਭਾਵੇਂ ਸਾਰਾ ਦਿਨ ਬਰਾਤ ਵਿੱਚ ਅਸੀਂ ਦੋਵੇਂ ਨੱਚਦੇ-ਟੱਪਦੇ ਰਹੇ... ਪ੍ਰੰਤੂ ਸ਼ਾਮ ਵੇਲੇ ਜਦੋਂ ਡੋਲੀ ਆਈ ਤਾਂ ਪਤਾ ਨਹੀਂ ਸਾਨੂੰ ਚੰਦਰੀ ਕਿਹਦੀ ਨਜ਼ਰ ਖਾ ਗਈ ? ਮੇਰੀਆਂ ਨਣਦਾਂ (ਪ੍ਰੀਤਮ ਦੇ ਚਾਚੇ ਦੀਆਂ ਕੁੜੀਆਂ ) ਨੇ ਨੱਚਦੀਆਂ-ਨੱਚਦੀਆਂ ਨੇ ਮੇਰੀ ਬਾਂਹ ਫੜ ਕੇ ਮੈਨੂੰ ਗਿੱਧੇ ਵਿੱਚ ਖਿੱਚ ਲਿਆ। ਮੈਂ ਗਿੱਧੇ ਵਿੱਚ ਅਜੇ ਇੱਕ ਹੀ ਗੇੜਾ ਲਾਇਆ ਕਿ ਪ੍ਰੀਤਮ ਵੇਖ ਕੇ ਮੱਚ ਗਿਆ ਤੇ ਮੈਨੂੰ ਘੂਰਨ ਲੱਗਾ। ਮੈਂ ਸਮਝ ਗਈ ਅਤੇ ਚੁੱਪ-ਚਾਪ ਇੱਕ ਪਾਸੇ ਹੋ ਕੇ ਖੜ੍ਹ ਗਈ। ਪ੍ਰੀਤਮ ਗੁੱਸੇ ਨਾਲ,"ਪਾ ਲੈ ਹੋਰ ਬੋਲੀਆਂ ...ਅਜੇ ਗਿੱਧੇ ਪਾ-ਪਾ ਥੱਕੀ ਨੀ ...ਤੈਨੂੰ ਮੇਰੀ ਭੋਰਾ ਫਿਕਰ ਨਈ ...ਤੈਨੂੰ ਜਿੰਨਾ ਮਰਜ਼ੀ ਸਮਝਾ ਲਾਂ... ਪਰ ਤੂੰ ...ਤੂੰ ਕਿੱਥੇ !"

ਮੈਂ ਕੁਝ ਨਾ ਬੋਲ ਸਕੀ...ਮੈਂ ਚੁੱਪ-ਚਾਪ ਸਭ ਜਰ ਲਈਆਂ। ਉਂਜ ਵੀ ਪ੍ਰੀਤਮ ਨੇ ਰੱਜ ਕੇ ਪੀਤੀ ਹੋਈ ਸੀ...ਉਹਦੇ ਨਾਲ ਅਜਿਹੇ ਮੌਕੇ ਕੀ ਬਹਿਸ ਕਰਨੀ ਸੀ ?...ਮੈਂ ਚੁੱਪ ਰਹਿ ਕੇ ਸਮਾਂ ਟਪਾ ਲਿਆ।

ਥੋੜ੍ਹੀ ਦੇਰ ਮਗਰੋਂ ਉਹ ਫੇਰ ਬੋਲਿਆ,"ਹੁਣ ਕਾਹਨੂੰ ਚੁੱਪ ਖੜ੍ਹੀ ਹੈ ? ...ਮੈਂ ਚੱਲਿਆ.... ਤੂੰ ਨੱਚੀ ਜਾ.. ਜਿੱਦਾਂ ਤੇਰਾ ਜੀਅ ਕਰਦਾ।"

ਮੈਂ ਪ੍ਰੀਤਮ ਨੂੰ ਬਾਹੋਂ ਫੜ ਲਿਆ ... ਪਰ ਪ੍ਰੀਤਮ ਕਿੱਥੇ ਮੰਨਣ ਵਾਲਿਆਂ 'ਚੋਂ ਸੀ ? ਉਹ ਬਾਂਹ ਛੁਡਾ ਕੇ ਉੱਥੋਂ ਚਲਾ ਗਿਆ। ਮੈਂ ਸੋਚਿਆ ਕਿ ਅਜੇ ਸ਼ਰਾਬ ਦੇ ਨਸ਼ੇ 'ਚ ਨੇ... ਜਦੋਂ ਨਸ਼ਾ ਉਤਰਿਆ ਤਾਂ ਆਪੇ ਆ ਜਾਣਗੇ...ਪਰ ਉਹ ਦਿਨ ਤੇ ਅੱਜ ਦਾ ਦਿਨ ਪ੍ਰੀਤਮ ਕਦੇ ਨਾ ਮੁੜਿਆ... ਪਤਾ ਨਹੀਂ ਉਹ ਕਿਹੜੀ ਚੰਦਰੀ ਘੜੀ ਸੀ !....ਜਿਸ ਨੇ ਪ੍ਰੀਤਮ ਦੇ ਮਨ 'ਚ ਐਨੀ ਬਦੀ ਭਰ ਦਿੱਤੀ ।

ਹੁਣ ਮੈਂ ਆਪਣੇ ਆਪ ਨੂੰ ਬਹੁਤ ਵਾਰ ਕੋਸਦੀ ਹਾਂ। ਮੈਂ ਅੱਧੀ-ਅੱਧੀ ਰਾਤੇ ਹੜਬੜਾ ਕੇ ਉੱਠਦੀ ਤਾਂ ਮੈਨੂੰ ਇੰਝ ਲੱਗਦਾ ਹੈ ਜਿਵੇਂ ਪ੍ਰੀਤਮ ਕਹਿ ਰਿਹਾ ਹੋਵੇ,"ਕਿਸੇ ਨਾਲ ਨਾ ਬੋਲ ਕੋਮਲ ..ਕਿਸੇ ਨਾਲ ਨਾ ਹੱਸ...ਮੈਨੂੰ ਤੇਰਾ ਕਿਸੇ ਨਾਲ਼ ਵੀ ਹੱਸਣਾ, ਬੋਲਣਾ ਚੰਗਾ ਨਹੀਂ ਲੱਗਦਾ ।"

ਦਿਨ ਰਾਤ ਪ੍ਰੀਤਮ ਦੇ ਇਹ ਬੋਲ ਮੇਰੇ ਕੰਨਾਂ ਵਿੱਚ ਗੂੰਜਦੇ ਰਹਿੰਦੇ...ਪਰ ਬੇਬਸੀ ਦੇ ਆਲਮ ਵਿੱਚ ਮੈਂ ਉਹਨੂੰ ਉਡੀਕਦੀ ਰਹਿੰਦੀ। ਅੱਜ ਕੱਲ੍ਹ ਮੈਂ ਆਪਣੇ ਆਪ ਨਾਲ ਹੀ ਗੱਲਾਂ ਕਰਦੀ ਰਹਿੰਦੀ ,"ਮੈਂ ਕਦੇ ਕਿਸੇ ਨਾਲ ਨਹੀਂ ਬੋਲਾਂਗੀ...ਕਦੇ ਨਹੀਂ ਹੱਸਾਂਗੀ... ਬੱਸ ਇੱਕ ਵਾਰ ਤੂੰ ਵਾਪਸ ਆ ਜਾ ....ਹਾਸਾ ਕੀ ਹੁੰਦਾ ਹੈ ?...ਮੈਂ ਤਾਂ ਭੁੱਲ ਹੀ ਬੈਠੀ ਹਾਂ... ਮੈਨੂੰ ਕਿਸੇ ਨਾਲ ਬੋਲਣ ਦੀ ਕੀ ਲੋੜ ?... ਕਿਸੇ ਨਾਲ ਹੱਸਣ ਦੀ ਕੀ ਲੋੜ ?... ਮੈਨੂੰ ਤੇਰੀ ਲੋੜ ਹੈ ...ਬੱਸ ਇੱਕ ਵਾਰ ਤੂੰ ਵਾਪਸ ਆ ਜਾ"

ਮੇਰੇ ਮਾਪੇ ਚਾਹੁੰਦੇ ਨੇ ਕਿ ਮੈਂ ਦੂਜੀ ਵਾਰ ਘਰ ਵਸਾਉਣ ਲਈ ਰਾਜ਼ੀ ਹੋ ਜਾਵਾਂ। ਉਹਨਾਂ ਨੂੰ ਫ਼ਿਕਰ ਐ ਮੇਰੀ ਤੇ ਉਹ ਹਮੇਸ਼ਾ ਆਖਦੇ,"ਪਹਾੜ ਜਿੱਡੀ ਜ਼ਿੰਦਗੀ ਕਿਵੇਂ ਲੰਘੇਗੀ ?... ਅਜੇ ਮਸਾਂ ਪੈਂਤੀ ਕੁ ਸਾਲਾਂ ਦੀ ਤਾਂ ਹੈ ਤੂੰ..."

ਪਰ ਮੈਨੂੰ ਤਾਂ ਪ੍ਰੀਤਮ ਦੀ ਉਡੀਕ ਹੈ ...ਮੈਂ ਰੋਜ਼ ਰਾਤ ਨੂੰ ਸੌਣ ਲੱਗੀ ਇਹੋ ਸੋਚਦੀ ਕਿ ਸ਼ਾਇਦ ਕੱਲ੍ਹ ਨੂੰ ਪ੍ਰੀਤਮ ਵਾਪਸ ਆ ਜਾਏ... ਪਰ ਗਏ ਕਦੋਂ ਵਾਪਸ ਆਉਂਦੇ? ਇਹ ਗੱਲ ਮੈਂ ਸਮਝ ਕੇ ਵੀ ਅਣਜਾਣ ਬਣੀ ਰਹਿੰਦੀ ਹਾਂ...ਭਾਵੇਂ ਪ੍ਰੀਤਮ ਦੇ ਮਾਂ-ਬਾਪ ਵੀ ਇਹੋ ਚਾਹੁੰਦੇ ਹਨ ਕਿ ਮੈਂ ਦੁਬਾਰਾ ਨਵੀਂ ਜ਼ਿੰਦਗੀ ਦੀ ਬਾਂਹ ਫੜਾਂ। ਉਹ ਨਹੀਂ ਚਾਹੁੰਦੇ ਕਿ ਮੇਰੀ ਜ਼ਿੰਦਗੀ ਹਮੇਸ਼ਾ ਦੁੱਖਾਂ 'ਚ ਘਿਰੀ ਰਹੇ। ਉਹ ਮੈਨੂੰ ਗੱਲੀਂ-ਬਾਤੀਂ ਬਹੁਤ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਪਰ

ਮੈਨੂੰ ਉਹਨਾਂ ਦੀਆਂ ਇਹ ਗੱਲਾਂ ਚੰਗੀਆਂ ਨਹੀਂ ਲੱਗਦੀਆਂ।

ਪ੍ਰੀਤਮ ਦੇ ਵੱਡੇ ਮਾਮੇ ਦਾ ਪੁੱਤ ਹਰਜੀਤ ਮੇਰੀ ਬਹੁਤ ਇੱਜ਼ਤ ਕਰਦਾ ਸੀ ...ਭਾਵੇਂ ਹੁਣ ਵੀ ਕਰਦਾ ਹੈ...ਉਹ ਮੈਨੂੰ ਪਸੰਦ ਵੀ ਕਰਦਾ ਹੈ...ਉਹ ਹਮੇਸ਼ਾ ਆਖਦਾ ਕਿ ਮੈਂ ਦਿਲੋਂ ਚਾਹੁੰਦਾ ਕਿ ਪ੍ਰੀਤਮ ਮੁੜ ਘਰ ਵਾਪਸ ਆ ਜਾਏ ਤੇ ਤੁਹਾਡੀ ਦੋਵਾਂ ਦੀ ਜ਼ਿੰਦਗੀ ਮੁੜ ਤੋਂ ਹਰੀ-ਭਰੀ ਹੋ ਜਾਏ ...ਜਦੋਂ ਪ੍ਰੀਤਮ ਘਰ ਛੱਡ ਕੇ ਗਿਆ ਉਦੋਂ ਹਰਜੀਤ ਕੈਨੇਡਾ ਗਿਆ ਹੋਇਆ ਸੀ...ਉਸ ਨੂੰ ਪ੍ਰੀਤਮ ਬਾਰੇ ਕਾਫ਼ੀ ਚਿਰ ਮਗਰੋਂ ਪਤਾ ਲੱਗਿਆ। ਉਹਨੂੰ ਭੈਣ ਰਾਣੀ ਨੇ ਫੋਨ 'ਤੇ ਦੱਸਿਆ ਸੀ। ਉਹ ਫੋਨ 'ਤੇ ਆਪਣੇ ਭੂਆ-ਫੁੱਫੜ ਨਾਲ ਕਈ-ਕਈ ਘੰਟੇ ਗੱਲਾਂ ਕਰਦਾ ਰਹਿੰਦਾ। ਜਦੋਂ ਉਹ ਮੇਰੇ ਨਾਲ਼ ਗੱਲ ਕਰਦਾ ਤਾਂ ਮੈਂ ਉਸਦੀ ਛੇੜੀ ਹਰੇਕ ਗੱਲ ਨੂੰ ਛੇਤੀ-ਛੇਤੀ ਨਿਪਟਾਉਣ ਦਾ ਯਤਨ ਕਰਦੀ...ਕਿਉਂਕਿ ਉਹ ਬਹੁਤ ਲੰਬਾ ਪੀਹਣਾ ਪਾ ਕੇ ਬਹਿ ਜਾਂਦਾ...ਮੈਨੂੰ ਉਹਦੇ ਨਾਲ਼ ਬਹੁਤੀਆਂ ਗੱਲਾਂ ਕਰਨਾ ਪਸੰਦ ਨਹੀਂ...ਮੇਰਾ ਦਿਲ ਕਾਹਲਾ ਪੈਣ ਲੱਗਦਾ। ਕਈ-ਕਈ ਵਾਰ ਤਾਂ ਮੈਂ ਉਹਦਾ ਫੋਨ ਵੀ ਨਾ ਚੁੱਕਦੀ।

ਹਰਜੀਤ ਦੇ ਘਰ ਦੇ ਉਹਦੇ ਵਿਆਹ ਲਈ ਕਾਹਲ਼ੇ ਸਨ। ਬਹੁਤ ਰਿਸ਼ਤੇ ਆਉਂਦੇ ਉਸ ਲਈ। ਉਸ ਦੀ ਭੈਣ ਵਟਸਐਪ 'ਤੇ ਫੋਟੋਆਂ ਭੇਜ-ਭੇਜ ਕਮਲੀ ਹੋ ਗਈ... ਪਰ ਕਿਸੇ ਰਿਸ਼ਤੇ ਲਈ ਹਾਮੀ ਭਰੇ ਤਾਂ ਹੀ...ਇੱਕ ਦਿਨ ਭੂਆ ਜੀ ਸਾਡੇ ਘਰ ਆਏ ਹੋਏ ਸਨ ਤੇ ਅਸੀਂ ਸਾਰੇ ਇੱਕਠੇ ਬੈਠੇ ਚਾਹ ਪੀ ਰਹੇ ਸਾਂ। ਉਦੋਂ ਈ ਰੱਬ ਸਬੱਬੀ ਹਰਜੀਤ ਦਾ ਫੋਨ ਆ ਗਿਆ ਤੇ ਮਾਮੀ ਜੀ ਸਪੀਕਰ ਆਨ ਕਰਕੇ ਹਰਜੀਤ ਨਾਲ਼ ਗੱਲ ਕਰਨ ਲੱਗੇ,''ਜੇ ਕੋਈ ਕੁੜੀ ਆਪ ਪਸੰਦ ਕੀਤੀ ਹੋਈ ਹੈ...ਤਾਂ ਵੀ ਦੱਸ ਦੇ....ਉਸੇ ਨਾਲ ਤੇਰਾ ਵਿਆਹ ਕਰ ਦਿਆਂਗੇ...ਇੱਕ ਵਾਰੀ ਹਾਂ ਤਾਂ ਕਰ....ਤੇਰੇ ਵਿਆਹ ਦੀ ਉਮਰ ਨਿਕਲੀ ਜਾਂਦੀ...ਤੇਰੇ ਨਾਲ ਦੇ ਮੁੰਡਿਆਂ ਦੇ ਦੋ-ਦੋ ਜੁਆਕ ਵੀ ਹੋ ਗਏ। ਤੂੰ ਵੀ ਛੇਤੀ ਵਿਆਹ ਕਰਵਾ। ਅਸੀਂ ਵੀ ਦੋ ਦਿਨ ਆਪਣੇ ਚਾਅ ਲਾਡ ਪੂਰੇ ਕਰ ਲਈਏ ।''

ਹਰਜੀਤ ਅੱਗੋਂ ਹੱਸਦਾ ਹੋਇਆ ਆਖਣ ਲੱਗਿਆ,''ਮੰਮੀ ਜੀ! ਜੇ ਤੁਹਾਨੂੰ ਪੋਤੇ-ਪੋਤੀਆਂ ਦੀ ਐਨੀ ਓ ਲੋੜ ਹੈ ਤਾਂ ਹੁਣੇ ਗੋਦ ਲੈ ਲੈਂਦਾ। ਦੱਸੋ ਫੇਰ ਕਦੋਂ ਬਣਨਾ ਦਾਦੀ?''

ਭੂਆ ਜੀ ਨੇ ਅੱਗੋਂ ਖਿਝ ਕੇ ਫ਼ੋਨ ਕੱਟ ਦਿੱਤਾ।

ਪ੍ਰੀਤਮ ਨੂੰ ਗਿਆ ਸੱਤ ਵਰ੍ਹੇ ਤੋਂ ਉੱਪਰ ਸਮਾਂ ਹੋ ਗਿਆ ...ਪਰ ਮੇਰੀਆਂ ਅੱਖਾਂ ਤਾਂ ਅਜੇ ਵੀ ਬੂਹੇ 'ਤੇ ਟੰਗੀਆਂ ਪਈਆਂ ਕਿ ਖ਼ਬਰੇ ਕਦੋਂ ਓਹ ਘਰ ਆ ਜਾਏ। ਏਧਰ ਹਰਜੀਤ ਦੀਆਂ ਗੱਲਾਂ ਤੋਂ ਮੈਨੂੰ ਡਰ ਜਿਹਾ ਲੱਗਣ ਲੱਗਿਆ...ਪਤਾ ਨਹੀਂ ਇਹ ਮੇਰੇ ਮਨ ਦਾ ਵਹਿਮ ਹੈ ਜਾਂ ਸੱਚ...ਮੈਨੂੰ ਇੰਜ ਲੱਗਦਾ ਜਿਵੇਂ ਉਹ ਹੁਣ ਪਹਿਲਾਂ ਵਰਗਾ ਨਹੀਂ ਰਿਹਾ ... ਉਹ ਮੇਰੇ ਨੇੜੇ ਆਉਣਾ ਚਾਹੁੰਦਾ...ਪਰ ਮੈਨੂੰ ਇਹ ਗੱਲਾਂ ਚੰਗੀਆਂ ਨਹੀਂ ਲੱਗਦੀਆਂ...ਕਈ ਵਾਰ ਉਹਦੇ ਬਾਰੇ ਸੋਚਦਿਆਂ ਮੇਰੇ ਮਨ ਅੰਦਰ ਤੂਫਾਨ ਵਾਂਗ ਕਈ ਖਿਆਲ ਉੱਠਦੇ ਤੇ ਮੇਰੇ ਮਨ ਦੀਆਂ ਕੰਧਾਂ ਨਾਲ ਵਾਰ-ਵਾਰ ਟਕਰਾ ਅੰਦਰੋਂ-ਅੰਦਰ ਮੈਨੂੰ ਜ਼ਖ਼ਮੀ ਕਰਦੇ ਰਹਿੰਦੇ। ਮੈਂ ਘੁਲਦੀ ਰਹਿੰਦੀ ਇਨ੍ਹਾਂ ਵਿਚਾਰਾਂ ਨਾਲ ... ਕਈ ਵਾਰ ਸੋਚਿਆ ਕਿ ਉਹ ਕਿਸੇ ਭੁਲੇਖੇ 'ਚ ਨਾ ਰਹੇ...ਉਹਦਾ ਭੁਲੇਖਾ ਦੂਰ ਕਰ ਹੀ ਦਿਆਂ...ਪਰ ਫੇਰ ਸੋਚਦੀ ਸ਼ਾਇਦ ਮੇਰਾ ਵਹਿਮ ਹੀ ਨਾ ਹੋਵੇ...ਇਸ ਕਰਕੇ ਮੁੜ ਫੇਰ ਸ਼ਾਂਤ ਹੋ ਜਾਂਦੀ।

ਅੱਜ ਕੱਲ੍ਹ ਮੈਨੂੰ ਉਹ ਦਿਨ ਮੁੜ-ਮੁੜ ਚੇਤੇ ਆਉਂਦਾ ਜਿਸ ਦਿਨ ਹਰਜੀਤ ਤੇ ਪ੍ਰੀਤਮ ਦੋਵੇਂ ਬੈਠੇ ਰੋਟੀ ਖਾ ਰਹੇ ਸਨ ਤਾਂ ਮੰਮੀ ਜੀ ਕਹਿਣ ਲੱਗੇ,''ਹਰਜੀਤ... ਹੁਣ ਤੂੰ ਵੀ ਪੁੱਤ ਵਿਆਹ ਕਰਵਾ ਲੈ ...ਤੇਰੀ ਗਿਣਤੀ ਛੜਿਆਂ 'ਚ ਹੋਣ ਲੱਗ ਪਈ।''

ਹਰਜੀਤ ਨੇ ਹੱਸ ਕੇ ਮੇਰੇ ਵੱਲ ਵੇਖਦੇ ਹੋਏ ਕਿਹਾ,''ਕੋਮਲ ਭਾਬੀ ਹੀ ਸਾਕ ਕਰਵਾਵੇ ਹੁਣ ਤਾਂ। ਲੱਭ ਲਿਆਵੇ ਕਿਧਰੋਂ ਆਪਣੀ ਹੀ ਕਾਰਬਨ ਕਾਪੀ। ਫੇਰ ਕਿਹਨੇ ਰਹਿਣਾ ਛੜ੍ਹਾ। ਭੱਜਿਆ ਜਾਊਂ ਬਰਾਤ ਲੈ ਕੇ ।''

ਇਹ ਗੱਲ ਪ੍ਰੀਤਮ ਨੂੰ ਬੜੀ ਚੁੱਭੀ। ਭਾਵੇਂ ਹਰਜੀਤ ਸਾਹਮਣੇ ਤਾਂ ਉਹ ਕੁਝ ਬੋਲ ਨਾ ਸਕਿਆ...ਪਰ ਹਰਜੀਤ ਵੀ ਉਸ ਦੇ ਚਿਹਰੇ ਦੇ ਰੰਗ ਨੂੰ ਵੇਖ ਭਾਂਪ ਗਿਆ। ਪ੍ਰੀਤਮ ਨੇ ਮੁੜ ਕਦੇ ਹਰਜੀਤ ਨੂੰ ਆਪਣੇ ਘਰ ਨਾ ਵੜ੍ਹਨ ਦਿੱਤਾ। ਜੇ ਕਦੇ ਹਰਜੀਤ ਘਰ ਆਉਣ ਦੀ ਗੱਲ ਕਰਦਾ ਵੀ ਤਾਂ ਉਹ ਕੋਈ ਨਾ ਕੋਈ ਬਹਾਨਾ ਲਾ ਕੇ ਟਾਲ ਦਿੰਦਾ। ਮੰਮੀ ਜੀ ਨੇ ਵੀ ਗੱਲਾਂ-ਗੱਲਾਂ ਵਿੱਚ ਹਰਜੀਤ ਨੂੰ ਦੱਸਿਆ ਕਿ ਪ੍ਰੀਤਮ ਨੇ ਕਈ ਦਿਨ ਕਲੇਸ਼ ਪਾਈ ਰੱਖਿਆ। ਹਰਜੀਤ ਨੇ ਵੀ ਮੁੜ ਕਦੇ ਸਾਡੇ ਘਰ ਪੈਰ ਨਾ ਪਾਇਆ। ਜਦੋਂ ਕਨੇਡਾ ਗਿਆਂ, ਉਦੋਂ ਵੀ ਮਿਲਕੇ ਨਹੀਂ ਗਿਆ। ਉਹਦੇ ਜਾਣ ਤੋਂ ਤਿੰਨ- ਚਾਰ ਦਿਨਾਂ ਬਾਅਦ ਪਤਾ ਲੱਗਿਆ ਕਿ ਉਹ ਹੁਣ ਪ੍ਰਦੇਸੀ ਹੋ ਗਿਆ।

ਇੱਕ ਦਿਨ ਮੈਨੂੰ ਰਾਣੋ ਦਾ ਫੋਨ ਆਇਆ...ਉਹ ਕਿੰਨੀ ਦੇਰ ਫੋਨ 'ਤੇ ਬਹੁਤ ਹੀ ਅਜੀਬ ਜਿਹੀਆਂ ਗੱਲਾਂ ਕਰਦੀ ਰਹੀ। ਉਸ ਦਾ ਕਹਿਣਾ ਸੀ,''ਸ਼ਾਇਦ ਹਰਜੀਤ ਦਾ ਵਿਆਹ ਹੁਣ ਕਦੇ ਨਾ ਹੋਵੇ...ਸਾਡੇ ਚਾਅ ਤਾਂ ਅਧੂਰੇ ਈ ਰਹਿ ਜਾਣੇ ਭਰਾ ਦੇ ਸਿਹਰੇ ਬੰਨਣ ਦੇ।''

ਜਦੋਂ ਮੈਂ ਪੁੱਛਿਆ,''ਕਮਲੀਏ! ਕਿੱਦਾਂ ਦੀਆਂ ਗੱਲਾਂ ਕਰਦੀ ? ''

ਤਾਂ ਆਖਣ ਲੱਗੀ,''ਉਹਨੂੰ ਦੋ ਬੱਚਿਆਂ ਦੀ ਮਾਂ ਪਸੰਦ ਆ ਗਈ...ਸਾਡੇ ਸ਼ਰੀਕਾਂ ਨੇ ਸਾਨੂੰ ਟਿਕਣ ਨਹੀਂ ਦੇਣਾ ...ਹੱਸਣਗੇ ...ਲੋਕੀਂ ਤਾਅਨੇ ਕੱਸਣਗੇ.. ਹੋਰ ਕੋਈ ਕੁੜੀ ਨੀ ਮਿਲੀ ਵਿਆਹ ਲਈ ....ਹੋਰ ਤਾਂ ਹੋਰ ਲੋਕੀਂ ਗੱਲਾਂ ਬਣਾਉਣਗੇ ਕਿ ਪਤਾ ਨਹੀਂ ਮੁੰਡੇ 'ਚ ਕੋਈ ਨੁਕਸ ਐ...ਤਾਂ ਹੀ ਆਹ ਕਦਮ

ਪੁੱਟਿਆ। ਲੋਕਾਂ ਨੂੰ ਤਾਂ ਗੱਲਾਂ ਚਾਹੀਦੀਆਂ। ਲੋਕ ਖੰਭਾਂ ਦੀਆਂ ਡਾਰਾਂ ਬਣਾਉਣ ਲੱਗੇ ਦੇਰ ਨਹੀਂ ਲਾਉਂਦੇ।" ਆਖ ਉਹਨੇ ਫ਼ੋਨ ਕੱਟ ਦਿੱਤਾ। ਮੈਂ ਮੁੜ ਫੋਨ ਲਾਇਆ ਪਰ ਉਹਨੇ ਫੋਨ ਨਾ ਚੁੱਕਿਆ। ਮੈਂ ਸੋਚਾਂ 'ਚ ਪੈ ਗਈ ਕਿ ਉਹਨਾਂ ਦੇ ਘਰ ਦਾ ਮਸਲਾ ...ਭਲਾਂ, ਅਸੀਂ ਕੀ ਕਰ ਸਕਦੇ ?

ਅਗਲੇ ਦਿਨ ਹਰਜੀਤ ਦੇ ਮਾਤਾ ਜੀ ਸਾਝਰੇ ਸਾਡੇ ਘਰ ਆ ਪਹੁੰਚੇ ... ਉਹ ਵਿਹੜੇ 'ਚ ਖੜ੍ਹ ਉੱਚੀ- ਉੱਚੀ ਰੌਲ਼ਾ ਪਾਉਣ ਲੱਗੇ। ਮੈਂ ਛੱਤ 'ਤੇ ਝਾੜੂ ਲਾ ਰਹੀਂ ਸਾਂ। ਜਦੋਂ ਮੈਂ ਉਹਨਾਂ ਨੂੰ ਕੋਠੇ ਤੋਂ ਵੇਖਿਆ, ਮੰਮੀ ਜੀ, ਮਾਮੀ ਜੀ ਨੂੰ ਕਲਾਵੇ 'ਚ ਲੈਣ ਲਈ ਅੱਗੇ ਵੱਧਦੇ ਨੇ ਪਰ ਮਾਮੀ ਜੀ, ਮੰਮੀ ਜੀ ਤੋਂ ਦੂਰ ਹੋ ਕੇ ਗੁੱਸੇ ਨਾਲ ਭਰੇ ਹੋਏ ਪੁੱਛਣ ਲੱਗੇ," ਕੋਮਲ ਕਿਥੇ ਹੈ?"

ਆਪਣੇ ਬਾਰੇ ਸੁਣ ਜਦੋਂ ਮੈਂ ਛੱਤ ਤੋਂ ਥੱਲੇ ਆਈ ਤਾਂ ਬਿਨਾਂ ਕੁਝ ਕਹੇ-ਸੁਣੇ ਮਾਮੀ ਜੀ ਨੇ ਮੇਰੇ ਮੂੰਹ 'ਤੇ ਚਪੇੜ ਜੜ੍ਹ ਦਿੱਤੀ। ਇਹ ਵੇਖ ਸਭ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਕੋਈ ਵੀ ਕੁਝ ਨਹੀਂ ਸੀ ਸਮਝ ਪਾ ਰਿਹਾ ਕਿ... ਇਹ ਕੀ ਹੋ ਰਿਹਾ ਹੈ ?

ਮੰਮੀ ਜੀ ਨੇ ਮਾਮੀ ਜੀ ਦਾ ਹੱਥ ਫੜਦਿਆਂ ਜਦੋਂ ਉਹਨਾਂ ਤੋਂ ਅਜਿਹੇ ਵਤੀਰੇ ਦਾ ਕਾਰਨ ਪੁੱਛਿਆ ਤਾਂ ਉਹ ਅੱਗੋਂ ਆਖਣ ਲੱਗੇ,"ਪੁੱਛ ਆਪਣੀ ਨੂੰਹ ਤੋਂ.... ਜਿਹੜੀ ਅਜੇ ਰੱਜੀ ਨੀ ...ਪਹਿਲਾਂ ਪ੍ਰੀਤਮ ਨੂੰ ਖਾ ਗਈ ਤੇ ਹੁਣ ਸਾਡੇ ਖਾਨਦਾਨ ਨੂੰ ਤਬਾਹੀ ਵੱਲ ਧੱਕਣ ਦਾ ਇੰਤਜ਼ਾਮ ਕਰੀ ਬੈਠੀ ਹੈ...ਜੇ ਤੈਨੂੰ ਐਨੀ ਓ ਭੁੱਖ ਐ ਆਦਮੀਆਂ ਦੀ ਤਾਂ ਆਖ ਦੇ ਆਪਣੇ ਮਾਪਿਆਂ ਨੂੰ ਕਿਸੇ ਲੋੜ ਕੁ ਘਰ ਤੋਰ ਦੇਣ...ਕੋਈ ਨਾ ਕੋਈ ਦਹਾਜੂ ਮਿਲ ਈ ਜਾਊ...ਜਾਂ ਕੋਈ ਤਲਾਕਸ਼ੁਦਾ ਲੱਭ ਲੈ...ਤੂੰ ਤਾਂ ਸਾਡਾ ਈ ਕੁਆਰਾ ਪੁੱਤ ਪੱਟਣ ਲੱਗੀ ਹੋਈ...ਜੇ ਜਿਆਦਾ ਈ ਅੱਗ ਲੱਗੀ ਐ ਤਾਂ ਨਿਕਲ ਜਾ ਇੱਥੋਂ।"

ਮਾਮੀ ਜੀ ਦੀਆਂ ਕੌੜੀਆਂ ਗੱਲਾਂ ਸੁਣ ਮੈਨੂੰ ਮਰਨ ਨੂੰ ਥਾਂ ਹੋਈ ਪਈ ਸੀ ਪਰ ਫੇਰ ਵੀ ਮੈਂ ਹਲੀਮੀ ਨਾਲ਼ ਪੁੱਛਿਆ," ਮਾਮੀ ਜੀ ! ਮੈਨੂੰ ਗੱਲ ਦੱਸੋ? ਆਖਰ ਗੱਲ ਕੀ ਹੈ?"

ਜੇ ਮੇਰੀ ਥਾਂ ਕੋਈ ਹੋਰ ਹੁੰਦੀ ਤਾਂ ਪਤਾ ਨਹੀਂ ਕਿਹੜਾ ਭਾਣਾ ਵਾਪਰ ਜਾਂਦਾ! ਪਰ ਮੈਂ ਹਾਲੇ ਵੀ ਰਿਸ਼ਤਿਆਂ ਦੇ ਲਿਹਾਜ਼ 'ਚ ਉੱਲਝੀ ਬੈਠੀ ਸਾਂ। ਜੇਕਰ ਮਾਮੀ ਜੀ ਦੀ ਥਾਂ ਕੋਈ ਹੋਰ ਹੁੰਦੀ ਤਾਂ ਸ਼ਾਇਦ ਮੈਂ ਉਹਨੂੰ ਗੁੱਤੋਂ ਫੜ ਘਰੋਂ ਕੱਢ ਦਿੰਦੀ ਪਰ ਇਹ ਮੇਰੀ ਮਾਂ ਵਰਗੀ ਸੱਸ ਦੀ ਸਕੀ ਭਰਜਾਈ ਸੀ। ਉਹ ਸੱਸ ਜਿਹਨੇ ਪ੍ਰੀਤਮ ਤੋਂ ਬਾਅਦ ਵੀ ਮੈਨੂੰ ਫੁੱਲਾਂ ਵਾਂਗੂੰ ਰੱਖਿਆ । ਕਦੇ ਮੈਨੂੰ ਗੂੜ੍ਹੇ ਰੰਗ ਬਹੁਤ ਪਸੰਦ ਸਨ...ਹੱਥਾਂ 'ਤੇ ਮਹਿੰਦੀ ਲਾਉਣ ਦੇ ਮੈਂ ਬਹਾਨੇ ਲੱਭਦੀ ਹੁੰਦੀ ਸਾਂ...ਪਰ ਪ੍ਰੀਤਮ ਦੇ ਜਾਣ ਤੋਂ ਬਾਅਦ ਮੈਂ ਫਿੱਕੇ ਰੰਗਾਂ ਨੂੰ ਆਪਣੀ ਜ਼ਿੰਦਗੀ 'ਚ ਭਰ ਲਿਆ ਪਰ ਮੇਰੀ ਮਾਂ ਵਰਗੀ ਸੱਸ ਮੇਰੀ ਦੁਨੀਆਂ 'ਚ ਹਮੇਸ਼ਾ ਰੰਗ ਭਰਨ ਦੇ ਬਹਾਨੇ ਘੜਦੀ ਰਹਿੰਦੀ। ਫੇਰ ਅੱਜ ਮੈਂ ਇਹਦੇ ਪੇਕਿਆਂ 'ਚੋਂ ਆਏ ਸੇਕ ਨਾਲ਼ ਕਿਵੇਂ ਝੁਲਸਾ ਦਿਆਂ ਆਪਣੀ ਏਸ ਮਾਂ ਦੇ ਕਾਲਜੇ ਨੂੰ ! ਮੈਂ ਇਹੋ ਸੋਚਕੇ ਕਸੀਸ ਜਿਹੀ ਵੱਟ ਕੇ ਬਹਿ ਗਈ।

ਮਾਮੀ ਜੀ ਮੇਰੀ ਏਸ ਚੁੱਪੀ ਨੂੰ ਮੇਰੇ ਗੁਨਾਹਗਾਰ ਹੋਣ ਦਾ ਸਬੂਤ ਮੰਨਦੇ ਹੋਏ ਆਖਣ ਲੱਗੇ,"ਤੂੰ ਬਹੁਤੇ ਡਰਾਮੇ ਨਾ ਕਰ... ਤੈਨੂੰ ਸਭ ਪਤੈ...ਤੂੰ ਮੇਰੇ ਪੁੱਤ ਨੂੰ ਮਿੱਠੀਆਂ ਗੱਲਾਂ 'ਚ ਫਸਾ ਲਿਆ...ਤਾਂ ਹੀ ਨਈ ਕਿਧਰੇ ਹੋਰ ਵਿਆਹ ਨੂੰ ਮੰਨਦਾ... ਕਿੰਨੇ ਸਾਲ ਹੋ ਗਏ ਉਸ ਨੂੰ ਸੈੱਟ ਹੋਏ ਨੂੰ...ਜਦ ਵੀ ਵਿਆਹ ਦੀ ਗੱਲ ਕਰੋ ਆਖਦਾ ਕਿ ਮੈਂ ਨਹੀਂ ਕਰਾਉਣਾ ਹਾਲ਼ੇ...ਕੱਲ੍ਹ ਤਾਂ ਹੱਦ ਈ ਹੋ ਗਈ...ਜਦੋਂ ਉਹਨੇ ਰਾਣੋ ਨੂੰ ਕਿਹਾ...ਕਿ ਮੈਂ ਕੋਮਲ ਨਾਲ ਵਿਆਹ ਕਰਵਾਉਣਾ।"

ਮਾਮੀ ਜੀ ਦਾ ਮੂੰਹ ਐਨਾ ਕੁਝ ਸੁਣਾ ਕੇ ਵੀ ਬੰਦ ਨਹੀਂ ਹੋਇਆ। ਮਾਮੀ ਜੀ ਤਾਂ ਹੋਰ ਵੀ ਪਤਾ ਨਹੀਂ ਕੀ, ਲਗਾਤਾਰ ਬੋਲੀ ਜਾ ਰਹੇ ਸਨ...ਪਰ ਹੁਣ ਮੈਨੂੰ ਉਹਨਾਂ ਦੇ ਗੁੱਸੇ ਨਾਲ਼ ਕੰਬਦੇ ਬੁੱਲ੍ਹ ਹੀ ਦਿੱਸ ਰਹੇ ਸਨ...ਸੁਣ ਕੁਝ ਨਹੀਂ ਸੀ ਰਿਹਾ...ਇੰਜ ਲੱਗ ਰਿਹਾ ਸੀ ਜਿਵੇਂ ਕੰਨਾਂ ਵਿੱਚ ਕਿਸੇ ਨੇ ਉੱਬਲਦਾ ਤੇਲ ਪਾ ਦਿੱਤਾ ਹੋਵੇ...ਮੈਨੂੰ ਇੰਜ ਲੱਗ ਰਿਹਾ ਸੀ ਜਿਵੇਂ ਮੇਰੇ ਅੰਦਰ ਕਰੰਟ ਦੀ ਕੋਈ ਤਾਰ ਜਿਹੀ ਫਿਰ ਗਈ ਹੋਵੇ।

ਮੰਮੀ ਜੀ ਮੰਜੇ 'ਤੇ ਬੈਠ ਗਏ। ਡੈਡੀ ਜੀ ਬੁੱਢੀਆਂ ਨਜ਼ਰਾਂ ਨਾਲ ਮੇਰੇ ਚਿਹਰੇ ਵੱਲ ਨੀਝ ਨਾਲ ਤੱਕਣ ਲੱਗੇ। ਉਹ ਬਿਨਾਂ ਕੁਝ ਆਖਿਆਂ ਲਗਾਤਾਰ ਮੇਰੇ ਵੱਲ ਦੇਖੀ ਜਾ ਰਹੇ ਸਨ। ਮੈਨੂੰ ਇੰਜ ਲੱਗ ਰਿਹਾ ਸੀ ਜਿਵੇਂ ਉਹਨਾਂ ਦੀਆਂ ਘੂਰਦੀਆਂ ਅੱਖਾਂ ਮੈਨੂੰ ਬਹੁਤ ਕੁਝ ਪੁੱਛ ਰਹੀਆਂ ਹੋਣ ਤੇ ਉਹਨਾਂ ਦੀ ਬੇਵੱਸ ਹੋਈ ਜ਼ੁਬਾਨ ਕੁਝ ਵੀ ਬੋਲ ਨਹੀਂ ਪਾ ਰਹੀ। ਉਹ ਸਮਝ ਨਹੀਂ ਪਾ ਰਹੇ ਕਿ ਉਹ ਕੀ ਕਹਿਣ ? ਕੀ ਨਾ ?

ਮੇਰੀਆਂ ਅੱਖਾਂ 'ਚੋਂ ਬੇਵੱਸੀ ਦੇ ਹੰਝੂ ਮੈਥੋਂ ਸਾਂਭੇ ਨਹੀਂ ਜਾ ਰਹੇ। ਮੈਂ ਮੰਮੀ ਜੀ ਦੇ ਮੰਜੇ ਕੋਲ ਭੁੰਜੇ ਹੀ ਬਹਿ ਗਈ ਤੇ ਉਹਨਾਂ ਦੇ ਗੋਡਿਆਂ 'ਤੇ ਸਿਰ ਰੱਖ ਸਫ਼ਾਈਆਂ ਦੇਣ ਲੱਗੀ,"ਮੰਮੀ ਜੀ! ਮੈਨੂੰ ਇਸ ਬਾਰੇ ਕੁਝ ਨਹੀਂ ਪਤਾ ...ਮੇਰਾ ਯਕੀਨ ਕਰੋ...ਹਰਜੀਤ ਨਾਲ ਮੇਰੀ ਕਦੇ ਕੋਈ ਅਜਿਹੀ ਗੱਲ ਨਹੀਂ ਹੋਈ...ਮੈਂ ਤਾਂ ਅਜਿਹਾ ਕਦੇ ਸੋਚਿਆ ਤੱਕ ਨਹੀਂ...ਜੇ ਮੇਰੇ ਮਨ 'ਚ ਇੱਕ ਪਲ ਲਈ ਵੀ ਅਜਿਹਾ ਵਿਚਾਰ ਆਇਆ ਹੁੰਦਾ ਤਾਂ ਮੈਂ ਸਭ ਤੋਂ ਪਹਿਲਾਂ ਤੁਹਾਡੇ ਨਾਲ ਸਾਂਝਾ ਕਰਦੀ... ਤੁਸੀਂ ਸਾਰੇ ਤਾਂ ਮੇਰੀ ਦੁਨੀਆਂ ਹੋ ...ਭਲਾ ਮੈਂ ਆਪਣੀ ਦੁਨੀਆਂ ਨੂੰ ਕਿਵੇਂ ਧੋਖਾ ਦੇ ਸਕਦੀ ਹਾਂ ? ਮੈਨੂੰ ਹੋਰ ਕਿਸੇ ਰਿਸ਼ਤੇ ਦੀ ਕੋਈ ਭੁੱਖ ਨਹੀਂ, ਕੋਈ ਲੋੜ ਨਹੀਂ।"

ਮਾਮੀ ਜੀ ਹਾਲੇ ਵੀ ਲੱਕ 'ਤੇ ਹੱਥ ਰੱਖ ਮੇਰੇ 'ਤੇ ਪਤਾ ਨਹੀਂ ਕਿਹੜੀਆਂ-ਕਿਹੜੀਆਂ ਤੋਹਮਤਾਂ ਥੋਪਣ 'ਚ ਰੁੱਝੇ

## ਉਦਾਸ ਹੈ ਚੰਦ੍ਰਮਾ / ਅੰਮ੍ਰਿਤ ਦੀਵਾਨਾ



ਬਹੁਤ ਉਦਾਸ ਹੈ
ਚੰਦਰਮਾ ਅੱਜ ਕੱਲ੍ਹ
ਅੰਬਰ ਜਿੱਡੇ ਹਉਕੇ ਭਰਦਾ ਹੈ
ਬੱਦਲਾਂ ਉਹਲੇ ਲੁਕ ਕੇ
ਹੁਬਕੀਂ ਹੁਬਕੀਂ ਰੋਂਦਾ ਹੈ

ਉਸਦਾ ਗਿਲਾ ਹੈ ਕਿ
ਰਾਤਾਂ ਨੂੰ ਲੋਕ
ਹੁਣ ਨੀਝ ਲਾ ਕੇ
ਉਸ ਵੱਲ ਨਹੀਂ ਤੱਕਦੇ
ਹੁਣ ਵਾਤਾਨਕੂਲਿਤ
ਕਮਰਿਆਂ ਵਿੱਚ
ਘੂਕ ਸੁੱਤੇ ਹੋਏ ਲੋਕਾਂ ਦੇ ਦਰਾਂ ਤੇ
ਮੇਰੀ ਚਾਨਣੀ
ਦਸਤਕ ਦੇ ਕੇ
ਮੁੜ ਆਉਂਦੀ ਹੈ

ਹੁਣ ਝੀਲ 'ਚ ਤਰਦੇ
ਮੇਰੇ ਅਕਸ ਨੂੰ
ਕੋਈ ਨਹੀਂ ਨਿਹਾਰਦਾ

ਆਸ਼ਿਕ ਮਸ਼ੂਕ ਨੂੰ
ਚੌਧਵੀਂ ਦਾ ਚੰਦ ਕਹਿ ਕੇ
ਵੀ ਕੋਈ ਨਹੀਂ ਪੁਕਾਰਦਾ
ਹੁਣ ਤਾਂ ਮਾਵਾਂ ਭੁੱਲ ਗਈਆਂ ਨੇ
ਮੇਰੇ ਵੱਲ ਉਂਗਲੀ ਕਰਕੇ
ਬੱਚਿਆਂ ਨੂੰ ਚੰਦ ਮਾਮਾ ਦੀਆਂ
ਲੋਰੀਆਂ ਸੁਨਾਉਣੀਆਂ

ਕੋਈ ਵਕਤ ਹੁੰਦਾ ਸੀ
ਜਦੋਂ ਚਾਨਣੀਆਂ ਰਾਤਾਂ ਵਿੱਚ
ਸੁਆਣੀਆਂ
ਸੂਤ ਕੱਤ ਕੱਤ
ਅੰਬਾਰ ਲਾ ਦਿੰਦੀਆਂ
ਮੁੰਡੇ ਕੌਡੀ ਖੇਡਣੋ ਨਹੀਂ ਸੀ ਥੱਕਦੇ
ਹੁਣ ਤਾਂ ਹਰ ਕਿਸੇ ਦੇ ਹੱਥ ਵਿੱਚ
ਫੜੇ ਗਿੱਠ ਦੇ ਯੰਤਰ ਅੰਦਰ
ਸਿਮਟ ਕੇ ਰਹਿ ਗਿਆ ਹੈ
ਸਾਡਾ ਸਾਰਾ ਕਾਰ ਵਿਹਾਰ
ਸਾਡਾ ਅੰਦਰੂਨੀ ਤੇ
ਬਾਹਰੀ ਸੰਸਾਰ

ਸਚਮੁਚ ਬਹੁਤ
ਅਣਗੌਲਿਆ ਜਿਹਾ
ਹੋ ਗਿਆ ਹੈ ਇਹ
ਰਿਸ਼ਮਾਂ ਵੰਡਦਾ ਸੰਸਾਰ

ਦੋਸਤੋ
ਬਹੁਤ ਉਦਾਸ ਹੋ ਗਿਆ ਹੈ
ਅੱਜ ਕੱਲ੍ਹ ਚੰਦਰਮਾ
ਅੰਬਰ ਜਿੱਡੇ ਹਉਕੇ ਭਰਦਾ
ਬੱਦਲਾਂ ਉਹਲੇ ਲੁਕ ਕੇ
ਹੁਬਕੀਂ ਹੁਬਕੀਂ ਰੋਂਦਾ ਹੈ.........

ਹੋਏ ਸਨ। ਅਚਾਨਕ ਮੇਰੀ ਨਿਗਾਹ ਦਰਵਾਜੇ 'ਚ ਖੜ੍ਹੀ ਆਪਣੀ ਧੀ 'ਤੇ ਪਈ ਜਿਹਦੀਆਂ ਅੱਖਾਂ 'ਚੋਂ ਹੰਝੂ ਡਿੱਗਣ ਲਈ ਕਾਹਲੇ ਪਏ ਹੋਏ , ਜਾਪ ਰਹੇ ਸਨ।

ਕੱਲ੍ਹ ਸ਼ਾਮੀ ਜਦੋਂ ਮੈਂ ਉਹਨੂੰ ਟਿਊਸ਼ਨ ਤੋਂ ਘਰ ਵਾਪਿਸ ਲਿਆ ਰਹੀ ਸਾਂ...ਇੱਕ ਕੁੱਤੇ ਨੂੰ ਵੇਖ ਉਹ ਬਹੁਤ ਸਹਿਮ ਗਈ ...ਕੁੱਤਾ ਭੌਂਕਦਾ ਹੋਇਆ ਮੁੜ-ਮੁੜ ਸਾਡੇ ਵੱਲ ਆ ਰਿਹਾ ਸੀ...ਉਹ ਡਰ ਦੇ ਮਾਰੇ ਮੇਰੇ ਕਲਾਵੇ 'ਚ ਆ ਗਈ... ਮੈਂ ਉਹਨੂੰ ਸਮਝਾਉਣ ਲੱਗੀ,''ਡੌਂਟ ਵਰੀ...ਬੇਟਾ ਕੁੱਤਾ ਹੀ ਤਾਂ ਹੈ...ਇਹ ਉਹਦੀ ਆਦਤ ਹੈ... ਆਪਾਂ ਕਿਵੇਂ ਬਦਲ ਸਕਦੇ ਹਾਂ।'' ਉਦੋਂ ਤਾਂ ਉਹ ਸਮਝ ਗਈ ਸੀ...ਹੁਣ ਉਹਨੂੰ ਕਿੱਦਾਂ ਸਮਝਾਵਾਂ ਸਭ ਕੁਝ ?

ਉਹਨੂੰ ਵੇਖ ਮੇਰੇ ਕਾਲਜੇ ਦਾ ਰੁੱਗ ਭਰ ਆਇਆ। ਮੈਂ ਸੋਚਣ ਲੱਗੀ ਕਿ ਮੇਰੀ ਕੀ ਰਹਿ ਗਈ ਮੇਰੀ ਧੀ ਸਾਹਮਣੇ ? ਮੇਰੀ ਧੀ ਨਿਆਣੀ ਐ ...ਕੀ ਸੱਚ ?... ਕੀ ਝੂਠ ?...ਹਾਲੇ ਉਹਦੀ ਸਮਝ ਤੋਂ ਪਰੇ ਨੇ...ਕਿਧਰੇ ਉਹ ਮੈਨੂੰ ?...ਨਹੀਂ, ਨਹੀਂ ... ਉਹਦੀ 'ਕੱਲੀ 'ਕੱਲੀ ਨੱਸ 'ਚ ਮੇਰਾ ਲਹੂ ਦੌੜਦਾ... ਕੀ ਉਹਦਾ ਕਾਲਜਾ ਮੇਰੇ ਵੱਲ ਦੀ ਗਵਾਹੀ ਨਹੀਂ ਭਰੇਗਾ ?...ਮੇਰੀ ਧੀ ਵੱਲ ਕੋਈ ਉਂਗਲ ਚੁੱਕ ਕੇ ਵਿਖਾਵੇ...ਮੈਂ ਆਪਣੀ ਧੀ ਦੀਆਂ ਅੱਖਾਂ 'ਚੋਂ ਉਹਦਾ ਸੱਚ ਪੜ੍ਹਨ ਲਈ ਦੇਰ ਨਾ ਲਾਵਾਂ...ਹਾਏ! ਰੱਬਾ ਸਾਡਾ ਮਾਂ-ਧੀ ਦਾ ਰਿਸ਼ਤਾ ! ...

ਮੇਰੀ ਧੀ ਆਪਣੀਆਂ ਨਿੱਕੀਆਂ-ਨਿੱਕੀਆਂ ਹਥੇਲੀਆਂ ਨਾਲ਼ ਆਪਣੇ ਹੰਝੂ ਪੂੰਝਦੀ ਹੋਈ ਕਮਰੇ 'ਚੋਂ ਬਾਹਰ ਆਈ ਤੇ ਮੰਮੀ ਜੀ ਨੂੰ ਹਲੂਣਦੀ ਹੋਈ ਆਖਣ ਲੱਗੀ,''ਦਾਦੀ ਮੰਮੀ! ਮੇਰੇ ਮੰਮੀ ਰੋ ਰਹੇ ਨੇ।''

ਮੇਰੀ ਮਾਂ ਵਰਗੀ ਸੱਸ ਮੰਜੇ ਤੋਂ ਉੱਠੀ ਤੇ ਉਹਨੇ ਆਪਣੀ ਭਰਜਾਈ ਨੂੰ ਬਾਹੋਂ ਫੜ ਵਿਹੜੇ 'ਚੋਂ ਬਾਹਰ ਧੱਕ ਕੇ ਤਾੜ ਦੇਣੀ ਗੇਟ ਲਾ ਲਿਆ।

ਮੇਰੀ ਧੀ ਨੇ ਭੱਜ ਕੇ ਆ, ਮੇਰੇ ਗਲ ਆਪਣੀਆਂ ਬਾਹਾਂ ਵਲ ਲਈਆਂ ਤੇ ਆਖਣ ਲੱਗੀ,''ਡੌਂਟ ਵਰੀ, ਮੰਮੀ ਜੀ।''

**98143-85918**

# ਹਿੰਦੀ ਕਵਿਤਾ / ਮੋਚੀ ਰਾਮ / ਧੂਮਿਲ / ਅਨੁਵਾਦ : ਜਸਪਾਲ ਘਈ



ਰੰਬੀ ਤੋਂ ਉੱਠੀਆਂ ਅੱਖਾਂ ਨੇ
ਪਲ ਭਰ ਲਈ ਮੈਨੂੰ ਟਟੋਲਿਆ
ਤੇ ਫਿਰ ਜਿਵੇਂ ਵਿਸ਼ਵਾਸ ਪਰੁੱਚੀ ਆਵਾਜ਼ 'ਚ
ਉਹ ਹੱਸਦਾ ਹੋਇਆ ਬੋਲਿਆ:
''ਸੱਚ ਪੁੱਛੋ ਤਾਂ ਬਾਊ ਜੀ
ਮੇਰੀ ਨਜ਼ਰ 'ਚ
ਨਾ ਕੋਈ ਛੋਟਾ ਏ ਤੇ ਨਾ ਕੋਈ ਵੱਡਾ
ਮੇਰੇ ਵਾਸਤੇ ਤਾਂ
ਹਰ ਬੰਦਾ ਇਕ ਜੋੜੀ ਜੁੱਤਾ ਹੈ
ਜੋ ਮੇਰੇ ਸਾਹਮਣੇ ਮੁਰੰਮਤ ਲਈ ਖਲੋਤਾ ਹੈ

ਅਸਲ ਗੱਲ ਤਾਂ ਇਹ ਵੇ ਬਾਊ ਜੀ
ਕਿ ਬੰਦਾ ਚਾਹੇ ਜਿਹੜਾ ਵੀ ਏ
ਜਿਹੋ ਜਿਹਾ ਵੀ ਏ
ਜਿੱਥੇ ਕਿਤੇ ਵੀ ਏ ਉਹਦੀ ਠਾਹਰ
ਉਹ ਹੋ ਹੀ ਨਹੀਂ ਸਕਦਾ
ਜੁੱਤੇ ਦੇ ਨਾਪ ਤੋਂ ਬਾਹਰ
ਫਿਰ ਵੀ ਚੇਤਾ ਰਹਿੰਦਾ ਏ ਮੈਨੂੰ
ਕਿ ਕਸਬੀ ਹੱਥਾਂ
ਤੇ ਪਾਟੇ ਜੁੱਤਿਆਂ ਵਿਚਕਾਰ
ਕਿਤੇ ਨਾ ਕਿਤੇ ਇਕ ਆਦਮੀ ਰਹਿੰਦਾ ਹੈ
ਜਿਸ ਤੇ ਲਗਦੇ ਨੇ ਟਾਂਕੇ
ਜੋ ਜੁੱਤੇ ਚੋਂ ਝਾਕਦੀ ਉਂਗਲੀ ਦੀ ਚੋਟ
ਹਿੱਕ 'ਤੇ ਹਥੌੜੇ ਵਾਂਗ ਸਹਿੰਦਾ ਹੈ

ਏਥੇ ਤਰਾਂ ਤਰਾਂ ਦੇ ਜੁੱਤੇ ਆਉਂਦੇ ਨੇ
ਤੇ ਆਦਮੀ ਦੇ ਅੱਡ ਅੱਡ ਪੱਧਰ ਦੀ
ਕਹਾਣੀ ਸੁਣਾਉਂਦੇ ਨੇ
ਸਭ ਜੁੱਤਿਆਂ ਦੀ ਆਪਣੀ ਆਪਣੀ ਸ਼ਕਲ ਹੈ
ਆਪਣੀ ਆਪਣੀ ਸ਼ੈਲੀ ਹੈ
ਮਸਲਨ ਇਕ ਜੁੱਤਾ ਹੈ :
ਜੁੱਤਾ ਕੀ ਹੈ – ਟਾਕੀਆਂ ਦੀ ਗਠੜੀ ਹੈ
ਇਹਨੂੰ ਇਕ ਬੰਦੇ ਨੇ ਪਾ ਛੱਡਿਐ
ਤੇ ਉਸ ਬੰਦੇ ਦੇ ਚਿਹਰੇ ਨੂੰ
ਚੇਚਕ ਨੇ ਖਾ ਛੱਡਿਐ
ਆਖ ਕੇ ਉਹ
ਅਜਬ ਜੇਹਾ ਹਾਸਾ ਹੱਸਿਆ ਹੈ
ਜਿਵੇਂ ਟੈਲੀਫੋਨ ਦੇ ਖੰਭੇ ਤੇ ਕੋਈ ਪਤੰਗ ਫਸਿਆ ਹੈ
ਨਾ ਆ ਨਾ ਜਾ ਰਿਹਾ ਹੈ ਬਸ ਫੜਫੜਾ ਰਿਹਾ ਹੈ

ਮੈਂ ਉਸ ਬੰਦੇ ਨੂੰ ਕਹਿਣਾ ਚਾਹੁੰਦਾ ਹਾਂ :
'ਇਹਦੇ ਤੇ ਕਿਉਂ ਪੈਸੇ ਪੱਟਦੈਂ ਬਾਊ ?'
ਪਰ ਲੜਖੜਾਉਂਦੀ ਹੈ ਮੇਰੀ ਆਵਾਜ਼
ਮਹਿਸੂਸ ਕਰਦਾ ਹਾਂ ਮੈਂ
ਜਿਵੇਂ ਬੋਲਦਾ ਹੋਵੇ ਅੰਦਰੋਂ ਕੋਈ : 'ਕੇਹਾ ਬੰਦਾ ਏਂ
ਆਪਣੀ ਜ਼ਾਤ ਤੇ ਥੁੱਕਦੈਂ !!'
ਸੱਚ ਜਾਣਿਓਂ ਓਦੋਂ ਮੈਂ ਟਾਕੀਆਂ ਥਾਵੇਂ
ਆਪਣੀਆਂ ਅੱਖਾਂ ਚਿਪਕਾਉਂਦਾ ਹਾਂ
ਤੇ ਕਸਬੀ ਆਦਮੀ ਦੇ ਕਸਬ ਨੂੰ
ਮੁਸ਼ਕਿਲ ਨਾਲ ਨਿਭਾਉਂਦਾ ਹਾਂ

ਇਕ ਹੋਰ ਜੁੱਤਾ ਹੈ ਜਿਸ 'ਚ ਪੈਰ ਫਸਾਈ
ਇਕ ਬੰਦਾ ਨਿਕਲਦੈ ਸੈਰ ਨੂੰ
ਨਾ ਉਹ ਅਕਲਮੰਦ ਹੈ ਨਾ ਵਕਤ ਦਾ ਪਾਬੰਦ ਹੈ
ਉਹਦੀਆਂ ਅੱਖਾਂ 'ਚ ਲਾਲਚ ਹੈ
ਗੁੱਟ ਤੇ ਬੱਧੀ ਘੜੀ ਹੈ
ਜਾਣਾ ਉਹਨੇ ਕਿਤੇ ਵੀ ਨਹੀਂ
ਫਿਰ ਵੀ ਚਿਹਰੇ ਤੇ ਹੜਬੜੀ ਹੈ
ਉਸ ਦੀ ਕਿਧਰੇ ਪਰਚੂਨ ਜਾਂ ਮੁਨਿਆਰੀ ਦੀ ਹੱਟ ਹੈ
ਪਰ ਸਮਝਦੈ
ਕਿ ਉਹ ਵੀ ਕਿਹੜਾ ਹਿਟਲਰ ਤੋਂ ਘੱਟ ਹੈ !!
''ਇਹਨੂੰ ਬੰਨ੍ਹ, ਓਹਨੂੰ ਕੱਟ
ਐਥੋਂ ਠੋਕ, ਐਥੋਂ ਕੁੱਟ
ਰਗੜ ਰਗੜ ਕੇ ਚਮਕਾ ਦੇ
ਜੁੱਤੇ ਨੂੰ ਸ਼ੀਸ਼ਾ ਬਣਾ ਦੇ''
''ਉਫ਼ ਬੜੀ ਗਰਮੀ ਹੈ'' ਰੁਮਾਲ ਦਾ ਪੱਖਾ ਝੱਲਦੈ
ਮੌਸਮ ਉੱਪਰ ਕਲਪਦੈ
ਸੜਕ ਤੇ 'ਆਉਂਦੀਆਂ ਜਾਂਦੀਆਂ' ਵੱਲ
ਅੱਖਾਂ ਹੀ ਅੱਖਾਂ 'ਚ
ਬਾਂਦਰ ਵਾਂਗ ਲਪਕਦੈ ਗੱਲ ਮੁਕਾਓ
ਘੰਟਾ ਭਰ ਪੂਰਾ ਖਪਾਂਦੈ
ਤੇ ਪੈਸੇ ਕੱਢਣ ਵੇਲੇ 'ਨਟ' ਬਣ ਜਾਂਦੈ
''ਸ਼ਰੀਫ਼ਾਂ ਨੂੰ ਲੁੱਟਦੈਂ'' ਆਖ ਮੇਰੇ ਨਾਲ ਲੜਦੈ


## ਹਿੰਦੀ ਕਵਿਤਾ / ਮੋਚੀ ਰਾਮ / ਧੂਮਿਲ / ਅਨੁਵਾਦ : ਜਸਪਾਲ ਘਈ

ਕੁਝ ਸਿੱਕੇ ਸੁੱਟ ਆਪਣਾ ਰਾਹ ਫੜਦੈ
ਅਚਾਨਕ ਕੁਝ ਚੁਭਦੈ
ਉੱਛਲਦੈ ਤੇ ਪਟੜੀ ਤੇ ਜਾ ਚੜ੍ਹਦੈ
ਚੋਟ ਜਦ ਪੇਸ਼ੇ ਤੇ ਪੈ ਜਾਂਦੀ ਏ
ਤਾਂ ਕੋਈ ਚੋਰ-ਕਿੱਲ
ਜੁੱਤੀ 'ਚ ਲੁਕੀ ਰਹਿ ਜਾਂਦੀ ਏ
ਜੋ ਮੌਕਾ ਪਾ ਕੇ ਉਠਦੀ ਏ
ਤੇ ਉਂਗਲੀ 'ਚ ਲਹਿ ਜਾਂਦੀ ਏ

ਇਸ ਦਾ ਇਹ ਮਤਲਬ ਨਹੀਂ
ਕਿ ਮੈਨੂੰ ਕੋਈ ਗ਼ਲਤਫ਼ਹਿਮੀ ਹੈ
ਹਰ ਵੇਲੇ ਖ਼ਿਆਲ ਰਹਿੰਦਾ ਏ ਮੈਨੂੰ
ਕਿ ਜੁੱਤੇ ਤੇ ਕਸਬ ਵਿਚਕਾਰ
ਕਿਤੇ ਨਾ ਕਿਤੇ ਇਕ ਆਦਮੀ ਰਹਿੰਦਾ ਹੈ
ਜਿਸ ਤੇ ਲਗਦੇ ਨੇ ਟਾਂਕੇ
ਜੋ ਜੁੱਤੇ ਚੋਂ ਝਾਕਦੀ ਉਂਗਲੀ ਦੀ ਚੋਟ
ਹਿੱਕ ਤੇ ਹਥੌੜੇ ਵਾਂਗ ਸਹਿੰਦਾ ਹੈ
ਨਾਲੇ ਬਾਊ ਜੀ ! ਅਸਲ ਗੱਲ ਤਾਂ ਇਹ ਵੇ
ਕਿ ਜਿਉਂਦੇ ਰਹਿਣ ਪਿੱਛੇ
ਜੇ ਕੋਈ ਉਚਿਤ ਤਰਕ ਨਹੀਂ ਹੈ
ਤਾਂ ਰੱਬ ਦਾ ਨਾਮ ਵੇਚ ਕੇ
ਜਾਂ ਵੇਸਵਾ ਦੀ ਦਲਾਲੀ ਕਰਕੇ
ਰੋਟੀ ਕਮਾਉਣ ਵਿਚ ਵੀ
ਕੋਈ ਫ਼ਰਕ ਨਹੀਂ ਹੈ

ਤੇ ਇਹੀ ਉਹ ਥਾਂ ਹੈ ਜਿੱਥੇ ਬੰਦਾ
ਆਪਣੇ ਕਸਬ ਨਾਲੋਂ ਟੁੱਟ ਕੇ ਬਣ ਜਾਂਦਾ ਹੈ
ਭੀੜ ਦਾ ਖੜਕਦਾ ਹਿੱਸਾ
ਭਾਸ਼ਾ ਉਹਨੂੰ ਕੱਟਦੀ ਹੈ
ਮੌਸਮ ਹੈ ਸਤਾਉਂਦਾ

ਹੁਣ ਤੁਸੀਂ ਬਸੰਤ ਦੇ ਮੌਸਮ ਦੀ ਹੀ ਗੱਲ ਕਰ ਲਓ
ਇਹ ਦਿਨ ਨੂੰ ਡੋਰੀ ਵਾਂਗ ਤਾਣਦਾ ਏ
ਰੁੱਖਾਂ ਤੇ ਸਾਵੇ ਸਾਵੇ ਪੱਤਿਆਂ ਦੇ
ਹਜ਼ਾਰਾਂ ਪਤਾਵੇ ਬਣਾਉਂਦਾ ਹੈ
ਧੁੱਪ ਨਾਲ ਸਿੱਝਣ ਲਈ ਲਟਕਾਉਂਦਾ ਹੈ
ਸੱਚ ਜਾਣਿਓਂ
ਐਸੀ ਰੁੱਤੇ ਬੜਾ ਔਖਾ ਹੋ ਜਾਂਦੈ
ਰੰਬੀ ਨੂੰ ਸੰਭਾਲਣਾ
ਅੱਖ ਕਿਤੇ ਜਾਂਦੀ ਏ
ਤੇ ਹੱਥ ਕਿਤੇ ਜਾਂਦਾ ਏ
ਮਨ ਕਿਸੇ ਬੌਂਦਲੇ ਹੋਏ ਬੱਚੇ ਵਾਂਗ
ਵਾਰ ਵਾਰ ਕੰਮ ਤੇ ਜਾਣੋਂ ਕਰਦੈ ਇਨਕਾਰ
ਜਾਪਦੈ ਕਿ ਚਮੜੇ ਦੀ ਸ਼ਰਾਫ਼ਤ ਪਿੱਛੇ
ਕੋਈ ਜੰਗਲ ਹੈ
ਜੋ ਆਦਮੀ ਤੇ ਰੁੱਖਾਂ ਤੇ ਕਰਦੈ ਵਾਰ
ਤੇ ਇਹ ਚੌਂਕਣ ਦੀ ਨਹੀਂ ਸੋਚਣ ਦੀ ਗੱਲ ਹੈ
ਪਰ ਜੋ ਜ਼ਿੰਦਗੀ ਨੂੰ ਕਿਤਾਬ ਨਾਲ ਨਾਪਦਾ ਹੈ
ਜੋ ਹਕੀਕਤ ਤੇ ਅਨੁਭਵ ਦਰਮਿਆਨ
ਖ਼ੂਨ ਦੇ ਕਿਸੇ ਕਲਹਿਣੇ ਮੌਕੇ ਤੇ ਕਾਇਰ ਹੈ
ਉਹ ਬੜੀ ਆਸਾਨੀ ਨਾਲ ਕਹਿ ਸਕਦੈ :
''ਯਾਰ, ਇਹ ਮੋਚੀ ਨਹੀਂ, ਸ਼ਾਇਰ ਹੈ''
ਅਸਲ ਚ ਐਸਾ ਬੰਦਾ
ਇਕ ਦਿਲਚਸਪ ਗ਼ਲਤਫ਼ਹਿਮੀ ਦਾ ਸ਼ਿਕਾਰ ਹੁੰਦੈ
ਉਹ ਸੋਚਦੈ ਕਿ ਪੇਸ਼ਾ ਇਕ ਜਾਤ ਹੈ
ਤੇ ਭਾਸ਼ਾ ਉੱਤੇ
ਆਦਮੀ ਦਾ ਨਹੀਂ, ਕਿਸੇ ਜਾਤ ਦਾ ਅਧਿਕਾਰ ਹੁੰਦੈ
ਜਦੋਂ ਕਿ ਸਚਾਈ ਇਹ ਹੈ
ਕਿ ਅੱਗ ਸਭ ਨੂੰ ਸਾੜਦੀ ਹੈ
ਸੱਚ ਸਭ 'ਚੋਂ ਹੋ ਕੇ ਗੁਜ਼ਰਦੈ
ਕੁਝ ਹਨ ਜਿਨ੍ਹਾਂ ਨੂੰ ਸ਼ਬਦ ਮਿਲ ਚੁੱਕੇ ਨੇ
ਕੁਝ ਹਨ ਜੋ ਸ਼ਬਦਾਂ ਸਾਹਵੇਂ ਅੰਨ੍ਹੇ ਨੇ
ਉਹ ਹਰ ਅਨਿਆਂ ਨੂੰ ਚੁੱਪਚਾਪ ਸਹਿੰਦੇ ਨੇ
ਪੇਟ ਦੀ ਅੱਗ ਤੋਂ ਤ੍ਰਹਿੰਦੇ ਨੇ
ਜਦੋਂ ਕਿ ਮੈਂ ਜਾਣਦਾ ਹਾਂ
ਕਿ 'ਇਨਕਾਰ ਨਾਲ ਭਰੀ ਇਕ ਚੀਕ'
ਤੇ 'ਇਕ ਸਮਝਦਾਰ ਚੁੱਪ'
ਦੋਵੇਂ ਇੱਕੋ ਤਰ੍ਹਾਂ ਦਾ ਅਰਥ ਸੁਝਾਉਂਦੀਆਂ ਹਨ
ਭਵਿੱਖ ਘੜਨ 'ਚ
'ਚੁੱਪ' ਤੇ 'ਚੀਕ' ਆਪੋ ਆਪਣੀ ਥਾਵੇਂ
ਇੱਕੋ ਤਰ੍ਹਾਂ ਨਾਲ
ਆਪਣਾ ਫ਼ਰਜ਼ ਨਿਭਾਉਂਦੀਆਂ ਹਨ।



99150-99926

## ਸੀਰਤ-ਨਿਗਾਰੀ / ਉੱਜੜੇ ਬਾਗ਼ ਦਾ ਮਾਲੀ-ਤਾਇਆ ਇੰਦਰ / ਬੂਟਾ ਸਿੰਘ ਚੌਹਾਨ

ਤਾਇਆ ਇੰਦਰ ਲੋਹੇ ਵਰਗਾ ਬੰਦਾ ਸੀ। ਨਾ ਅੱਕਦਾ, ਨਾ ਥੱਕਦਾ। ਸਾਡੇ ਘਰ ਦਾ ਸਾਰਾ ਭਾਰ ਉਹਦੇ ਸਿਰ ’ਤੇ ਸੀ। ਸਾਰੀ ਉਮਰ ਉਹਨੇ ਚੂੰ ਨਹੀਂ ਕੀਤੀ। ਸਾਡੇ ਪਰਿਵਾਰ ਦਾ ਜ਼ਹਿਰ ਉਹਨੇ ਭੋਲ਼ਾ ਸ਼ੰਕਰ ਬਣ ਕੇ ਪੀਤਾ। ਮੇਰੇ ਪਿਉ ਦੀ ਖਿੰਡੀ ਕਬੀਲਦਾਰੀ ਨੂੰ ਉਹਨੇ ਤਣ-ਪੱਤਣ ਲਾਇਆ। ਮੇਰੀ ਸੁਰਤ ’ਚ ਉਹ ਸਾਡੇ ਗਿੱਲਾਂ ਵਾਲ਼ੇ ਬਾਹਰਲੇ ਘਰੇ ਜ਼ਿਆਦਾ ਰਹਿੰਦਾ। ਅੰਦਰਲੇ ਘਰੇ ਰੋਟੀ ਖਾਣ ਤੇ ਚਾਹ ਪੀਣ ਆਉਦਾ। ਉਹਦਾ ਇਕੋ ਕੰਮ ਸੀ। ਸਾਡੇ ਘਰ ਨੂੰ ਅੱਗੇ ਲੈ ਕੇ ਜਾਣਾ। ਉਹ ਮੈਲ਼ੇ ਲੱਠੇ ਦੀ ਧੋਤੀ ਬੰਨ੍ਹਦਾ। ਟੈਨਸੀ ਗਲ਼ਾਵੇਂ ਵਾਲ਼ਾ ਕੁੜਤਾ ਪਾਉਦਾ, ਜੀਹਦੀ ਉਤਲੀ ਜੇਬ ਦੇ ਥੱਲੇ ਵੱਡੀ ਜੇਬ ਲੱਗੀ ਹੁੰਦੀ। ਪੈਰੀਂ ਚਿੱਟੇ ਫ਼ਲੀਟ ਪਾਏ ਹੁੰਦੇ, ਜਿਨ੍ਹਾਂ ਦੇ ਫੀਤੇ ਕੱਢੇ ਹੁੰਦੇ। ਜੇ ਰਾਹ ’ਚ ਪਾਣੀ ਹੁੰਦਾ, ਉਹ ਫ਼ਲੀਟ ਲਾਹੁੰਦਾ ਨਹੀਂ ਸੀ। ਤੁਰਦੇ-ਤੁਰਦੇ ਦੇ ਆਪੇ ਸੁੱਕ ਜਾਂਦੇ। ਸੁੱਕਣ ਪਿੱਛੋਂ ਉਹ ਦੋਵੇਂ ਬੂਟ ਪੈਰੋਂ ਲਾਹੁੰਦਾ ਤੇ ਇਕ-ਦੂਜੇ ’ਚ ਮਾਰ ਕੇ ਝਾੜਦਾ।



ਆਲ਼ੇ-ਦੁਆਲ਼ੇ ਦੇ ਪੰਦਰਾਂ-ਵੀਹ ਪਿੰਡਾਂ ’ਚ ਉਹ ਚੰਦੇ ਦੇਣ ਜਾਂਦਾ। ਸਾਡੇ ਸ਼ਰੀਕੇ ਦੇ ਕਈ ਘਰ ਚੰਦੇ ਠੇਕਣ ਦਾ ਕੰਮ ਕਰਦੇ। ਖੁਸਰਿਆਂ ਵਾਂਗ ਪਿੰਡਾਂ ’ਤੇ ਮੇਰ ਕਰੀ ਹੁੰਦੀ।

ਸਾਡੇ ਘਰੇ ਚੰਦੇ ਠੇਕੇ ਜਾਂਦੇ-ਰਜਾਈਆਂ ਦੇ ਚੰਦੇ। ਬੜਾ ਮੁਸ਼ੱਕਤੀ ਕੰਮ ਸੀ। ਚੰਦੇ ਘਰ ਦੇ ਬੁਣੇ ਖੱਦਰ ਦੇ ਹੁੰਦੇ-ਸਾਢੇ ਸੱਤ ਗਜ਼ੇ। ਦੋ ਟੋਟੇ ਤਿੰਨ-ਤਿੰਨ ਗਜ਼ ਦੇ ਕਰ ਲੈਂਦੇ। ਬਚੇ ਡੇਢ ਗਜ਼ ਨੂੰ ਜੋੜ ਕੇ ਤਿੰਨ ਗਜ਼ ਦਾ ਬਣਾ ਲੈਂਦੇ। ਇਹ ਤਿੰਨ ਗਜ਼ੀ ਪੱਟੀ ਦੋਵੇਂ ਤਿੰਨ-ਤਿੰਨ ਗਜ਼ੇ ਟੋਟਿਆਂ ’ਚ ਪਾਈ ਜਾਂਦੀ। ਸਿਉਣੇ ਵੀ ਸਾਨੂੰ ਆਪ ਪੈਂਦੇ। ਪਹਿਲਾਂ ਚੰਦੇ ਟੋਭੇ ’ਤੇ ਲਿਜਾ ਕੇ ਧੋਣੇ ਪੈਂਦੇ। ਫੇਰ ਫਰਮਾਂਹ ਦੀਆਂ ਡੋਡੀਆਂ ਨੂੰ ਕੁੱਟ ਕੇ ਮਾਈਂ ਦੇ ਲੱਡੂ ਬਣਾਏ ਜਾਂਦੇ। ਟੋਭੇ ’ਚ ਚੰਦਾ ਧੋਣ ਪਿੱਛੋਂ ਬੱਠਲ ’ਚ ਪਾਣੀ ਪਾ ਕੇ ਮਾਈਂ ਦਾ ਲੱਡੂ ਘੋਲ਼ਿਆ ਜਾਂਦਾ। ਫੇਰ ਚੰਦੇ ਨੂੰ ਮਾਈਂ ਲਾ ਕੇ ਸੁਕਾਇਆ ਜਾਂਦਾ। ਇਹ ਮਾਈਂ ਬਣਾਉਣ ਲਈ ਅਸੀਂ ਫਰਮਾਂਹ ਦੀਆਂ ਡੋਡੀਆਂ ਵੀ ਤੋੜ ਲਿਆਉਦੇ। ਪੰਸਾਰੀਆਂ ਤੋਂ ਮੁੱਲ ਵੀ ਲਿਆਉਦੇ। ਜਦੋਂ ਮਾਈ ਲੱਗ ਜਾਂਦੀ। ਇਨ੍ਹਾਂ ਚੰਦਿਆਂ ਦੇ ਆਲ਼ੇ-ਦੁਆਲ਼ੇ ਚਾਰ-ਚਾਰ ਉਗਲ਼ਾਂ ਥਾਂ ਛੱਡ ਕੇ ਚੱਪਾ ਕੁ ਚੌੜੀ ਕੱਟ ਦੀ ਵੇਲ ਠੇਕਦੇ। ਇਹ ਕੱਟ ਦਾ ਰੰਗ ਸਾਡੇ ਕੋਠਿਆਂ ’ਤੇ ਪਏ ਤੌੜਿਆਂ ’ਚ ਬਣਦਾ। ਖੁੱਲ੍ਹੇ ਤੌੜਿਆਂ ’ਚ ਮੀਂਹਾਂ ਦਾ ਪਾਣੀ ਪਈ ਜਾਂਦਾ। ਵਿਚ ਕਿੱਲ-ਪੱਤੀਆਂ ਸੁੱਟੀਆਂ ਹੁੰਦੀਆਂ। ਇਹ ਕੱਟ ਮੀਂਹ ਦੇ ਪਾਣੀ ਨਾਲ਼ ਪੈਦਾ ਹੋਈ ਲੋਹੇ ਦੀ ਜਰ ਹੁੰਦੀ। ਅਸੀਂ ਨਿੱਕੇ ਹੁੰਦੇ ਜਿੱਥੇ ਕਿਤੇ ਲੋਹੇ ਦੀ ਪੱਤੀ ਦਿਸਦੀ, ਚੁੱਕ ਲਿਆਉਦੇ ਤੇ ਤੌੜਿਆਂ ’ਚ ਸੁਟਦੇ। ਜਦੋਂ ਢਾਬ ਕੋਲ਼ ਉੱਤਰੇ ਗੱਡੀਆਂ ਵਾਲ਼ੇ ਜਾਂਦੇ, ਉੱਥੋਂ ਵੀ ਪੱਤੀਆਂ ਚੁਗਦੇ।

ਕੱਟ ਦੀ ਵੇਲ ਠੇਕਣ ਪਿੱਛੋਂ ਮਜੀਠ ਦੇ ਰੰਗ ਨਾਲ਼ ਘੁੱਗੀਆਂ, ਭੋਲੂ ਕਾਕਿਆਂ, ਗੁਲਾਬ ਦੀ ਛਿਟੀ ਤੇ ਗੁਜਰੀ ਤੋਂ ਇਲਾਵਾ ਹੋਰ ਡਿਜ਼ਾਇਨਾਂ ਦੇ ਬਣੇ ਠੱਪਿਆਂ ਨਾਲ਼ ਚੰਦਾ ਠੇਕਦੇ। ਇਸ ਪਿੱਛੋਂ ਭੱਠੀ ’ਤੇ ਧਰ ਕੇ ਉੱਤੇ ਤਾਂਬੇ ਦੀ ਰੰਗਣ ਧਰਦੇ। ਇਹ ਰੰਗਣ ’ਚ ਅੱਠ-ਦਸ ਚੰਦੇ ਪੈ ਜਾਂਦੇ। ਸੇਕ ਨਾਲ਼ ਪਾਣੀ ’ਚ ਭਿੱਜੇ ਚੰਦਿਆਂ ’ਤੇ ਲਾਇਆ ਮਜੀਠ ਰੰਗ ਨਾਭੀ ਹੋ ਜਾਂਦਾ-ਰੰਗ ਪੱਕ ਵੀ ਜਾਂਦਾ। ਮਜੀਠ ਪੱਕਣ ਪਿੱਛੋਂ ਅਸੀਂ ਟੋਭੇ ’ਤੇ ਲਿਜਾ ਕੇ ਫੇਰ ਚੰਦੇ ਧੋਂਦੇ। ਸੁਕਾਉਣ ਪਿੱਛੋਂ ਹਰਾ ਰੰਗ ਲਾਉਦੇ, ਜਿਹੜਾ ਲੱਸੀ ’ਚ ਘੋਲ਼ਿਆ ਜਾਂਦਾ। ਫੇਰ ਠੱਪਿਆਂ ਨਾਲ਼ ਲਾਇਆ ਜਾਂਦਾ। ਫੇਰ ਪੀਲ਼ਾ ਰੰਗ ਲਾਉਦੇ। ਇਹ ਪੀਲ਼ਾ ਰੰਗ ਕੇਸੂਆਂ ਦੇ ਫੁੱਲਾਂ ਦਾ ਹੁੰਦਾ। ਜਦੋਂ ਕੇਸੂਆਂ ਦੇ ਫੁੱਲ ਝੜਨ ਦੀ ਰੁੱਤ ਆਉਦੀ, ਸ਼ਰੀਕੇ ਵਾਲ਼ੇ ਇਕੱਠੇ ਹੋ ਕੇ ਤਪਾ ਮੰਡੀ ਤੋਂ ਰਾਤ ਨੂੰ ਦਸ ਵਾਲ਼ੀ ਗੱਡੀ ਚੜ੍ਹਦੇ। ਧੂਰੀ ਸਟੇਸ਼ਨ ’ਤੇ ਰਾਤ ਕੱਟ ਕੇ ਉੱਥੋਂ ਪਟਿਆਲੇ ਵਾਲ਼ੀ ਗੱਡੀ ਚੜ੍ਹ ਕੇ ਛੀਟਾਂ ਵਾਲ਼ੀ ਸਟੇਸ਼ਨ ’ਤੇ ਉੱਤਰਦੇ। ਛੀਟਾਂ ਵਾਲ਼ੀ ਪਿੰਡ ਦਾ ਬਹੁਤ ਵੱਡਾ ਬੀੜ ਸੀ। ਉਹਦੇ ’ਚ ਬੇ-ਅਥਾਹ ਕੇਸੂ ਦੇ ਦਰੱਖ਼ਤ ਸੀ। ਸ਼ਰੀਕੇ ਵਾਲ਼ੇ ਆਵਦੀ-ਆਵਦੀ ਲੋੜ ਮੁਤਾਬਿਕ ਥਾਂ ਸੰਭਰ ਕੇ ਫੁੱਲਾਂ ਦੀ ਢੇਰੀ ਲਾਉਦੇ ਤੇ ਫੇਰ ਕੁੱਟ-ਕੁੱਟ ਕੇ ਬੋਰੀਆਂ ਭਰ ਲੈਂਦੇ।

ਜਿੱਦੇਂ ਚੰਦੇ ਧੋਣੇ ਹੁੰਦੇ, ਤਾਇਆ ਲੋਈ ਪਾਟਣ ਤੋਂ ਪਹਿਲਾਂ ਉਠਦਾ। ਗਰਮੀ ’ਚ ਵੀ। ਸਿਆਲ਼ ’ਚ ਵੀ। ਧੋਣ ਵਾਲ਼ੇ ਚੰਦਿਆਂ ਦੀ ਗੱਠੜੀ ਚੁੱਕ ਕੇ ਟੋਭੇ ’ਤੇ ਜਾ ਵੜਦਾ ਤੇ ਪਾਣੀ ਨਾਲ਼ ਭਿਉ ਕੇ ਚੰਦਾ ਖੰਘਰ ’ਤੇ ਮਾਰਦਾ ਤੇ ਨਾਲ਼ ਦੀ ਨਾਲ਼ ਮੂੰਹ ’ਚੋਂ ‘ਸ਼ੂੰ’ ਦੀ ਆਵਾਜ਼ ਕੱਢਦਾ। ਉਸਦੀ ਪਹਿਲੀ ਸੱਟ ਨਾਲ਼ ਹੀ ਪਿੰਡ ਦੀ ਚੁੱਪ ਟੁੱਟਦੀ। ਲੋਕਾਂ ਨੂੰ ਪਤਾ ਲੱਗ ਜਾਂਦਾ-ਇੰਦਰ ਜਾ ਵੜਿਆ ਟੋਭੇ ’ਚ।

ਚੰਦੇ ਧੋਣ ਵੇਲੇ ਸਭ ਤੋਂ ਪਹਿਲਾਂ ਖੰਘਰ ਰੋਕਣਾ ਉਹਦੀ ਰੀਝ ਹੁੰਦੀ ਤੇ ਲੋੜ ਵੀ। ਖੰਘਰ ਰੁਕਿਆ ਹੁੰਦਾ। ਪੱਤਣ ’ਤੇ ਲੱਕੜ ਦਾ ਪੱਟੜਾ ਧਰਨਾ ਪੈਂਦਾ, ਜਿਹੜਾ ਚੰਦੇ ਦੀ ਸੱਟ ਝੱਲਦਾ-ਝੱਲਦਾ ਨੱਚਣ ਲੱਗ ਪੈਂਦਾ। ਵਾਰ-ਵਾਰ ਪੱਟੜਾ ਦੱਬਣਾ ਪੈਂਦਾ। ਗਿੱਲੀ ਪੱਤਣ ’ਚ ਪੱਟੜੇ ਨੂੰ ਘੁੱਟਣ ਦੀ ਜਾਨ ਨਾ ਹੁੰਦੀ, ਸਗੋਂ ਪਾਣੀ ਪੈ-ਪੈ ਕੇ ਵੱਧ ਤਿਲ੍ਹਕਦਾ। ਤਾਇਆ ਪੱਟੜੇ ’ਤੇ ਚੰਦੇ ਧੋਣ ਨੂੰ ਟੱਕਰਾਂ ਮਾਰਨੀਆਂ ਸਮਝਦਾ। ਉਹਦੇ ਲਈ ਰਾਤ-ਦਿਨ ਇਕੋ ਜਿਹੇ ਹੁੰਦੇ। ਜਦੋਂ ਅੱਖ ਖੁੱਲ੍ਹਦੀ, ਉਹ ਤੁਰ ਪੈਂਦਾ। ਬਾਬੇ ਬੋਲਦੇ ਨੂੰ ਵੀ ਨਾ ਉਡੀਕਦਾ।

ਖੰਘਰ ਦੀ ਵੀ ਅਜੀਬ ਕਹਾਣੀ ਸੀ। ਸਾਡੇ ਪਿੰਡ ’ਚੋਂ ਰਾਮਪੁਰੇ ਵਾਲ਼ੇ ਪਾਸੇ ਕਿਸੇ ਪਿੰਡ ਦੇ ਘੁਮਿਆਰ ਦਾ ਛੋਟੀਆਂ ਇੱਟਾਂ ਦਾ ਪਾਇਆ ਭੱਠਾ ਬਹਿ ਗਿਆ ਸੀ-ਭਾਵ ਕਿਸੇ ਥਾਂ ’ਤੇ

ਲੋੜੋਂ ਵੱਧ ਅੱਗ ਦਿੱਤੀ ਗਈ ਸੀ। ਇੱਟਾਂ ਸੇਕ ਨਾਲ਼ ਪਿਘਲ਼-ਪਿਘਲ਼ ਕੇ ਵੱਡਾ ਖੰਘਰ ਬਣ ਗਈਆਂ ਸਨ। ਚਾਰ-ਪੰਜ ਫੁੱਟ ਲੰਬਾ ਤੇ ਢਾਈ-ਤਿੰਨ ਫੁੱਟ ਉੱਚਾ। ਸਾਡੇ ਸ਼ਰੀਕੇ ਆਲ਼ੇ ਕਿਸੇ ਦਾ ਗੱਡਾ ਮੰਗ ਕੇ ਔਖੇ-ਸੌਖੇ ਹੋ ਕੇ ਛੀਂਬਿਆਂ ਆਲ਼ੀ ਢਾਬ 'ਤੇ ਲੈ ਆਏ ਸਨ ਤੇ ਖੰਘਰ ਟੋਬੇ ਦੀ ਪੱਤਣ 'ਚ ਗੱਡ ਦਿੱਤਾ ਸੀ।

ਜਦੋਂ ਅਸੀਂ ਚੰਦੇ ਧੋਂਦੇ ਤਾਏ ਦੀ ਚਾਹ ਲੈ ਕੇ ਜਾਂਦੇ, ਸਾਨੂੰ ਵੇਖ ਕੇ ਉਹ ਟੋਬੇ 'ਚੋਂ ਨਿੱਕਲ਼ਦਾ। ਅਸੀਂ ਵੱਡੀ ਗੜਬੀ 'ਚੋਂ ਬਾਟੀ 'ਚ ਚਾਹ ਪਾ ਕੇ ਦਿੰਦੇ। ਉਹ ਚਾਹ ਵੀ ਪੀਈ ਜਾਂਦਾ, ਨਾਲ਼-ਨਾਲ਼ ਗਿੱਟਿਆਂ ਤੋਂ ਖੁੱਚਾਂ ਤੱਕ ਲੱਗੀਆਂ ਜੋਕਾਂ ਵੀ ਤੋੜ-ਤੋੜ ਸੁੱਟੀ ਜਾਂਦਾ। ਖ਼ੂਨ ਪੀ-ਪੀ ਕੇ ਜੋਕਾਂ ਦੇ ਢਿੱਡ ਫੁੱਲੇ ਹੁੰਦੇ। ਮੂੰਹ ਖੁੱਲ੍ਹਣ ਨਾਲ਼ ਲਹੂ ਡੁੱਲ੍ਹਦਾ। ਮੱਖੀਆਂ ਉੱਤੇ ਆ-ਆ ਬਹਿੰਦੀਆਂ। ਮੱਖੀਆਂ ਭਿਣਕਣੋ ਹਟਦੀਆਂ। ਕੀੜੇ ਤੇ ਕੀੜੀਆਂ ਆ ਜਾਂਦੇ।

ਖ਼ੁਸ਼ ਹੋਇਆ ਤਾਇਆ ਕਹਿੰਦਾ, ''ਚਲੋ! ਗੰਦਾ ਖ਼ੂਨ ਨਿੱਕਲ਼ ਗਿਆ।'' ਉਨ੍ਹਾਂ ਦਿਨਾਂ 'ਚ ਲੋਕ ਪੈਸੇ ਦੇ ਕੇ ਜੋਕਾਂ ਲਵਾਉਂਦੇ। ਜੋਕਾਂ ਲਾਉਣ ਵਾਲ਼ੇ ਕੁੱਜਿਆਂ 'ਚ ਜੋਕਾਂ ਪਾ ਕੇ ਲਿਆਉਂਦੇ। ਗਲ਼ੀ-ਗਲ਼ੀ 'ਚ 'ਜੋਕਾਂ ਲਵਾ ਲਓ ਜੋਕਾਂ' ਦਾ ਹੋਕਾ ਲਾਉਂਦੇ। ਜੋਕਾਂ ਆਲ਼ੇ ਕੁੱਜਿਆਂ 'ਚ ਉਨ੍ਹਾਂ ਦਾ ਪਾਣੀ ਪਾਇਆ ਹੁੰਦਾ। ਤਾਏ ਨੂੰ ਤਸੱਲੀ ਹੁੰਦੀ ਕਿ ਉਹਨੂੰ ਪੈਸੇ ਲਾ ਕੇ ਜੋਕਾਂ ਨਹੀਂ ਲਵਾਉਣੀਆਂ ਪੈਂਦੀਆਂ।

ਸੌ-ਸੌ ਚੰਦਾ ਧੋਣਾ ਉਹਦੇ ਖੱਬੇ ਹੱਥ ਦਾ ਕੰਮ ਸੀ। ਦਿਨ ਚੜ੍ਹੇ ਮੇਰੀਆਂ ਭੈਣਾਂ, ਮਾਂ, ਵੱਡੀ ਮਾਂ, ਚੰਦੇ ਨੁਚੜਾਉਣ ਜਾਂਦੀਆਂ। ਨੁੱਚੜੇ ਚੰਦੇ ਉਹ ਟੋਬੇ ਨੇੜਲੀ ਸ਼ਾਮਲਾਤ 'ਚ ਸੁੱਕਣੇ ਪਾਉਂਦੀਆਂ। ਲੜ ਹਵਾ 'ਚ ਨਾ ਉੱਡਣ, ਉੱਤੇ ਡਲ਼ੇ ਤੇ ਰੋੜੇ ਧਰਦੀਆਂ। ਇਹ ਸਾਰੇ ਰੋੜੇ ਸਾਡੇ ਸ਼ਰੀਕੇ ਦੇ ਹੀ ਰੱਖੇ ਹੁੰਦੇ। ਦੁਪਹਿਰ ਤੱਕ ਚੰਦੇ ਸੁਕਦੇ। ਤਾਇਆ ਰਾਖੀ ਬਹਿੰਦਾ। ਹਵਾ ਤੇਜ਼ ਹੁੰਦੀ। ਇਕੱਠੇ ਹੋਏ ਚੰਦਿਆਂ ਦੇ ਲੜਾਂ 'ਤੇ ਫੇਰ ਰੋੜੇ ਧਰਦਾ। ਤਾਇਆ ਅਨਪੜ੍ਹ ਸੀ ਪਰ ਯਾਦਦਾਸ਼ਤ ਪੂਰੀ ਤੇਜ਼। ਮਨ 'ਚ ਗੱਲ ਵਸ ਜਾਂਦੀ। ਭੁਲਦਾ ਨਹੀਂ ਸੀ। ਐਤਵਾਰ ਜਾਂ ਛੁੱਟੀ ਵਾਲ਼ੇ ਦਿਨ ਉਹ ਸਾਥੋਂ ਚਿੱਟੇ ਚੰਦਿਆਂ 'ਤੇ ਨਾਵੇਂ ਪਵਾਉਂਦਾ। ਨਾਵੇਂ ਪਾਉਣੇ ਉਹ ਚੰਦਿਆਂ ਤੇ ਚੰਦੇ ਵਾਲ਼ਿਆਂ ਦੇ ਨਾਂਅ ਪਾਉਣ ਨੂੰ ਕਹਿੰਦਾ।

ਸਾਡੇ ਦਰਵਾਜ਼ੇ 'ਚ ਪੜਛੱਤੀ ਸੀ। ਉਹਦੇ 'ਤੇ ਵੱਖ-ਵੱਖ ਪਿੰਡਾਂ 'ਚੋਂ ਤਾਏ ਦੀਆਂ ਲਿਆਂਦੀਆਂ ਚੰਦਿਆਂ ਵਾਲ਼ੀਆਂ ਗੱਠੜੀਆਂ ਰੱਖੀਆਂ ਹੁੰਦੀਆਂ। ਅਸੀਂ ਕਿਸੇ ਪਿੰਡ ਦੀ ਗੱਠੜੀ ਲਾਹ ਕੇ ਉਹਦੇ ਕੋਲ਼ ਰੱਖਦੇ। ਉਹ ਪਿੰਡ ਦਾ ਨਾਂਅ ਪੁੱਛ ਕੇ ਗੱਠੜੀ ਖੋਲ੍ਹਦਾ। ਗੱਠੜੀ 'ਤੇ ਪਿੰਡ ਦਾ ਨਾਂ ਸਾਡਾ ਪਹਿਲਾਂ ਲਿਖਿਆ ਹੁੰਦਾ। ਜਿੰਨੇ ਕਿਸੇ ਘਰ ਦੇ ਚੰਦੇ ਹੁੰਦੇ, ਉਹ ਇਕ ਚੰਦੇ 'ਚ ਤਹਿ ਮਾਰ ਕੇ ਪਾ ਦਿੰਦਾ। ਫੇਰ ਉਹ ਸਭ ਤੋਂ ਉਤਲੀ ਤਹਿ ਚੁਕਦਾ ਤੇ ਫੇਰ ਉਹ ਖੋਲ੍ਹ ਕੇ ਸਾਡੇ ਕੋਲ਼ ਕਰ ਦਿੰਦਾ। ਫੇਰ ਜੀਹਦੇ ਚੰਦੇ ਹੁੰਦੇ, ਉਹਦਾ ਨਾਂਅ ਦਸਦਾ। ਨਾਲ਼ੇ ਪਿੰਡ ਦਾ ਨਾਂਅ। ਕਿਹੜੇ ਡਿਜ਼ਾਈਨ ਦਾ ਠੇਕਣਾ ਹੈ? ਉਹ ਵੀ ਦੱਸਦਾ। ਜਿਉ-ਜਿਉ ਚੰਦੇ ਮੁੱਕੀ ਜਾਂਦੇ, ਉਹ ਇਕੱਲਾ-ਇਕੱਲਾ ਘਰ ਗਿਣਾਈ ਜਾਂਦਾ। ਉਹ ਕਿਸੇ ਵੀ ਘਰ ਦੇ ਚੰਦੇ ਉਲਟ-ਪੁਲਟ ਨਾ ਹੋਣ ਦਿੰਦਾ। ਜਿਨ੍ਹਾਂ ਦੇ ਚੰਦੇ ਹੁੰਦੇ, ਉਨ੍ਹਾਂ ਦੀਆਂ ਤੀਵੀਆਂ ਨੇ ਚੰਦਿਆਂ ਦੀ ਪਛਾਣ ਰੱਖਣ ਵਾਸਤੇ ਲੜਾਂ 'ਤੇ ਬੂਟੀਆਂ ਪਾਈਆਂ ਹੁੰਦੀਆਂ ਪਰ ਤਾਇਆ ਚੰਦੇ ਫੜਨ ਸਾਰ ਆਵਦੀ ਯਾਦ ਦੀ ਬੂਟੀ ਪਾਉਂਦਾ, ਜਿਹੜੀ ਕਦੇ ਵੀ ਫਿਟਦੀ ਜਾਂ ਲਹਿੰਦੀ ਨਹੀਂ ਸੀ। ਨਾ ਟੋਬੇ 'ਤੇ ਧੋਤੀ ਜਾਂਦੀ।

ਹਰ ਛੋਟੇ ਪਿੰਡ 'ਚ ਉਹਦੇ ਦੋ-ਦੋ ਟਿਕਾਣੇ ਹੁੰਦੇ, ਜਿਨ੍ਹਾਂ ਨਾਲ਼ ਉਹ ਘਰ ਵਾਂਗੂੰ ਵਰਤਦਾ। ਵੱਡੇ ਪਿੰਡਾਂ 'ਚ ਤਿੰਨ-ਤਿੰਨ ਚਾਰ-ਚਾਰ। ਉਹਦੇ ਆਉਣ ਦਾ ਪਤਾ ਲਗਦਾ। ਉਸ ਅਗਵਾੜ ਦੀਆਂ ਬੁੜ੍ਹੀਆਂ ਪੈਸੇ ਦੇ-ਦੇ ਕੇ ਠੇਕੇ ਹੋਏ ਚੰਦੇ ਲਈ ਜਾਂਦੀਆਂ। ਠੇਕਣ ਵਾਲ਼ੇ ਫੜਾਈ ਜਾਂਦੀਆਂ।

ਜਿਨ੍ਹਾਂ ਘਰਾਂ 'ਚ ਤਾਇਆ ਜਾਂਦਾ, ਉਨ੍ਹਾਂ ਨਾਲ਼ ਵਿਆਹੀਂ-ਸ਼ਾਦੀਂ ਵੀ ਵਰਤਦਾ। ਦਿਨ ਯਾਦ ਰਹਿੰਦਾ। ਅਨੰਦਾਂ ਵਾਲ਼ੇ ਦਿਨ ਜਾਂਦਾ। ਨਾ ਯਾਦ ਰਹਿੰਦਾ, ਗਿਆ ਸ਼ਗਨ ਦਿੰਦਾ। ਕੁੜੀ ਆਲ਼ੇ ਗਏ ਨੂੰ ਲੱਡੂ-ਜਲੇਬੀਆਂ ਦਿੰਦੇ। ਸਾਨੂੰ ਮੌਜ ਲੱਗੀ ਰਹਿੰਦੀ। ਚੰਦੇ ਲੈ ਕੇ ਉਹ ਦੂਰ-ਦੂਰ ਜਾਂਦਾ। ਕਿੱਥੇ ਸਾਡਾ ਪਿੰਡ, ਕਿੱਥੇ ਸਾਡੇ ਪਿੰਡ ਤੋਂ ਤੀਹ-ਪੈਂਤੀ ਕਿਲੋਮੀਟਰ ਬੁਰਜ ਹਰੀ ਕਾ। ਉਹ ਮਾਨਸਾ ਕੋਲ਼ ਤਾਮਕੋਟ ਤੱਕ ਵੀ ਜਾ ਆਉਂਦਾ।

ਜਿੱਦੇਂ ਕਿਤੇ ਚੰਦੇ ਦੇਣ ਜਾਣਾ ਹੁੰਦਾ, ਉਹ ਸੰਦੇਹਾਂ ਹੀ ਬਾਹਰਲੇ ਘਰੋਂ ਅੰਦਰਲੇ ਘਰੇ ਆਉਂਦਾ। ਬੰਦ ਬਾਰ 'ਤੇ ਹੱਥ ਮਾਰਦਾ। ਮਾਂ ਜਾਂ ਵੱਡੀ ਮਾਂ ਬਾਰ ਖੋਲ੍ਹਦੀ। ਉਹ ਚੌਂਤਰੇ ਦੀ ਜੜ੍ਹ 'ਚ ਡਹੀ ਪੀੜ੍ਹੀ 'ਤੇ ਬਹਿ ਜਾਂਦਾ। ਵੱਡੀਆਂ-ਵੱਡੀਆਂ ਘੁੱਟਾਂ ਭਰ ਕੇ ਚਾਹ ਪੀਂਦਾ ਤੇ ਚੰਦਿਆਂ ਵਾਲ਼ੀ ਗੱਠੜੀ ਚੁੱਕ ਕੇ ਤੁਰ ਜਾਂਦਾ। ਚੰਦੇ ਵਾਧੂ ਹੁੰਦੇ, ਅੱਠ-ਦਸ ਚੰਦਿਆਂ ਦੀ ਬਗਲੀ ਸੱਜੇ ਮੋਢੇ 'ਚ ਪਾਉਂਦਾ। ਸਾਡੇ ਪਿੰਡੋਂ ਜਾਂਦੇ ਰਾਹਾਂ 'ਤੇ ਪੈਰ ਧਰਨ ਵਾਲ਼ਾ ਕਈ ਵਾਰ ਉਹ ਪਹਿਲਾ ਰਾਹੀ ਹੁੰਦਾ। ਉਹਦੇ ਤੁਰਨ ਵੇਲ਼ੇ ਸਾਰਾ ਪਿੰਡ ਜੁੱਬੜਾਂ 'ਚ ਪਿਆ ਹੁੰਦਾ।

ਇਕ ਦਿਨ ਮੈਨੂੰ ਬੜੀ ਹੈਰਾਨੀ ਹੋਈ। ਅਸੀਂ ਕਿਸੇ ਪਿੰਡ ਗਏ। ਮੈਂ ਛੁੱਟੀ ਵਾਲ਼ੇ ਦਿਨ ਨਾਵੇਂ ਪਾਉਣ ਲਈ ਉਹਦੇ ਨਾਲ਼ ਜਾਂਦਾ। ਸ਼ਰਾਬ ਵਾਲ਼ੇ ਖ਼ਾਲੀ ਅਧੀਏ ਵਿਚ ਕਾਲ਼ਾ ਰੰਗ ਪਾਇਆ ਹੁੰਦਾ ਤੇ ਉਹਦੇ ਵਿਚ ਇਕ ਡੱਕਾ। ਅਧੀਏ ਦੁਆਲ਼ੇ ਰੱਸੀਆਂ ਪਾ ਕੇ ਮੈਂ ਅਧੀਆ ਹੱਥ 'ਚ ਫੜਿਆ ਹੁੰਦਾ।

ਅਸੀਂ ਕਿਸੇ ਘਰ 'ਚ ਗਏ। ਉਨ੍ਹਾਂ ਦੇ ਵਿਆਹ ਹੋ ਕੇ ਹਟਿਆ ਸੀ। ਇਕ ਅਧਖੜ੍ਹ ਤੀਵੀਂ ਨੇ ਮੈਨੂੰ ਚਾਹ ਦਿੱਤੀ। ਇਕ ਪਕੌੜੀਆਂ ਵਾਲ਼ੀ ਕੌਲੀ ਵੀ। ਮੈਂ ਇਕੱਲੀ-ਇਕੱਲੀ

ਪਕੌੜੀ ਚੁੱਕ ਕੇ ਖਾਈ ਜਾਂਦਾ ਸੀ। ਕਦੇ-ਕਦੇ ਚਾਹ ਦੀ ਘੁੱਟ ਵੀ ਭਰਦਾ।

ਤਾਏ ਨੇ ਕਾਹਲ਼ੀ ਨਾਲ਼ ਚਾਹ ਪੀ ਲਈ ਸੀ। ਲੱਡੂ ਵੀ ਕਾਹਲ਼ੀ ਨਾਲ਼ ਖਾਧੇ। ਫੇਰ ਉਹ ਮੈਨੂੰ ਉੱਠ ਕੇ ਕਹਿੰਦਾ, ''ਤੂੰ ਬੈਠ। ਮੈਂ ਸਬ੍ਹਾਤ 'ਚੋਂ ਖੱਦਰ ਮਿਣ ਕੇ ਲਿਆਉਨਾਂ।''

ਉਹ ਉੱਠਿਆ ਤੇ ਸਬ੍ਹਾਤ 'ਚ ਚਲਿਆ ਗਿਆ। ਪਿੱਛੇ-ਪਿੱਛੇ ਤੀਵੀਂ ਵੀ। ਘਰ ਦਾ ਹੋਰ ਕੋਈ ਘਰੇ ਨਹੀਂ ਸੀ। ਮੇਰੀਆਂ ਪਕੌੜੀਆਂ ਮੁੱਕੀਆਂ। ਤਾਇਆ ਅੰਦਰੋਂ ਨਿੱਕਲ਼ਿਆ ਤੇ ਤੀਵੀਂ ਵੀ। ਤਾਏ ਕੋਲ਼ ਚੰਦਾ ਕੋਈ ਨਹੀਂ ਸੀ। ਆਉਣ ਸਾਰ ਉਹ ਮੈਨੂੰ ਕਹਿੰਦਾ, ''ਆ ਚੱਲੀਏ।''

ਤੀਵੀਂ ਨੇ ਉਹਨੂੰ ਗੱਠੜੀ ਚੁਕਾ ਦਿੱਤੀ। ਮੇਰੇ ਅੱਖੀਂ ਪੈਣ ਵਾਲ਼ਾ ਇਹ ਪਹਿਲਾ ਘੱਟਾ ਸੀ। ਫੇਰ ਇਹ ਘੱਟਾ ਪੰਜ-ਪੰਜ ਚਾਰ-ਚਾਰ ਮਹੀਨਿਆਂ ਪਿੱਛੋਂ ਮੇਰੀਆਂ ਅੱਖਾਂ 'ਚ ਪੈਣ ਲੱਗਿਆ। ਜ਼ਿੰਦਗੀ ਦਾ ਇਹ ਵੀ ਕੋਈ ਪੱਖ ਹੈ, ਮੈਨੂੰ ਦਸ ਕੁ ਵਰ੍ਹਿਆਂ ਦੇ ਨੂੰ ਹੀ ਪਤਾ ਲੱਗ ਗਿਆ ਸੀ।

ਮੱਖਣ ਸਾਈਕਲ ਸਿੱਖਿਆ ਤਾਂ ਤਾਇਆ ਪਹਿਲਾਂ ਚੰਦੇ ਲੈ ਕੇ ਤੁਰ ਜਾਂਦਾ। ਉਹਦੇ ਤੁਰੇ ਤੋਂ ਖ਼ਾਸਾ ਚਿਰ ਬਾਅਦ ਮੱਖਣ ਤੁਰਦਾ। ਜਾਂ ਤਾਂ ਤਾਇਆ ਰਾਹ 'ਚ ਮਿਲਦਾ ਜਾਂ ਜਿਨ੍ਹਾਂ ਦੇ ਘਰੇ ਠੋਹੀ ਬਣਾਈ ਹੁੰਦੀ, ਉਨ੍ਹਾਂ ਦੇ ਘਰੇ ਜਾ ਬਹਿੰਦਾ। ਤਾਇਆ ਮਗਰੋਂ ਆ ਜਾਂਦਾ।

ਆ ਕੇ ਤਾਇਆ ਪੈਸੇ ਵੱਡੀ ਮਾਂ ਨੂੰ ਫੜਾਉਂਦਾ। ਸਾਰੇ ਪੈਸੇ ਦੇ ਕੇ ਇਕ-ਇਕ ਦੋ-ਦੋ ਦੇ ਪੰਜ-ਚਾਰ ਨੋਟ ਰੱਖਦਾ। ਵੱਡੀ ਮਾਂ ਦਾ ਸੰਦੂਕ 'ਚ ਫੁਲਕਾਰੀ ਵਾਂਗ ਕੱਢਿਆ ਹੋਇਆ ਝੋਲ਼ਾ ਸੀ। ਫੜੇ ਹੋਏ ਪੈਸੇ ਉਹ ਜਿੰਦਾ ਖੋਲ੍ਹ ਕੇ ਸੰਦੂਕ 'ਚ ਰੱਖਦੀ। ਬਾਈ ਨੂੰ ਪੈਸਿਆਂ ਦੀ ਲੋੜ ਪੈਂਦੀ, ਮਾਂ ਤੋਂ ਮੰਗਦਾ।

ਤਾਇਆ ਖ਼ਰਾ ਸੋਨਾ ਸੀ। ਨਹੁੰ ਭਰ ਵੀ ਖ਼ੋਟ ਨਹੀਂ ਸੀ। ਔਰਤਾਂ ਚੰਦੇ ਸਿਉਂ ਕੇ ਪੇਟੀ 'ਚ ਰੱਖਦੀਆਂ। ਉਹਦੀਆਂ ਤਹਿਆਂ 'ਚ ਆਏ-ਗਏ ਦੇ ਦਿੱਤੇ ਸ਼ਗਨ ਦੇ ਪੈਸੇ ਰੱਖ ਦਿੰਦੀਆਂ। ਕੱਢਣੇ ਭੁੱਲ ਜਾਂਦੀਆਂ। ਚੰਦੇ ਠੇਕਣ ਦੇਣ ਵੇਲ਼ੇ ਪੈਸੇ ਸਾਡੇ ਘਰੇ ਆ ਜਾਂਦੇ। ਤਾਇਆ ਚੰਦੇ ਦੇਣ ਗਿਆ ਪੈਸੇ ਮੋੜ ਆਉਂਦਾ। ਇਕ ਵਾਰ ਕਿਸੇ ਘਰ ਦੀਆਂ ਟੂਮਾਂ ਵੀ ਆ ਗਈਆਂ। ਰੁਮਾਲ 'ਚ ਬੰਨ੍ਹੀਆਂ ਹੋਈਆਂ। ਤਾਇਆ ਉਹ ਵੀ ਮੋੜ ਆਇਆ।

ਜਦੋਂ ਮੱਖਣ ਤੇ ਉਹ ਪੱਖੋ ਵੱਲ ਜਾਂਦੇ, ਅਜੇ ਸਾਈਕਲ ਲਿਆ ਨਹੀਂ ਸੀ। ਸਾਡੇ ਪਿੰਡ ਦੀ ਜੂਹ ਨਾਲ਼ ਇਕ ਪੰਚਾਇਤੀ ਬੀੜ ਸੀ। ਉਹਦੇ 'ਚ ਕਿੱਕਰਾਂ ਤੇ ਬੇਰੀਆਂ ਸੀ। ਉਹ ਦੋਵੇਂ ਪੰਚਾਇਤੀ ਬੀੜ 'ਚ ਵੜਦੇ। ਇੱਧਰ-ਉੱਧਰ ਪਈਆਂ ਕਿੱਕਰਾਂ ਦੀਆਂ ਡਾਹਣੀਆਂ ਇਕੱਠੀਆਂ ਕਰਦੇ। ਜਿੱਦੇਂ ਪੱਖੋ ਵਾਲ਼ੇ ਪਾਸੇ ਜਾਣਾ ਹੁੰਦਾ, ਓਦੇਂ ਤਾਏ ਕੋਲ਼ ਸੋਟੀ ਨਹੀਂ ਸੀ ਹੁੰਦੀ। ਲੱਕੜਾਂ ਦੀ ਵੱਢ-ਟੁੱਕ ਕਰਨ ਲਈ ਛੋਟੀ ਗੰਡਾਸੀ ਲੈ ਕੇ ਜਾਂਦਾ। ਉਹ ਬੀੜ 'ਚੋਂ ਦੋ ਭਰੀਆਂ ਬਣਾਉਂਦਾ। ਇਕ ਭਰੀ ਚੰਦਿਆਂ 'ਤੇ ਆਪ ਚੁੱਕ ਲੈਂਦਾ। ਦੂਜੀ ਮੱਖਣ ਨੂੰ ਚੁਕਾਉਂਦਾ। ਇਹ ਕਿੱਕਰਾਂ ਦੀਆਂ ਡਾਹਣੀਆਂ ਬੱਕਰੀਆਂ ਚਾਰਨ ਵਾਲ਼ਿਆਂ ਦੀਆਂ ਵੱਢੀਆਂ ਹੁੰਦੀਆਂ। ਜੇ ਕੋਈ ਪੰਚਾਇਤ ਵਾਲ਼ਾ ਗੇੜਾ ਮਾਰਨ ਆ ਵੀ ਜਾਂਦਾ, ਉਹ ਤਾਏ ਨੂੰ ਰੋਕਦਾ ਨਹੀਂ ਸੀ। ਜਾਣਦਾ ਹੁੰਦਾ।

ਨਸ਼ਾ ਉਹਨੂੰ ਕੋਈ ਨਹੀਂ ਸੀ-ਸਿਰਫ਼ ਰੋਟੀ ਦਾ ਨਸ਼ਾ ਸੀ। ਨਸ਼ੇ ਨੂੰ ਉਹ ਨਫ਼ਰਤ ਕਰਦਾ। ਮੇਰੇ ਪਿਉ ਤੇ ਬਾਈ ਨੂੰ ਦਿਲੋਂ ਚੰਗਾ ਨਹੀਂ ਸੀ ਸਮਝਦਾ। ਉਹ ਅਫ਼ੀਮ ਵੀ ਖਾਂਦੇ ਸਨ। ਸ਼ਰਾਬ ਵੀ ਪੀਂਦੇ। ਜੇ ਕੋਈ ਪ੍ਰਾਹੁਣਾ-ਧ੍ਰਾਹੁਣਾ ਆਇਆ ਹੁੰਦਾ, ਬਾਈ ਉਹਦੇ ਨਾਲ਼ ਦਾਰੂ ਪੀਂਦਾ। ਬੀਹੀ ਵਾਲ਼ਾ ਬਾਰ ਲਾਇਆ ਹੁੰਦਾ-ਸਿਰਫ਼ ਪ੍ਰਾਹੁਣੇ ਨੂੰ ਡਰਾਉਣ ਲਈ। ਗੱਲੀਂ-ਗੱਲੀਂ ਇਹ ਵੀ ਕਿਹਾ ਜਾਂਦਾ ਕਿਤੇ ਤਾਇਆ ਨਾ ਆ ਜੇ। ਰੋਟੀ ਖਾ ਕੇ ਤਾਇਆ ਕਦੇ ਆਉਂਦਾ ਨਹੀਂ ਸੀ। ਇਹ ਪ੍ਰਾਹੁਣੇ ਲਈ ਸੰਕੇਤ ਹੁੰਦਾ, ਦੋ ਪੈੱਗ ਲਾਵੇ ਤੇ ਰੋਟੀ ਖਾਵੇ। ਆਉਣਾ ਤਾਏ ਨੇ ਹੁੰਦਾ ਨਹੀਂ ਸੀ।

ਹਰ ਮਹੀਨੇ ਗੁਰਦੁਆਰੇ ਦਸਵੀਂ ਮਨਾਈ ਜਾਂਦੀ। ਉਹ ਸਾਨੂੰ ਵੀਹ-ਵੀਹ ਪੈਸੇ ਦਿੰਦਾ। ਸ਼ਰੀਕੇ ਵਾਲ਼ੇ ਜੁਆਕਾਂ ਕੋਲ਼ ਪੰਜੀ-ਪੰਜੀ ਹੁੰਦੀ। ਗੁਰਦੁਆਰੇ ਅੱਗੇ ਤਪਿਓਂ ਆਏ ਦੁਕਾਨਦਾਰਾਂ ਨੇ ਦਰੀਆਂ ਵਿਛਾ ਕੇ ਖਿਡੌਣੇ ਤੇ ਖਾਣ-ਚੀਜ਼ਾਂ ਰੱਖ ਕੇ ਹੱਟਾਂ ਲਾਈਆਂ ਹੁੰਦੀਆਂ।

ਸਾਲ 'ਚ ਦੋ ਮੇਲੇ ਆਉਂਦੇ। ਗੁੱਗੇ ਦਾ ਮੇਲਾ ਤਪੇ ਲਗਦਾ। ਪੱਖੋ ਤੋਂ ਇਕ ਰਾਹ ਪੁਲ੍ਹਾੜੇ ਨੂੰ ਜਾਂਦਾ। ਉੱਥੇ ਚਾਰ ਪਿੰਡਾਂ ਦਾ ਸਾਂਝਾ ਮੇਲਾ ਲੱਗਦਾ। ਵਣਾਂ ਦੇ ਬੜੇ ਵੱਡੇ-ਵੱਡੇ ਦਰੱਖ਼ਤ ਸਨ। ਪਿੱਪਲ਼ ਤੇ ਬੋਹੜ ਵੀ। ਡਾਹਣਿਆਂ ਦੀਆਂ ਜੜ੍ਹਾਂ ਧਰਤੀ 'ਚ ਲੱਗੀਆਂ ਹੋਈਆਂ। ਬੜਾ ਇਕੱਠ ਹੁੰਦਾ। ਕਵੀਸ਼ਰ ਲੱਗੇ ਹੁੰਦੇ। ਮੋਢੇ ਨਾਲ਼ ਮੋਢਾ ਖਹਿੰਦਾ। ਤਾਇਆ ਸਾਨੂੰ ਕਿਸੇ ਦਰੱਖ਼ਤ ਹੇਠ ਬਹਾਉਂਦਾ ਤੇ ਕਹਿੰਦਾ, ''ਏਥੋਂ ਉੱਠਿਓ ਨਾ। ਜੇ ਕੋਈ ਨਾਲ਼ ਜਾਣ ਨੂੰ ਕਹੇ, ਜਾਇਓ ਨਾ। ਮੈਂ ਹੁਣੇ ਆਇਆ।''

ਉਹ ਆਉਂਦਾ ਤਾਂ ਉਹਦੇ ਪਰਨੇ 'ਚ ਦੂਹਰੇ-ਤੀਹਰੇ ਅਖ਼ਬਾਰ 'ਤੇ ਕਿਲੋ-ਸਵਾ ਕਿਲੋ ਗਰਮ-ਗਰਮ ਜਲੇਬੀਆਂ ਹੁੰਦੀਆਂ ਜਾਂ ਅਮਰੂਦ। ਉਹ ਸਾਡੇ ਮੂਹਰੇ ਧਰ ਦਿੰਦਾ। ਆਪ ਨਹੀਂ ਸੀ ਖਾਂਦਾ। ਵਾਰ-ਵਾਰ ਕਹੀ ਜਾਂਦਾ, ''ਖਾਓ-ਖਾਓ। ਸਾਰੀਆਂ ਖਾ ਜੋ।''

ਮੈਨੂੰ ਪਿੱਛੋਂ ਪਤਾ ਲੱਗਿਆ, ਉਹ ਚਾਹੁੰਦਾ ਸੀ ਸਾਡੀ ਨੀਤ ਭਰ ਜਾਵੇ। ਜੇ ਕਿਸੇ ਵਿਆਹ ਵਾਲ਼ੇ ਘਰੇ ਜਾਂਦੇ, ਉਹ ਇਕ-ਦੋ ਲੱਡੂ ਮੈਨੂੰ ਮੱਲੋ-ਮੱਲੀ ਵੱਧ ਖਵਾਉਂਦਾ। ਆਲ਼ੇ-ਦੁਆਲ਼ੇ ਤੋਂ ਰੱਜੀ ਹੋਈ ਬਣਾਈ ਮੇਰੀ ਨੀਤ ਅੱਜ ਵੀ ਤਾਏ ਦੀ ਯਾਦ ਦਿਵਾਉਂਦੀ ਹੈ।

ਘਰ ਦੇ ਕਿਸੇ ਕੰਮ 'ਚ ਉਹ ਦਖ਼ਲ ਨਹੀਂ ਸੀ ਦਿੰਦਾ।

ਖੰਘੂਰਾ ਮਾਰ ਕੇ ਘਰੇ ਆਉਂਦਾ। ਮੇਰੀਆਂ ਭੈਣਾਂ ਸਿਰਾਂ 'ਤੇ ਚੁੰਨੀਆਂ ਲੈਂਦੀਆਂ। ਚੌਂਤਰੇ 'ਤੇ ਕੱਪੜੇ ਸਿਉਂ ਰਹੀ ਮੇਰੀ ਭਾਬੀ ਘੁੰਡ ਕੱਢ ਲੈਂਦੀ। ਉਹ ਚੌਂਤਰੇ ਦੀ ਜੜ੍ਹ 'ਚ ਡਹੀ ਪੀੜ੍ਹੀ 'ਤੇ ਪਿੱਠ ਕਰ ਕੇ ਬਹਿੰਦਾ। ਹੌਲ਼ੀ-ਹੌਲ਼ੀ ਚਾਹ ਪੀਂਦਾ। ਆਲ਼ੇ-ਦੁਆਲ਼ੇ ਦੇਖਦਾ ਤੇ ਤੁਰ ਜਾਂਦਾ। ਵਾਰ-ਵਾਰ ਉਹਦੀ ਨਿਗ੍ਹਾ ਚੰਦਿਆਂ ਵਾਲ਼ੀ ਪੜਛੱਤੀ 'ਤੇ ਜਾਂਦੀ। ਵੇਖਦਾ ਕਿ ਕਿੰਨੀਆਂ ਕੁ ਗੱਠੜੀਆਂ ਪਈਆਂ ਨੇ?

ਚਿੱਟੇ ਚੰਦਿਆਂ ਨਾਲ਼ ਨਿਭਣਾ ਉਹਦੀ ਜ਼ਿੰਦਗੀ ਸੀ। ਜਿਨ੍ਹਾਂ ਦੇ ਘਰੋਂ ਚੰਦੇ ਆਏ ਹੁੰਦੇ, ਉਨ੍ਹਾਂ ਨੂੰ ਠੇਕੇ ਹੋਏ ਦੇ ਕੇ ਆਉਣੇ ਉਹਦਾ ਕਰਮ।

ਜੇ ਕਿਸੇ ਦੀ ਜ਼ਮੀਨ ਗਹਿਣੇ ਲੈਣੀ ਹੁੰਦੀ, ਬਾਈ ਚਾਹ ਪੀਣ ਆਏ ਤਾਏ ਤੋਂ ਪੁੱਛਦਾ। ਉਹ ਚੁੱਪ ਰਹਿੰਦਾ। ਗਹਿਣਾ ਲਿਖਾਉਣ ਪਿੱਛੋਂ ਵੀ ਦੱਸਦਾ। ਉਹ ਫੇਰ ਵੀ ਚੁੱਪ ਰਹਿੰਦਾ ਪਰ ਉਹਦੇ ਚਿਹਰੇ 'ਤੇ ਖ਼ੁਸ਼ੀ ਝਲਕਦੀ।

ਉਹਦੀ ਇਕ ਅੱਖ ਛੋਟੀ ਸੀ। ਦਿਸਦਾ ਵੀ ਘੱਟ ਸੀ। ਪੁਰਾਣੇ ਵੇਲ਼ਿਆਂ 'ਚ ਅੱਖਾਂ ਦੁਖਣੀਆਂ ਆਉਂਦੀਆਂ। ਦੁਖਣ ਹਟਣੋਂ ਪਿੱਛੋਂ ਅਕਸਰ ਵੱਜ ਪੈ ਜਾਂਦਾ।

ਉਹ ਚਿੱਟੀ ਮਲਮਲ ਦੀ ਬਿਨਾਂ ਪੂਣੀ ਕੀਤੀ ਛੋਟੀ ਜਿਹੀ ਪੁੱਠੇ ਹੱਥ ਦੀ ਪੱਗ ਬੰਨ੍ਹਦਾ ਪਰ ਕੰਮ ਸਿੱਧੇ ਕਰਦਾ।

ਮੇਰਾ ਪਿਉ ਛੁੱਟੀ ਆਉਂਦਾ। ਉਹ ਲੜ ਪੈਂਦੇ। ਪਿਉ ਨੂੰ ਵਧੀਆ ਤਨਖ਼ਾਹ ਮਿਲਦੀ ਸੀ। ਕੰਚ ਵਰਗੀ ਅਫ਼ੀਮ ਖਾਧੀ ਹੁੰਦੀ। ਉਹ ਤਾਏ ਨੂੰ ਗਾਲ਼ਾਂ ਕੱਢਦਾ। ਸਾਨੂੰ ਲੱਗਦਾ ਕਿ ਤਾਏ ਨੇ ਵਿਗਾੜਿਆ ਕੀ ਹੈ? ਉਹ ਛੁੱਟੀ ਆਇਆ ਤਾਏ ਨੂੰ ਗਾਲ਼ਾਂ ਕਿਉ ਕੱਢਦਾ ਹੈ? ਪਿਉ ਗਾਲ਼ਾਂ ਕੱਢੀ ਜਾਂਦਾ।

ਤਾਇਆ ਅੱਕਿਆ ਹੋਇਆ ਉੱਚੀ ਆਵਾਜ਼ 'ਚ ਦੁਹੱਥੜ ਪਿੱਟਣ ਵਾਂਗ ਕਹਿੰਦਾ, ''ਆ ਜੇ ਤੇਰੀ ਪਾਟੀ ਚਿੱਠੀ।'' ਇਹ ਸੁਣ ਕੇ ਪਿਉ ਝੱਗ ਵਾਂਗ ਬਹਿ ਜਾਂਦਾ। ਵਿਹੜੇ ਵੰਨੀਂ ਮੂੰਹ ਕਰ ਕੇ ਹਾਕ ਮਾਰਦਾ, ''ਆਪਣਾ ਲਿਆਉ ਮੈਨੂੰ ਚਾਹ ਦੀ ਘੁੱਟ।'' 'ਆਪਣਾ' ਉਹਦਾ ਤਕੀਆ ਕਲਾਮ ਸੀ।

ਦੁਪਹਿਰੇ ਮੈਂ ਦਰਵਾਜ਼ੇ 'ਚ ਭੁੰਜੇ ਬੈਠਾ ਸਕੂਲ ਦੀਆਂ ਲਿਖਾਈਆਂ ਕਰਦਾ। ਉਹ ਪੀੜ੍ਹੀ ਖਿਸਕਾ ਕੇ ਮੇਰੇ ਨੇੜੇ ਹੁੰਦਾ। ਲਿਖਾਈ ਵੇਖ ਕੇ ਕਹਿੰਦਾ, ''ਇਹ ਬਣੂੰ ਮੇਰਾ ਪੁੱਤ ਪਟਵਾਰੀ। ਜੱਟ ਸੁੱਤੇ ਪਏ ਦੇ ਸਰ੍ਹਾਣੇ ਦੁੱਧ ਦੀਆਂ ਗੜਬੀਆਂ ਧਰ-ਧਰ ਜਾਇਆ ਕਰਨਗੇ।'' ਮੈਂ ਪਟਵਾਰੀ ਤਾਂ ਨਾ ਬਣਿਆ। ਜਿਨ੍ਹਾਂ ਨੇ ਪਟਵਾਰੀ ਬਦਲ ਕੇ ਇੱਧਰ-ਉੱਧਰ ਪਿੰਡਾਂ 'ਚ ਕਰਨੇ ਹੁੰਦੇ, ਉਹ ਮੇਰੇ ਕਹੇ ਤੋਂ ਜ਼ਰੂਰ ਲੱਗ ਜਾਂਦੇ।

ਮੈਂ ਅਖ਼ਬਾਰ ਦੇ ਦਫ਼ਤਰੋਂ ਦੁਪਹਿਰੇ ਘਰੇ ਰੋਟੀ ਖਾਣ ਆਉਂਦਾ-ਤਾਏ ਦੇ ਚਾਹ ਪੀਣ ਵਾਂਗ। ਲੋਕ ਪਿੱਛੋਂ ਸ਼ਰਾਬ ਦੀਆਂ ਬੋਤਲਾਂ ਧਰ ਜਾਂਦੇ। ਵੱਡੀ ਮਾਂ ਨਾਲ਼ ਵੀ ਉਹ ਲੜ ਪੈਂਦਾ। ਬੋਲਦਾ ਬਹੁਤ ਉੱਚੀ। ਖੜਕਵੀਂ ਜਬ੍ਹੇ ਵਾਲ਼ੀ ਆਵਾਜ਼ ਸਿਰ 'ਚ ਵੱਜਦੀ।

ਵੱਡੀ ਮਾਂ ਚਰਖਾ ਕੱਤਦੀ ਹੁੰਦੀ। ਉਹ ਕੜਕਦੀ, ''ਨਾ ਸਿਰ ਖਾ ਕਾਣਿਆ ਬੀਂਬੜਾ।''

ਉਹ ਹੌਲ਼ੀ-ਹੌਲ਼ੀ ਠਿਵਣ ਲੱਗਿਆ। ਸਾਡਾ ਟੱਬਰ ਖਿੱਲਰ ਗਿਆ। ਕਮਾਊ ਕੁੜੀਆਂ ਇਕ-ਇਕ ਕਰ ਕੇ ਤੁਰ ਗਈਆਂ। ਲੋਕ ਕਪਾਹਾਂ ਬੀਜਣੀਆਂ ਘੱਟ ਕਰ ਗਏ। ਠੇਕੇ ਚੰਦਿਆਂ ਦੀ ਥਾਂ ਮਿੱਲਾਂ ਦੇ ਬਣੇ ਮੋਟੇ ਛਾਪੇਦਾਰ ਚੰਦਿਆਂ ਨੇ ਲੈ ਲਈ। ਘਰਾਂ 'ਚੋਂ ਤਾਣੀ ਬੁਣਨ ਵਾਲ਼ੀਆਂ ਧਰਤੀ 'ਚ ਪੁੱਟੀਆਂ ਕੁੰਭਲਾਂ ਭਰੀਆਂ ਜਾਣ ਲੱਗੀਆਂ। ਰੁਪਏ 'ਚੋਂ ਕੰਮ ਵੀਹ ਕੁ ਪੈਸੇ ਰਹਿ ਗਿਆ।

ਮੈਂ ਮਾਨਸਾ ਸਿਲਾਈ ਦਾ ਕੰਮ ਸਿੱਖਦਾ ਸੀ। ਪਿੱਛੇ ਘਰੇ ਰਹਿ ਗਏ ਮੱਖਣ, ਜੈਲਾ ਤੇ ਮਾਂ ਚੰਦੇ ਠੇਕ ਕੇ ਗੁਜ਼ਾਰਾ ਕਰ ਰਹੇ ਸੀ। ਵੱਡੀ ਮਾਂ ਕੰਮੋਂ ਗਈ ਸੀ। ਮੱਖਣ ਤਾਏ ਵਾਂਗ ਸਾਈਕਲ 'ਤੇ ਚੰਦੇ ਲੈ-ਦੇ ਕੇ ਆਉਂਦਾ। ਉਹ ਨਾਲ਼-ਨਾਲ਼ ਪੜ੍ਹੀ ਵੀ ਜਾਂਦਾ। ਬਾਈ (ਵੱਡਾ ਭਰਾ) ਦੇ ਪਹਿਲੇ ਵਿਆਹ ਦਾ ਕੋਈ ਬੱਚਾ ਨਹੀਂ ਸੀ। ਉਹਦੀ ਛੋਟੀ ਭੈਣ ਵਿਆਹ ਲਿਆਇਆ ਸੀ। ਪੱਖੋ ਤਾਏ ਦਾ ਟਿਕਾਣਾ ਸ਼ੇਰ ਸਿੰਘ ਦੇ ਘਰੇ ਵੀ ਸੀ-ਸ਼ੇਰ ਸਿੰਘ ਦਾ ਵਿੱਘੇ ਦਾ ਘਰ ਸੀ। ਇਕੱਲੀ ਮਾਂ ਰਹਿੰਦੀ। ਆਪ ਉਹਨੇ ਖੇਤ ਘਰ ਪਾ ਲਿਆ ਸੀ। ਬਾਈ ਪਿੰਡ ਵਿਹਲਾ ਰਹਿੰਦਾ ਸੀ। ਪੱਖੋ ਵੱਡੀ ਭਾਬੀ ਤੇ ਮੇਵਾ ਕੱਪੜੇ ਸਿਉਂਦੇ। ਛੋਟੀ ਘਰਵਾਲ਼ੀ ਘਰ ਦੇ ਕੰਮ ਕਰਦੀ। ਬਾਈ ਨੇ ਘਰ ਨਾਲ਼ੋਂ ਲੀਹਾ ਪਾੜ ਲਿਆ ਸੀ। ਸਾਨੂੰ ਆਵਦੇ ਹਾਲ 'ਤੇ ਛੱਡ ਦਿੱਤਾ ਸੀ।

ਤਾਇਆ ਪਿੰਡ ਵਿਹਲਾ ਸੀ। ਦਰਵਾਜ਼ੇ 'ਚ ਚਾਹ-ਪਾਣੀ ਪੀਣ ਆਉਂਦਾ। ਬਾਹਰਲੇ ਘਰੋਂ ਅੱਕ ਜਾਂਦਾ ਤਾਂ ਵੀ ਆਉਂਦਾ। ਹੌਲ਼ੀ-ਹੌਲ਼ੀ ਜੰਗਲ-ਪਾਣੀ ਵੀ ਜਾ ਆਉਂਦਾ। ਦਸਵੀਂ ਵਾਲ਼ੇ ਦਿਨ ਗੁਰਦੁਆਰੇ ਸਵਾ ਰੁਪਏ ਦੀ ਦੇਗ ਕਰਵਾ ਕੇ ਆਉਂਦਾ। ਮੁੜਦੇ ਹੋਏ ਨੂੰ ਸਾਡੀ ਤਾਈ ਸੰਤੀ ਛੇੜਦੀ, ''ਕਿੱਥੋਂ ਆਇਐਂ ਵੇ ਕਾਣਿਆ ਬੀਂਬੜਾ?''

ਉਹ ਖੜ੍ਹ ਜਾਂਦਾ। ਸਾਰੀ ਉਮਰ ਸੰਤੀ ਕੇ ਲਾਣੇ ਨਾਲ਼ ਤਾਏ ਦੀ ਨਹੀਂ ਸੀ ਬਣੀ। ਹੁਣ ਤਾਈ ਦੀ ਵੀ ਉਹ ਗੱਲ ਨਹੀਂ ਸੀ ਰਹੀ। ਉਹ ਵੀ ਗੋਡੇ ਘੜੀਸਦੀ ਸੀ। ਤਾਇਆ ਕਹਿੰਦਾ, ''ਗੁਰਦੁਆਰੇ ਦੇਗ ਕਰਾ ਕੇ ਆਇਆ ਸੀ।''

ਤਾਈ ਕਹਿੰਦੀ, ''ਕਿਉਂ? ਤੈਂ ਮੁੰਡਾ ਵਿਆਹੁਣੈ?''

''ਮੁੰਡਾ ਤਾਂ ਨਹੀਂ ਵਿਆਹੁਣਾ, ਅਮਰੂ (ਮੇਰਾ ਪਿਉ) ਦਾ ਕਰਜ਼ਾ ਚੜ੍ਹਿਆ ਸੀ ਕਿਸੇ ਜਨਮ ਦਾ, ਉਹ ਲਾਹ 'ਤਾ। ਹੁਣ ਤਾਂ ਦੇਗ ਕਰਾਈ ਹੀ ਮੇਰੇ ਨਾਲ਼ ਜਾਊ।''

ਉਹ ਤਾਈ ਦੇ ਮੰਜੇ 'ਤੇ ਪੈਂਦਾਂ ਵਾਲ਼ੇ ਪਾਸੇ ਬਹਿ ਜਾਂਦਾ। ਤਾਈ ਘਰ ਦੀਆਂ ਗੱਲਾਂ ਛੇੜਦੀ। ਬਾਈ ਬਾਰੇ ਪੁੱਛਦੀ। ਤਾਇਆ ਕੋਈ ਰਾਹ ਨਹੀਂ ਸੀ ਦਿੰਦਾ।

ਬਾਹਰਲੇ ਘਰੇ ਬੈਠਾ-ਬੈਠਾ ਤਾਇਆ ਅੱਕ ਜਾਂਦਾ।

ਕਦੇ-ਕਦੇ ਸੱਥ ਵੰਨੀਂ ਤੁਰ ਜਾਂਦਾ। ਉੱਥੇ ਬੈਠਾ ਬਿਟਰ-ਬਿਟਰ ਝਾਕੀ ਜਾਂਦਾ। ਸੱਥ ਵਾਲ਼ੇ ਗੱਲਾਂ ਕਰੀ ਜਾਂਦੇ। ਉਹ ਇਉਂ ਲੱਗਦਾ, ਜਿਵੇਂ ਕਾਵਾਂ 'ਚ ਘੋਗੜ ਆ ਬੈਠਾ ਹੋਵੇ। ਗੱਲਾਂ ਸੁਣ-ਸੁਣ ਕੇ ਅੱਕ ਜਾਂਦਾ। ਫੇਰ ਬਾਹਰਲੇ ਘਰ ਆ ਜਾਂਦਾ।

ਹੁਣ ਉਹ ਖੇਡਦੇ ਜੁਆਕਾਂ ਕੋਲ਼ ਵੀ ਨਾ ਖੜ੍ਹਦਾ। ਜੁਆਕ ਓਪਰੇ ਹੁੰਦੇ। ਉਹਨੂੰ ਪਤਾ ਨਹੀਂ ਸੀ ਉਹ ਕੀਹਦੇ-ਕੀਹਦੇ ਨੇ? ਪਹਿਲਾਂ ਅਸੀਂ ਖੇਡਦੇ ਹੁੰਦੇ। ਸਾਨੂੰ ਵੇਖ ਕੇ ਉਹ ਖੜ੍ਹ ਜਾਂਦਾ ਸੀ। ਦਿਲ-ਲਗੀ ਵੀ ਕਰਦਾ, ''ਜਾਓ! ਸੱਥ ਕੋਲ਼ੇ ਜਾਓ। ਓਥੇ ਬਾਜ਼ੀਗਰ ਬਾਜ਼ੀ ਪਾਉਣ ਆਏ ਐ। ਇਕ ਬਾਜ਼ੀਗਰ ਲੱਤਾਂ ਨਾਲ਼ ਵੰਝ ਬੰਨ੍ਹ ਕੇ ਤੁਰੀ ਜਾਂਦੈ।''

ਕਦੇ ਕਹਿੰਦਾ, ''ਅੱਜ ਆਪਣੇ ਪਿੰਡ ਘੋਲ਼ ਹੋਣੇ ਐ। ਚੋਟੀਆਂ ਆਲ਼ਾ ਮੱਲ ਵੀ ਆਊ। ਗੁਰਦੁਆਰੇ ਆਲ਼ੇ ਸਕੂਲ ਕੋਲ਼ ਜ਼ਮੀਨ 'ਚ ਖਾੜਾ ਪੱਟੀ ਜਾਂਦੇ ਐ।''

ਕਦੇ ਕਹਿੰਦਾ, ''ਟੋਭੇ 'ਤੇ ਰੂੜੇਕਿਆਂ ਤੋਂ ਮੁੰਡੇ ਆਏ ਐ। ਕੌਡੀ ਖੇਡੀ ਜਾਂਦੇ ਐ।'' ਅਸੀਂ ਭੱਜੇ-ਭੱਜੇ ਜਾਂਦੇ। ਉੱਥੇ ਕੁੱਝ ਨਾ ਹੁੰਦਾ।

ਉਹ ਢਿੱਲਾ ਹੋ ਗਿਆ। ਰੋਟੀ ਘੱਟ ਕਰ ਗਿਆ। ਤੜਕੇ, ਦੁਪਹਿਰੇ ਚਾਹ ਨੂੰ ਆਉਂਦਾ। ਵਾਰ-ਵਾਰ ਜੰਗਲ-ਪਾਣੀ ਜਾਣ ਲੱਗਿਆ। ਜਿਹੋ ਜਿਹਾ ਜਾਂਦਾ, ਉਵੇਂ ਮੁੜ ਆਉਂਦਾ। ਘਰੇ ਦੱਸਿਆ। ਜਿਹੋ ਜਿਹਾ ਓਹੜ-ਪੋਹੜ ਸੀ, ਕੀਤਾ ਪਰ ਉਹਦੀ ਕਬਜ਼ੀ ਨਾ ਖੁੱਲ੍ਹੀ। ਬੜਾ ਔਖਾ ਸੀ ਉਹ। ਮੰਜਾ ਅੰਦਰਲੇ ਘਰੇ ਦਰਵਾਜ਼ੇ 'ਚ ਲੈ ਆਂਦਾ। ਇਕ ਦਿਨ ਕਿਤੋਂ ਈਨੋ ਵਰਗੀ ਕੋਈ ਚੀਜ਼ ਪਾਣੀ 'ਚ ਪਾ ਕੇ ਦਿੱਤੀ। ਉਹਦੀ ਸੂੰ-ਸੂੰ ਹੁੰਦੀ ਵੇਖੀ ਤਾਂ ਗਿਲਾਸ ਵਗਾਹ ਕੇ ਮਾਰਿਆ। ਸੀਤੇ ਬਾਣੀਏ ਦੀ ਹੱਟ 'ਤੇ ਘੜੈਲੇ ਵਾਲ਼ਾ ਕੌਰ ਵੈਦ ਆਉਂਦਾ ਸੀ। ਉਹਤੋਂ ਵੀ ਦਵਾਈ ਦਿਵਾਈ। ਫ਼ਰਕ ਨਾ ਪਿਆ। ਅਨੀਮਾ ਕਰਵਾਉਣ ਵਾਸਤੇ ਕਿਹਾ ਤਾਂ ਨਹੀਂ ਮੰਨਿਆ। ਉਹ ਕਦੇ-ਕਦੇ ਮੰਜੇ 'ਤੇ ਪਿਆ-ਪਿਆ ਉੱਠ ਖੜ੍ਹਦਾ ਜਾਂ ਮੇਰੀ ਮਾਂ ਜਾਂ ਵੱਡੀ ਮਾਂ ਬਿਠਾ ਦਿੰਦੀ। ਛੋਟੀ ਮਾਂ ਢੂਹੀ ਨੂੰ ਹਵਾ ਲਵਾਉਂਦੀ। ਦੁਖੀ ਹੋਇਆ ਉਹ ਗੁਰਦੁਆਰੇ ਵੰਨੀਂ ਮੂੰਹ ਕਰਦਾ। ਦੋਵੇਂ ਹੱਥ ਜੋੜ ਕੇ ਕਹਿੰਦਾ, ''ਹੇ ਬਾਬਾ ਪੰਜਾਬ ਸਿਆਂ! ਮੈਨੂੰ ਠੀਕ ਕਰ ਦੇ। ਮੈਂ ਤੇਰੀ ਸਵਾ ਰੁਪਈਏ ਦੀ ਦੇਗ ਕਰਾਵਾਂ।''

ਔਖਾ ਹੋਇਆ ਉਹ ਦੂਜੇ-ਤੀਜੇ ਦਿਨ ਇਉਂ ਕਰਦਾ। ਕਦੇ-ਕਦੇ ਅੱਖਾਂ ਵੀ ਗਿੱਲੀਆਂ ਕਰ ਲੈਂਦਾ। ਰੋਜ਼ ਸੁੱਖਾਂ ਸੁੱਖਦਾ। ਸੁੱਖ ਮੰਨੀ ਨਾ ਜਾਂਦੀ।

ਇਕ ਦਿਨ ਤਪਿਓਂ ਮੁੜਦਾ-ਮੁੜਦਾ ਬਾਈ ਆਇਆ। ਮਾਂ ਉਹਨੂੰ ਗੱਲੀਂ ਲਾ ਕੇ ਪੱਕੀ ਸਬ੍ਹਾਤ 'ਚ ਲੈ ਗਈ। ਤਾਏ ਨਾਲ਼ ਉਹਨੇ ਬਹੁਤੀ ਗੱਲ ਨਾ ਕੀਤੀ।

ਸਬ੍ਹਾਤ 'ਚ ਉਹਨੂੰ ਬੇਬੇ ਨੇ ਕਿਹਾ, ''ਤੇਰੇ ਤਾਏ ਦੀ ਹਾਲਤ ਮਾੜੀ ਐ। ਲਗਦਾ ਨੀਂ ਇਹ ਕੱਟੂ....ਲੱਕੜਾਂ ਕਿੱਥੋਂ ਪਾਵਾਂਗੇ?'' ਉਹਨੇ ਫ਼ਿਕਰ ਨਹੀਂ ਕੀਤਾ। ਕਹਿੰਦਾ, ''ਝਲਾਨੀ ਉਧੇੜ ਕੇ ਪਾ ਦਿਓ।''

ਮਾਂ ਨਹੀਂ ਬੋਲੀ। ਉਹ ਗੱਲ ਮੋੜ ਕੇ ਵੀ ਨਹੀਂ ਸੀ ਕਹਿੰਦੀ। ਸਬਰ ਕਰ ਲੈਂਦੀ। ਉਹ ਕਹਿਣਾ ਚਾਹੁੰਦੀ ਸੀ, 'ਝਲਾਨੀ ਉਧੇੜ ਕੇ ਅਸੀਂ ਰੋਟੀ ਕਿੱਥੇ ਪਕਾਵਾਂਗੇ?' ਪਰ ਕਹਿ ਨਹੀਂ ਸੀ ਸਕੀ।

ਬਾਈ ਜਿਵੇਂ ਆਇਆ ਸੀ, ਤੁਰ ਗਿਆ। ਇਕ ਦਿਨ ਔਖੇ ਹੋਏ ਤਾਏ ਨੇ ਮੁਖਤਿਆਰੇ ਨੂੰ ਬੁਲਾਇਆ। ਉਹ ਮੇਰੇ ਸੰਤੇ ਤਾਏ ਦਾ ਪੁੱਤ ਸੀ। ਉਹਨੂੰ ਆਏ ਨੂੰ ਉਹਨੇ ਆਸਾ-ਪਾਸਾ ਵੇਖ ਕੇ ਦੋ-ਢਾਈ ਰੁਪਈਏ ਕੇ ਕਿਹਾ, ''ਮੈਨੂੰ ਕਿਸੇ ਦਿਓਂ ਦੇਸੀ ਸ਼ਰਾਬ ਦਾ ਪਊਆ ਲਿਆ ਕੇ ਦੇ।''

ਮੁਖਤਿਆਰਾ ਕਿਸੇ ਦਿਓਂ ਪਊਆ ਲੈ ਆਇਆ। ਆਥਣੇ ਰੋਟੀ ਤੋਂ ਪਹਿਲਾਂ ਉਹਨੇ ਇਕੋ ਵਾਰ ਗਿਲਾਸ 'ਚ ਪਾਇਆ। ਬਚਦੇ ਗਿਲਾਸ 'ਚ ਪਾਣੀ ਪਾ ਕੇ ਪੀ ਗਿਆ। ਪਿੱਛੋਂ ਥੋੜ੍ਹੀ-ਬਹੁਤੀ ਰੋਟੀ ਖਾਧੀ। ਉਹਨੂੰ ਯਕੀਨ ਸੀ ਕਿ ਕਬਜ਼ੀ ਖੁੱਲ੍ਹ ਜਾਵੇਗੀ ਪਰ ਨਹੀਂ।

ਦੋ-ਚਾਰ ਦਿਨ ਲੰਘੇ। ਉਹਨੇ ਕਿਸੇ ਜੁਆਕ ਨੂੰ ਭੇਜ ਕੇ ਮੁਖਤਿਆਰੇ ਨੂੰ ਫੇਰ ਬੁਲਾਇਆ। ਜੁਆਕ ਨੂੰ ਉਹਨੇ ਖ਼ਾਸੇ ਚਿਰ 'ਚ ਮਸਾਂ ਸਮਝਾਇਆ ਸੀ। ਹਰੇ ਰਾਮ ਦਾ ਜੁਆਕ ਸੀ ਕੋਈ ਛੋਟਾ ਜਿਹਾ। ਉਹ ਮੁਖਤਿਆਰੇ ਨੂੰ ਲੈ ਆਇਆ। ਮੁਖਤਿਆਰਾ ਪਾਠੀ ਸੀ। ਉਮਰ 'ਚ ਵੀ ਖ਼ਾਸਾ ਸੀ। ਦਿਲ ਧਰਾਉਣ ਦਾ ਮਾਰਾ ਤਾਏ ਦੇ ਮੰਜੇ 'ਤੇ ਬਹਿ ਗਿਆ। ਹਿਲਾ ਕੇ ਉਹਨੇ ਮਸਾਂ ਬੁਲਾਇਆ। ਤਾਏ ਨੇ ਟੁੱਟਵੇਂ ਸ਼ਬਦਾਂ 'ਚ ਸਿਰਫ਼ ਏਨਾ ਕਿਹਾ, ''ਪਾਠ ਸੁਣਾ।'' ਮੁਖਤਿਆਰਾ ਪਾਠ ਸੁਣਾਉਣ ਲੱਗਿਆ। ਤਾਏ ਦੀਆਂ ਅੱਖਾਂ ਬੰਦ ਸੀ। ਹੱਥ ਜੋੜੇ ਹੋਏ। ਮੁਖਤਿਆਰਾ ਪਾਠ ਕਰੀ ਗਿਆ। ਪਾਠੀ ਹੋਣ ਕਰ ਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਮੂੰਹ-ਜ਼ੁਬਾਨੀ ਯਾਦ ਸੀ।

ਪਾਠ ਮੁੱਕ ਗਿਆ। ਮੁਖਤਿਆਰੇ ਨੇ ਵੇਖਿਆ, ਤਾਇਆ ਵੀ ਮੁੱਕ ਗਿਆ ਸੀ। ਮੇਰੀ ਛੋਟੀ ਮਾਂ ਗੇਵ (ਗੁਰਦੇਵ) ਦੀ ਆਟੇ ਵਾਲ਼ੀ ਚੱਕੀ 'ਤੇ ਗਈ। ਗੇਵ ਦਾ ਆਰਾ ਵੀ ਲਾਇਆ ਹੋਇਆ ਸੀ। ਮੁਰਦਿਆਂ 'ਤੇ ਪਾਉਣ ਵਾਸਤੇ ਉਹ ਲੱਕੜਾਂ ਵੀ ਚੀਰ ਕੇ ਰੱਖਦਾ। ਮੇਰੀ ਮਾਂ ਦੀ ਪਰਚੋਂ ਬਹੁਤ ਸੀ। ਉਧਾਰ-ਸੁਧਾਰ ਨੂੰ ਕੋਈ ਜਵਾਬ ਨਹੀਂ ਸੀ ਦਿੰਦਾ। ਮੇਵੇ ਨੂੰ ਸੁਨੇਹਾ ਭੇਜ ਕੇ ਬੁਲਾ ਲਿਆ ਸੀ।

ਤਾਏ ਮਰਨ ਪਿੱਛੋਂ ਮੇਵੇ ਨੇ ਮੱਖਣ ਨੂੰ ਨਾਲ ਲੈ ਕੇ ਪਿੰਡ 'ਚੋਂ ਲੋਕਾਂ ਦੇ ਰਾਸ਼ਨ-ਕਾਰਡ ਇਕੱਠੇ ਕੀਤੇ। ਪੈਂਤੀ-ਚਾਲ਼ੀ ਕਿਲੋ ਖੰਡ ਵੀ ਲੈ ਲਈ। ਪਿੰਡ 'ਚ ਲੱਡੂ ਫੇਰਨ ਦਾ ਵਿਚਾਰ ਸੀ। ਬਾਈ ਨੇ ਲੱਡੂ ਫੇਰਨ ਦਾ ਮਨ ਤਾਂ ਬਣਾ ਲਿਆ, ਦੱਸ ਵੀ ਦਿੱਤਾ ਸੀ ਪਰ ਉਹਦਾ ਸੁਭਾਅ ਸੀ, ਜਦੋਂ ਪਾਣੀ 'ਚ ਬਹਿੰਦਾ ਸੀ, ਇਕੋ ਲਖ਼ਤ ਬਹਿ ਜਾਂਦਾ। ਉਹ

ਪਹਿਲਾਂ ਆਪ ਫ਼ੈਸਲਾ ਕਰਦਾ। ਫੇਰ ਮਨ ਨਾਲ਼ ਸਲਾਹ ਕਰਦਾ। ਲਾਲਚ ਉਹਦੇ ਤੇ ਮਨ ਦੇ ਵਿਚਾਲ਼ੇ ਆ ਖੜ੍ਹਦਾ। ਫੇਰ ਮਨ ਨੂੰ ਅਣ-ਸੁਣਿਆ ਕਰ ਦਿੰਦਾ।

ਬਾਹਰਲੇ ਘਰੇ ਕੰਧਾਂ 'ਤੇ ਠੇਕੇ ਹੋਏ ਚੰਦੇ ਲਾ ਕੇ ਉੱਤੇ ਚਾਨਣੀ ਬੰਨ੍ਹ ਕੇ ਤਾਏ ਦਾ ਭੋਗ ਪਾਇਆ। ਲੱਡੂਆਂ ਦੀ ਥਾਂ ਕੜਾਹ ਪਰੋਸ ਦਿੱਤਾ। ਤਾਏ ਦੇ ਮਰਨ ਪਿੱਛੋਂ ਮੈਂ ਮਾਨਸਾ ਸੀ। ਥੜ੍ਹੇ 'ਤੇ ਜੀਜੇ ਕੋਲ ਬੈਠਾ ਕੱਪੜੇ ਸਿਊਂ ਰਿਹਾ ਸੀ। ਸਾਡੀ ਦੁਕਾਨ ਦੇ ਨਾਲ਼ ਗਿਰਧਾਰੀ ਦੀ ਜੁੱਤੀਆਂ ਸਿਉਣ ਦੀ ਦੁਕਾਨ ਸੀ। ਗਿਰਧਾਰੀ ਸਾਡੇ ਪਿੰਡ ਵਿਆਹਿਆ ਹੋਇਆ ਸੀ। ਉਹਦੀ ਘਰਵਾਲ਼ੀ ਸਾਡੇ ਪਿੰਡ ਆ ਕੇ ਗਈ ਸੀ। ਮੈਂ ਲੰਘਦਾ-ਟੱਪਦਾ ਗਿਰਧਾਰੀ ਕੇ ਘਰੇ ਜਾ ਆਉਂਦਾ। ਉਹਦੀ ਘਰਵਾਲ਼ੀ ਨੇ ਗਿਰਧਾਰੀ ਨੂੰ ਦੱਸਿਆ। ਮੈਨੂੰ ਗਿਰਧਾਰੀ ਨੇ ਤਾਏ ਦੀ ਮੌਤ ਬਾਰੇ ਦੱਸਿਆ ਤਾਂ ਮੇਰੀ ਭੁੱਬ ਨਿੱਕਲ਼ ਗਈ। ਮੈਂ ਉੱਚੀ-ਉੱਚੀ ਰੋਣ ਲੱਗ ਪਿਆ।

ਮੇਰਾ ਭਣੋਈਆ ਗੁਰਚਰਨ ਕਹਿੰਦਾ, ''ਐਵੇਂ ਕਿਉਂ ਰੋਈ ਜਾਨੈਂ? ਤਾਇਆ ਈ ਮਰਿਐ? ਮਰਨਾ ਈ ਸੀ ਉਹਨੇ? ਕੱਲ੍ਹ ਦਾ ਜੁਆਕ ਸੀ ਉਹ?''

ਮੈਂ ਕਦੇ ਉਹਦੇ ਮੂਹਰੇ ਨਹੀਂ ਸੀ ਬੋਲਿਆ। ਮੈਨੂੰ ਉਹ ਬੋਲਦਾ ਬੜਾ ਬੁਰਾ ਲੱਗਿਆ। ਮੇਰੇ 'ਚੋਂ ਹੁਣ ਤੱਕ ਉਹਤੋਂ ਪਈ ਸਾਰੀ ਕੁੱਟ ਦਾ ਗੁੱਸਾ ਬੋਲਿਆ, ''ਉਹ ਕੁੱਤਾ ਸੀ? ਜੇ ਤੇਰਾ ਪਿਉ ਮਰ ਜੇ, ਰੋਏਂਗਾ ਨੀਂ?'' ਉਹਨੇ ਆਦਤ ਅਨੁਸਾਰ ਗੁੱਸੇ 'ਚ ਆ ਕੇ ਦੰਦਾਂ 'ਚ ਜੀਭ ਲਈ। ਥੱਪੜ ਮਾਰਨ ਵੇਲ਼ੇ ਉਹ ਦੰਦਾਂ 'ਚ ਜੀਭ ਲੈਂਦਾ ਸੀ। ਫੇਰ ਕਹਿੰਦਾ, ''ਚੁੱਪ ਕਰ। ਮੈਂ ਗੰਢਾਂ 'ਤੇ ਕੈਂਚੀ ਮਾਰੂੰ?''

ਮੈਂ ਕਿਹਾ, ''ਮਾਰ'' ਉਹਨੇ ਕੈਂਚੀ ਦਾ ਮੂਹਰਲਾ ਪਾਸਾ ਫੜ ਕੇ ਪੁੱਠਾ ਪਾਸਾ ਮੇਰੇ ਵੱਲ ਉੱਘਰਿਆ। ਮੈਂ ਕੈਂਚੀ ਸਿੱਧੀ ਕਰ ਲਈ। ਉਹ ਮੇਰੇ ਨੇੜੇ ਹੀ ਸੀ। ਗੱਲ ਵਧ ਗਈ ਸੀ। ਦੁਕਾਨ ਦਾ ਮਾਲਕ ਵੱਡਾ ਭਾਈਆ ਗੱਦੀ ਤੋਂ ਉੱਠ ਕੇ ਆਇਆ। ਗੁਰਚਰਨ ਨੂੰ ਕਹਿੰਦਾ, ''ਸ਼ਰਮ ਕਰ ਮਾੜੀ-ਮੋਟੀ, ਸ਼ਰਮ ਕਰ। ਜੁਆਕ ਨਾਲ਼ ਜੁਆਕ ਹੋਈ ਜਾਨੈਂ। ਲੋਕ ਕੀ ਕਹਿਣਗੇ?'' ਜੀਜਾ ਚੁੱਪ ਕਰ ਗਿਆ।

ਆਥਣ ਤੱਕ ਮੈਂ ਉਹਨੂੰ ਨਹੀਂ ਬੁਲਾਇਆ। ਹੱਥਲਾ ਕੱਪੜਾ ਪੂਰਾ ਹੋਇਆ। ਮੈਂ ਸਟੇਸ਼ਨ ਵੱਲ ਤੁਰ ਗਿਆ। ਵਿਹਲੇ ਅਸੀਂ ਇਉਂ ਈ ਕਰਦੇ ਸੀ। ਦੁਕਾਨ ਤੋਂ ਸਾਹਮਣੇ ਰਾਹ ਸਟੇਸ਼ਨ ਨੂੰ ਜਾਂਦਾ ਸੀ। ਥਾਣੇ ਕੋਲ਼ੋਂ ਘੁੰਮ ਕੇ ਦੁਕਾਨ ਵੱਲ। ਮੈਂ ਸਟੇਸ਼ਨ 'ਤੇ ਬੈਠਾ ਰਿਹਾ। ਦੁਕਾਨ 'ਤੇ ਜਾਣ ਨੂੰ ਜੀਅ ਨਾ ਕੀਤਾ। ਦਿਨ ਛਿਪਿਆ। ਘਰੇ ਆ ਗਿਆ। ਮੇਰੇ ਆਉਂਦੇ ਨੂੰ ਜੀਜਾ ਆਇਆ ਬੈਠਾ ਸੀ। ਮੈਂ ਫੇਰ ਵੀ ਬੁਲਾਇਆ। ਭੈਣ ਉਦਾਸ ਸੀ। ਅੱਖਾਂ ਤੋਂ ਲਗਦਾ ਸੀ, ਰੋ ਕੇ ਹਟੀ ਹੈ। ਉਹਨੂੰ ਤਾਏ ਨੇ ਧੀਆਂ ਤੋਂ ਵੱਧ ਲਾਡ-ਪਿਆਰ ਨਾਲ਼ ਪਾਲ਼ਿਆ ਸੀ। ਕੱਢਣ ਲਈ ਦਸੂਤੀਆਂ ਦੇ ਚਾਦਰੇ ਲਿਆ ਕੇ ਦਿੱਤੇ ਸੀ ਤੇ ਰੇਸ਼ਮੀ ਧਾਗੇ ਵੀ। ਤਾਏ ਨੇ ਕਦੇ ਵੀ ਉਹਨੂੰ ਟੱਬਰ ਵਾਂਗ 'ਦੇਬੋ' ਨਹੀਂ ਸੀ ਕਿਹਾ। 'ਗੁਰਦੇਵ ਕੁਰ' ਕਹਿ ਕੇ ਬੁਲਾਉਂਦਾ।

ਗੱਲਾਂ 'ਚੋਂ ਮੈਨੂੰ ਪਤਾ ਲੱਗਿਆ ਕਿ ਭੈਣ ਤੇ ਜੀਜਾ ਭੋਗ ਵਾਲ਼ੇ ਦਿਨ ਜਾਣਗੇ।

ਮੈਂ ਤਿਆਰ ਹੋਇਆ। ਦੋ ਰੋਟੀਆਂ ਖਾਧੀਆਂ। ਅਜੇ ਜੀਜਾ ਘਰੇ ਹੀ ਸੀ। ਮੈਂ ਘਰੋਂ ਆ ਗਿਆ। ਦੋ-ਢਾਈ ਮੀਲ 'ਤੇ ਬੱਸ ਅੱਡਾ ਸੀ। ਬਰਨਾਲੇ ਵਾਲ਼ੀ ਬੱਸ ਫੜੀ। ਪੱਖੋ ਉੱਤਰ ਗਿਆ। ਪੱਖੋ ਤੋਂ ਚਾਰ ਮੀਲ ਮੇਰਾ ਪਿੰਡ ਸੀ। ਵਾਟ ਛੋਟੇ ਹੁੰਦੇ ਦੇ ਪੈਰੀਂ ਲੱਗੀ ਹੋਈ ਸੀ। ਮੈਂ ਦੋ-ਤਿੰਨ ਦਿਨ ਲਾ ਕੇ ਗਿਆ। ਜੀਜੇ ਨੂੰ ਮੈਂ ਬੁਲਾਇਆ ਨਹੀਂ। ਉਹਨੇ ਵੀ ਨਹੀਂ। ਕੱਪੜੇ ਸਿਉਣੇ ਹੁੰਦੇ। ਮੈਨੂੰ ਕਹਿਣ ਦੀ ਬਜਾਏ ਭੈਣ ਨੂੰ ਕਹਿੰਦਾ।

ਉਹ ਮੈਨੂੰ ਕਹਿੰਦੀ, ''ਗੁੱਸਾ ਨਾ ਕਰ। ਬਣਾ ਦੇ ਦੋ ਲੀੜੇ।'' ਮੈਂ ਬਣਾ ਦਿੰਦਾ। ਮਨ ਮੇਰਾ ਉੱਖੜ ਗਿਆ ਸੀ। ਰਹਿਣ ਨੂੰ ਦਿਲ ਨਹੀਂ ਸੀ ਕਰਦਾ। ਸੋਚਦਾ, ਕੱਪੜਾ-ਲੀੜਾ ਝੋਲ਼ੇ 'ਚ ਪਾਵਾਂ। ਪਿੰਡ ਚਲਿਆ ਜਾਵਾਂ।

ਭੋਗ ਵਾਲ਼ੇ ਦਿਨ ਤੜਕੇ ਜੀਜਾ ਤੇ ਭੈਣ ਆਏ। ਮੈਨੂੰ ਜਾਣ ਲਈ ਨਹੀਂ ਕਿਹਾ। ਤੜਕੇ ਹੀ ਜੀਜੇ ਨੇ ਕੱਟ-ਕੱਟ ਕੱਪੜਿਆਂ ਦਾ ਢੇਰ ਲਾ ਦਿੱਤਾ ਸੀ। ਮੈਂ ਸਮਝ ਗਿਆ ਸੀ, ਉਹ ਮੈਨੂੰ ਨਾਲ਼ ਲੈ ਕੇ ਨਹੀਂ ਜਾਂਦੇ।

ਮੈਂ ਹਿੱਕ ਤੋਂ ਥੋੜ੍ਹਾ-ਬਹੁਤਾ ਆਸੇ-ਪਾਸੇ ਹੋਇਆ ਪੱਥਰ ਹਿੱਕ 'ਤੇ ਫੇਰ ਧਰਿਆ ਤੇ ਕੱਪੜੇ ਸਿਉਣ ਲੱਗ ਪਿਆ। ਮੇਰੀਆਂ ਛੋਟੀਆਂ-ਛੋਟੀਆਂ ਦੋਵੇਂ ਭਾਣਜੀਆਂ ਸਕੂਲ ਚਲੀਆਂ ਗਈਆਂ ਸੀ। ਮੈਂ ਸਾਰਾ ਦਿਨ ਕੱਪੜੇ ਸਿਉਂਦਾ ਰਿਹਾ। ਘਰ ਮੈਂ ਹੀ ਸਾਂਭਣਾ ਸੀ।

ਜੀਜਾ ਤੇ ਭੈਣ ਆਥਣ ਨੂੰ ਮੁੜ ਆਏ। ਦੋ ਕੁ ਦਿਨਾਂ ਬਾਅਦ ਮੈਂ ਦੱਸ ਦਿੱਤਾ, ''ਮੈਂ ਨੀਂ ਰਹਿਣਾ ਹੁਣ ਏਥੇ।''

ਜੀਜੇ ਨੇ ਬਥੇਰਾ ਕਿਹਾ, ''ਤੇਰੇ ਨਾਲ਼ ਦੋ ਸਾਲ ਕੀਤੇ ਸੀ। ਅਜੇ ਚਾਰ ਮਹੀਨੇ ਰਹਿੰਦੇ ਐ।''

ਮੈਂ ਗੱਲ ਨਹੀਂ ਸੁਣੀ। ਤਿੰਨ-ਚਾਰ ਦਿਨ ਪਿੱਛੋਂ ਕੱਪੜਿਆਂ ਵਾਲ਼ਾ ਝੋਲ਼ਾ ਚੁੱਕਿਆ, ਪਿੰਡ ਆ ਗਿਆ।

ਸਾਰੇ ਰਾਹ ਤਾਏ ਦੀਆਂ ਗੱਲਾਂ ਯਾਦ ਆਉਂਦੀਆਂ ਰਹੀਆਂ। ਕਦੇ ਕਿਸੇ ਦੇ ਘਰੇ ਮੱਲੋ-ਮੱਲੀ ਲੱਡੂ ਖਵਾਉਂਦਾ। ਕਦੇ ਪੁਲ਼ਾੜੇ ਦੇ ਮੇਲੇ 'ਤੇ ਪਰਨੇ 'ਤੇ ਧਰ ਕੇ ਜਲੇਬੀਆਂ ਖਵਾਉਂਦਾ। ਜਿਹੜੇ ਬੀੜ 'ਚੋਂ ਲੱਕੜਾਂ ਲਿਆਉਂਦਾ ਸੀ, ਲੱਗਿਆ ਜਿਵੇਂ ਸਿਰ 'ਤੇ ਲੱਕੜਾਂ ਦੀ ਭਰੀ ਚੁੱਕੀ ਆਉਂਦਾ ਹੋਵੇ। ਪਿੰਡ ਤੱਕ ਉਹਦੀਆਂ ਯਾਦਾਂ ਨੇ ਮੈਨੂੰ ਘੇਰੀ ਰੱਖਿਆ।

ਪਿੰਡ ਆਇਆ। ਬਾਹਰਲੇ ਘਰੋਂ ਉਹਦਾ ਮੰਜਾ ਚੁੱਕ ਦਿੱਤਾ ਸੀ। ਮੰਜੇ ਦੀ ਥਾਂ ਖਾਣ ਨੂੰ ਆਈ। ਅੱਖੋਂ ਪਾਣੀ ਵਗਣ ਲੱਗਿਆ। ਮਾਂ ਪਤਾ ਨਹੀਂ ਮੇਰੇ ਪਿੱਛੇ ਕਦੋਂ ਆਈ ਸੀ। ਮੈਨੂੰ ਬੁੱਕਲ਼ 'ਚ ਲੈ ਕੇ ਕਹਿੰਦੀ, ''ਰੋ ਨਾ ਪੁੱਤ! ਰੋ ਨਾ।''

ਪਰ ਮਨ ਸੀ, ਜਿਹੜਾ ਸਮੁੰਦਰ ਦੀਆਂ ਲਹਿਰਾਂ ਵਾਂਗ ਛਲਕੀ ਜਾਂਦਾ ਸੀ।

**98143-80749**

## ਦੋ ਕਵਿਤਾਵਾਂ / ਤਜਿੰਦਰ ਸਿੰਘ ਲੂਥਰਾ



### ਲਾਟੂ

ਮੈਨੂੰ ਘੁਮਾਇਆ ਨਹੀਂ ਕਿਸੇ ਨੇ
ਮਨ ਘੁੰਮਿਆਂ
ਘੁੰਮੀ ਆਤਮਾ
ਘੁੰਮੀ ਸਾਰੀ ਦੁਨੀਆਂ
ਘੁੰਮਿਆਂ ਸਾਰਾ ਬ੍ਰਹਿਮੰਡ
ਤੇ ਜੋਰ ਜੋਰ ਨਾਲ ਨੱਚਿਆ ਮੈਂ

ਫਿਰ ਖਤਮ ਹੋ ਗਈ
ਊਰਜਾ, ਉਤਸਵ ਤੇ ਹੌਂਸਲਾ
ਡੋਲਦਾ ਸੰਭਲਦਾ
ਮੈਂ ਡਿੱਗਿਆ ਹੌਲੀ ਹੌਲੀ
ਹੁਣ ਕੋਈ ਨਹੀਂ ਉਠਾਏਗਾ ਮੈਨੂੰ
ਫੇਰ ਕੋਈ ਨਹੀਂ ਚਲਾਏਗਾ ਮੈਨੂੰ

ਮੈਂ ਖ਼ੁਦ ਉਠਾਂਗਾ
ਹੌਂਸਲੇ ਵਿੱਚ ਸਮੇਟ ਕੇ
ਤਿਲ ਤਿਲ ਸਾੜਦਾ ਦੁੱਖ
ਫਿਰ ਘੁੰਮਾਂਗਾ
ਲੈ ਕੇ ਬਚੇ ਖੁਚੇ ਸਦੀਵੀ ਸਾਹ
ਤੇ ਨੱਚਾਂਗਾਂ ਸਿਰ ਚੜ੍ਹ ਕੇ
ਭੁੱਲ ਕੇ ਆਪਣੀ ਹੋਂਦ
ਘੁੰਮਾਵਾਂਗਾ ਸਾਰੀ ਦੁਨੀਆਂ
ਸਾਰਾ ਬ੍ਰਹਿਮੰਡ
ਮਦਾਰੀ ਵਾਂਗ ਆਪਣੇ ਅੱਗੇ ਪਿੱਛੇ
ਤੇ ਡੁਗਡੁਗੀ ਵਜਾਉਂਦੇ
ਨੱਚਦੇ ਨੱਚਦੇ ਹੋ ਜਾਵਾਂਗਾ ਅਲੋਪ
ਤੇ ਫਿਰ ਕਦੇ ਨਹੀਂ ਡਿੱਗਾਂਗਾ ਮੈਂ।

### ਖਰੀਦੇ ਹੋਏ ਸੁਪਨੇ

ਅੱਜ ਮੈਂ ਦੋ ਸੁਪਨੇ ਖਰੀਦੇ
ਇੱਕ ਵੱਡਾ ਸਾਰਾ
ਇੱਕ ਨਵਾਂ ਜਿਹਾ
ਵੱਡੇ ਨੇ ਮੈਨੂੰ ਘੇਰ ਲਿਆ
ਤੇ ਨਵੇਂ ਨੇ ਬੰਨ੍ਹ ਲਿਆ

ਬੰਨ੍ਹੇ ਬੰਨ੍ਹੇ ਅਤੇ ਘਿਰੇ ਘਿਰੇ
ਮੈਂ ਦਿਨ ਭਰ ਖਾਲੀ ਖਾਲੀ
ਅਤੇ ਠੱਗਿਆ ਠੱਗਿਆ
ਕਦੋਂ ਸੌਂ ਗਿਆ
ਕੁਝ ਅਤਾ ਪਤਾ ਨਹੀਂ

ਉਨ੍ਹਾਂ ਸੁਪਨਿਆਂ ਦੀ ਭਾਲ ਵਿੱਚ
ਮੈਂ ਹੋਰ ਨੀਂਦਾਂ ਲੱਭਦਾ ਰਿਹਾ।

## ਦੋ ਕਵਿਤਾਵਾਂ / ਰਾਜੇਂਦਰ ਸ਼ਰਮਾ

### ਅੱਪੂ ਘਰ

ਪ੍ਰਗਤੀ ਮੈਦਾਨ ਵਿੱਚ ਹੁੰਦਾ ਸੀ
ਅੱਪੂ ਘਰ
ਹੁਣ ਨਹੀਂ ਹੈ
ਪਰ ਉਸ ਦੌਰ ਦੇ ਲੋਕ
ਇਹ ਮੰਨਣ ਨੂੰ ਤਿਆਰ ਨਹੀਂ
ਕਿ ਅੱਪੂ ਘਰ ਹੁਣ
ਉੱਥੇ ਨਹੀਂ ਹੈ

ਦਰਅਸਲ
ਉਸ ਦੌਰ ਦੇ ਲੋਕ
ਜਿਨ੍ਹਾਂ ਦੇ ਪੈਰ ਕਬਰਾਂ ਵਿੱਚ ਨੇ
ਅਜੇ ਵੀ ਉਸੇ ਦੌਰ ਵਿੱਚ
ਜਿਉਂ ਰਹੇ ਹਨ
ਅੱਜ ਦਾ ਉਨ੍ਹਾਂ ਨੂੰ ਨਹੀਂ ਪਤਾ
ਫੇਸਬੁੱਕ ਟਵਿੱਟਰ ਤੇ
ਰੋਜ਼ ਦੱਸਦੇ ਹਨ
ਇਹੀ ਹੈ ਪ੍ਰਗਤੀ ਮੈਦਾਨ ਵਿੱਚ
ਅੱਪੂ ਘਰ

ਅੱਪੂ ਘਰ ਨੂੰ
ਪ੍ਰਗਤੀ ਮੈਦਾਨ ਵਿੱਚ ਦੱਸ ਕੇ
ਉਹ ਆਪਣੀ ਹਾਜਰੀ ਦਰਜ ਕਰਦੇ ਨੇ
ਇਹ ਅੱਡ ਗੱਲ ਹੈ
ਸਾਰੇ ਜਾਣਦੇ ਹਨ
ਕਿ ਅੱਪੂ ਘਰ
ਹੁਣ ਪ੍ਰਗਤੀ
ਮੈਦਾਨ ਵਿੱਚ ਨਹੀਂ ਹੈ।

### ਉਹ

ਉਹ ਸਭ ਬਾਰੇ ਸੋਚਦਾ ਸੀ
ਸਭ ਦਾ ਲਾਡਲਾ ਸੀ
ਜਿਵੇਂ ਜਿਵੇਂ
ਉਹ ਮੱਕਾਰ ਹੁੰਦਾ ਗਿਆ
ਉਸਦੇ ਅੰਦਰ ਦਾ ਇਨਸਾਨ
ਸਿਸਕ ਸਿਸਕ ਕੇ ਮਰਦਾ ਗਿਆ

ਹੁਣ ਉਹ ਆਪਣਾ ਹੀ ਨਹੀਂ
ਦੂਜਿਆਂ ਦਾ ਹਿੱਸਾ ਵੀ
ਖਾਣ ਲੱਗਿਆ ਹੈ
ਮਨੁੱਖ ਤਾਂ ਉਸਦੇ ਅੰਦਰ
ਬਚਿਆ ਹੀ ਨਹੀਂ
ਉਹ ਧਨ ਦੌਲਤ ਨਾਲ
ਰੱਜਿਆ ਹੋਇਆ ਹੈ
ਪਰ ਸਾਰੀਆਂ ਕਾਸਮੈਟਿਕ ਕਰੀਮਾਂ
ਲਾਉਣ ਦੇ ਬਾਵਜੂਦ
ਕਰੂਰਤਾ ਉਸਦੇ ਚਿਹਰੇ ਤੋਂ
ਪ੍ਰਤੱਖ ਝਲਕਦੀ ਹੈ।



**ਅਨੁ: ਅ.ਕ**

## ਜੰਗਲ ਦੀ ਬੇਟੀ /ਚਿਤਰਾ ਪੰਵਾਰ



ਸੰਘਣੇ ਜੰਗਲਾਂ ਵਿੱਚ
ਫਿਰਦੀ ਹੈਂ ਬੇਖੌਫ
ਕਿੰਨੇ ਆਰਾਮ ਨਾਲ
ਉੱਚੇ ਦਰਖਤਾਂ ਤੇ ਟਪੂਸੀ ਮਾਰ ਚੜ੍ਹ
ਉੱਤਰ ਜਾਂਦੀ ਹੈਂ
ਖਾਲਾ ਦਾ ਘਰ ਸਮਝ
ਨੱਚਦੀ ਟੱਪਦੀ ਚਲੀ ਜਾਂਦੀ ਹੈਂ
ਪਹਾੜ ਦੀ ਟੀਸੀ ਤੱਕ
ਨਦੀ ਦੀ ਤੇਜ਼ ਧਾਰ ਨਾਲ ਖੇਡਦੀ
ਸ਼ੇਰ ਦੀ ਦਹਾੜ ਸੁਣ
ਬਾਂਸ ਵਿੱਚ ਹਵਾ ਭਰ ਕੇ
ਸੰਗੀਤ ਦੀ ਮਧੁਰ ਧੁਨ ਬਣਾ ਦਿੰਦੀ ਹੈਂ
ਬੁਲੰਦ ਆਵਾਜ਼ ਵਿੱਚ ਵਣਦੇਵੀ ਦਾ
ਕੋਈ ਗੀਤ ਗਾਉਂਦੀ ਹੈਂ
ਹਵਾ ਦੇ ਵਰੋਲੇ ਵਿੱਚ
ਗੋਲ ਮੋਲ ਗੁੱਡੀ ਵਾਂਗ ਨੱਚਦੀ ਹੈਂ
ਹਾਥੀ ਦੀ ਸੁੰਡ ਤੇ
ਝੂਲਾ ਝੂਲਦੀ ਹੈਂ
ਕਦੇ ਸੱਪਾਂ ਦਾ ਹਾਰ ਬਣਾਉਂਦੀ ਹੈਂ
ਓ ਜੰਗਲ ਦੀ ਬੇਟੀ !
ਕੀ ਤੈਨੂੰ ਡਰ ਨਹੀਂ ਲੱਗਦਾ
ਮੈਂ ਕਦੇ ਜੰਗਲ ਨਹੀਂ ਗਈ
ਉੱਥੇ ਜਾਨਵਰਾਂ ਨੂੰ
ਵੀ ਨਹੀਂ ਦੇਖਿਆ
ਪਹਾੜ ਤੇ ਨਹੀਂ ਚੜ੍ਹੀ
ਮਾਂ ਕਹਿੰਦੀ ਹੈ
ਚੰਗੇ ਘਰਾਂ ਦੀਆਂ ਕੁੜੀਆਂ ਨੂੰ
ਨੱਚਣਾ ਗਾਉਣਾ ਸ਼ੋਭਾ ਨਹੀਂ ਦਿੰਦਾ
ਘਰ ਤੋਂ ਇਕੱਲੇ ਨਿਕਲਣਾ ਤਾਂ
ਬਿਲਕੁਲ ਵੀ ਨਹੀਂ
ਫੇਰ ਐਸਾ ਕੀ ਹੈ
ਜੋ ਤੈਨੂੰ ਨਿਡਰ ਅਤੇ ਮੈਨੂੰ
ਡਰਪੋਕ ਬਣਾਉਂਦਾ ਹੈ
ਅਖੀਰ ਕਿਉਂ
ਬੰਦ ਘਰ ਵਿੱਚ ਰਹਿ ਕੇ ਵੀ
ਮੇਰੇ ਅੰਦਰ ਦਾ ਡਰ ਨਹੀਂ ਜਾਂਦਾ
ਤੇ ਇੱਕ ਤੂੰ ਹੈਂ
ਖੁੱਲ੍ਹੇ ਅਸਮਾਨ ਦੀ ਚਾਦਰ ਤਾਣ
ਧਰਤੀ ਦੇ ਸੀਨੇ ਤੇ
ਬੇਧੜਕ ਸੌਂਦੀ ਹੈਂ.....

## ਅਧੂਰੀ ਮਾਨਵ ਸਭਿਅਤਾ / ਅਨੁਪਮਾ ਕੱਟੇਲ

ਗੁਲਾਮੀ ਦੀਆਂ
ਸਾਰੀਆਂ ਜੰਜੀਰਾਂ ਤੋੜ ਕੇ
ਆਜ਼ਾਦੀ ਦੇ ਖੰਭ ਫੈਲਾਈ
ਗਗਨਚੁੰਬੀ
ਮੁਕਤ ਉਡਾਣ ਭਰਨਾ
ਚਾਹੁੰਦੀਆਂ ਨੇ ਔਰਤਾਂ

ਓ ਔਰਤੋ ਸੁਣੋ !
ਪਰੰਪਰਾਵਾਂ ਦਾ ਘੁੰਡ ਕੱਢੀ
ਹਰ ਯੁਗ ਵਿੱਚ ਕੱਟ ਦਿੱਤੇ ਗਏ
ਖੰਭ ਤੁਹਾਡੇ

ਤੇ ਬਣਾ ਦਿੱਤਾ ਗਿਆ ਹੈ
ਤੁਹਾਡੇ ਇਰਦ ਗਿਰਦ
ਇੱਕ ਛੋਟਾ ਜਿਹਾ ਘੇਰਾ
ਦਰਦ ਦੇ ਅੱਥਰੂ ਪੀਣ ਲਈ
ਬੰਨ੍ਹ ਦਿੱਤਾ ਗਿਆ ਹੈ
ਕਿਸੇ ਕਿੱਲੇ ਤੇ ਇੱਕ
ਭੋਲੀ ਜਿਹੀ ਗਾਂ ਦੇ ਵਾਂਗ

ਧਰਮ ਕਰਮ ਦੀਆਂ ਜੰਗ
ਲੱਗੀਆਂ ਜੰਜੀਰਾਂ ਦੇ ਤੰਤਰ ਵਿੱਚ
ਲਪੇਟ ਕੇ
ਭਰਮਾਉਂਦੀ ਰਹੀ ਹੈ
ਇਹ ਦੁਨੀਆਂ
ਅਤੇ ਬਣਾ ਰਹੀ ਹੈ ਤੁਹਾਨੂੰ
ਕਠਪੁਤਲੀ ਦੇ ਵਾਂਗ
ਇੱਕ ਐਸ਼ਟ੍ਰੇ
ਜਿੱਥੇ ਕੋਈ ਵੀ
ਥੋਪ ਸਕਦਾ ਹੈ ਉਸ ਵਿੱਚ
ਆਪਣੇ ਵਿਚਾਰ

ਆਪਣੇ ਮੱਥੇ ਤੇ ਲਿਖੀ
ਗੁਲਾਮੀ ਦੀ ਚੌਖਟ ਦੇ ਅੰਦਰ
ਰਸੋਈ ਭਾਂਡੇ ਪੂਜਾਘਰ
ਮਾਹਵਾਰੀ ਦੀ ਛੂਆ ਛੂਤ
ਤੱਕ ਸਿਮਟਣਾ ਹੀ ਕੇਵਲ
ਔਰਤਾਂ ਨੂੰ
ਪਰਿਭਾਸ਼ਿਤ ਨਹੀਂ ਕਰਦਾ

ਆਪਣੀ ਸਮਰਥਾ ਨਾਲ
ਖੋਲ੍ਹ ਦੇਣਾ ਚਾਹੁੰਦੀਆਂ ਹਨ
ਅੱਜ ਦੀਆਂ ਔਰਤਾਂ
ਪਰੰਪਰਾ ਦੀਆਂ
ਉਨ੍ਹਾਂ ਪੁਰਾਣੀਆਂ ਗੰਢਾਂ ਨੂੰ

ਤੇ ਲੱਭ ਲੈਣਾ ਚਾਹੁੰਦੀਆਂ ਹਨ
ਆਪਣੇ ਸੰਪੂਰਣ ਵਿਚਾਰਾਂ ਦੀ
ਗੁਆਚੀ ਹੋਈ ਹੋਂਦ ਨੂੰ

ਅਤੇ ਬੱਸ
ਲਿਖ ਦੇਣਾ ਚਾਹੁੰਦੀਆਂ ਹਨ
ਅਨੰਤ ਆਕਾਸ਼ ਤੇ
ਪੱਖਪਾਤ ਅਤੇ ਬੇਨਾਮ
ਸੰਘਰਸ਼ਾਂ ਦੀਆਂ ਕਹਾਣੀਆਂ ਦਾ
ਇੱਕ ਲੰਬਾ ਸਾਰਾ ਇਤਿਹਾਸ।



**ਅਨੁ: ਅ.ਕ**

# ਮਿੰਨੀ ਕਹਾਣੀਆਂ

## ਜਲੂਸ / ਸੁਰਿੰਦਰ ਕੈਲੇ

ਜਲੂਸ ਨਿੱਕਲ ਰਿਹਾ ਹੈ। ਔਰਤਾਂ ਦਾ ਜਲੂਸ। ਨਗਨ ਔਰਤਾਂ ਦਾ ਜਲੂਸ। ਇਹ ਔਰਤਾਂ ਅਪਣੇ ਹੱਕਾਂ ਲਈ ਨਹੀਂ ਨਿਕਲੀਆਂ। ਨਾ ਹੀ ਵਿਵਸਥਾ ਦੇ ਵਿਰੋਧ ਵਿੱਚ ਤੇ ਨਾ ਹੀ ਸੱਤਾ ਨੂੰ ਵੰਗਾਰਨ ਲਈ। ਇਹਨਾਂ ਨੂੰ ਜਬਰਨ ਜਲੂਸ ਦੀ ਸ਼ਕਲ ਵਿੱਚ ਹੱਕ ਲਿਆ ਗਿਆ ਹੈ।ਜਾਬਰ ਇਨ੍ਹਾਂ ਨੂੰ ਘੇਰਾ ਘੱਤਕੇ, ਮਾਰੂ ਹਥਿਆਰਾਂ ਨੂੰ ਲਹਿਰਾਉਂਦੇ, ਦਹਿਸ਼ਤੀ ਹੁਲੜਬਾਜੀ ਦਾ ਦਿਖਾਵਾ ਖਰਦੇ ਅੱਗੇ ਤੋਰਦੇ ਹਨ।ਜਲੂਸ ਦੇ ਨਾਲ ਨੀਮ ਫੌਜੀ ਪੁਲਿਸ ਚੱਲ ਰਹੀ ਹੈ ਕਿਉਂਕਿ ਉਸਦੀ ਜਿੰਮੇਵਾਰੀ ਸ਼ਾਂਤੀ ਬਣਾਈ ਰੱਖਣ ਦੀ ਹੈ।

ਜਲੂਸ ਅੱਗੇ ਵਧ ਗਿਆ ਹੈ। ਹੁਲੁੜਬਾਜਾਂ ਦਾ ਇੱਕ ਹੋਰ ਟੋਲਾ ਆ ਗਿਆ ਹੈ ਜੋ ਇੱਕ ਗਲੀ ਵਿੱਚ ਘੁਸ ਗਿਆ ਹੈ।ਘਰਾਂ ਵਿੱਚੋਂ ਬਸ਼ਿੰਦਿਆਂ ਨੂੰ ਬਾਹਰ ਨਿਕਲਣ ਦਾ ਹੁਕਮ ਕੀਤਾ ਹੈ।ਘਰਾਂ ਵਿੱਚੋਂ ਕੇਵਲ ਬੁੱਢੇ ਤੇ ਔਰਤਾਂ ਹੀ ਨਿਕਲੀਆਂ ਹਨ।ਲਗਦੈ ਸਥਿਤੀ ਨੂੰ ਭਾਂਪਦਿਆਂ ਨੌਜਵਾਨ ਪਹਿਲਾਂ ਹੀ ਜੰਗਲਾਂ ਵਿੱਚ ਦੌੜ ਗਏ ਹਨ। ਬੁੱਢਿਆਂ ਨੂੰ ਇੱਕ ਕਤਾਰ ਵਿੱਚ ਬਿਠਾ, ਔਰਤਾਂ ਨੂੰ ਕੱਪੜੇ ਉਤਾਰਨ ਦਾ ਹੁਕਮ ਦਿਤਾ ਗਿਆ ਹੈ। 'ਜੇ ਕੱਪੜੇ ਨਾ ਲਾਹੇ ਤਾਂ ਤੁਹਾਡੇ ਘਰਾਂ ਨੂੰ ਸਾੜ ਦਿਤਾ ਜਾਵੇਗਾ।'

ਔਰਤਾਂ ਨੇ ਪਹਿਲਾਂ ਬਜੁਰਗਾਂ ਵੱਲ ਦੇਖਿਆ ਫਿਰ ਆਪਸ ਵਿੱਚ ਅੱਖਾਂ ਮਿਲਾਈਆਂ। ਜੇ ਕੱਪੜੇ ਉਤਾਰਨ ਨਾਲ ਘਰ ਬਚਦੇ ਹਨ।

ਘਰ ਜੋ ਜ਼ਿੰਦਗੀ ਦੀ ਧੜਕਣ ਹਨ, ਇਨ੍ਹਾਂ ਨੂੰ ਬਚਾਉਣ ਲਈ ਹੁਲੜਬਾਜ਼ਾਂ ਦੀ ਜ਼ਿਦ ਪੂਰੀ ਕਰ ਦੇਣੀ ਚਾਹੀਦੀ ਹੈ। ਨਗਨ ਔਰਤਾਂ ਨੂੰ ਪਹਿਲਾਂ ਲੰਘੇ ਜਲੂਸ ਵਾਂਗ ਹੱਕ ਲਿਆ ਗਿਆ ਹੈ।ਥੋੜੀ ਦੂਰ ਜਾ ਕੇ ਹੁੱਲੜਬਾਜ਼ ਕੁਝ ਔਰਤਾਂ ਨੂੰ ਵੱਖ ਕਰਕੇ ਉਹਲੇ ਵਿੱਚ ਲੈ ਗਏ ਹਨ।ਜਲੂਸ ਚੱਲ ਰਿਹਾ ਹੈ।

ਮੈਂ ਅਪਣੇ ਸਾਥੀਆਂ ਨਾਲ ਇਸ ਇਲਾਕੇ ਦੀ ਪੁਲਿਸ ਚੌਕੀ ਵਿੱਚ ਤਾਇਨਾਤ ਹਾਂ।ਸਾਡੀ ਡਿਊਟੀ ਨੀਮ ਫੌਜੀ ਪੁਲਿਸ ਨੂੰ ਲੋੜੀਂਦੀ ਜਾਣਕਾਰੀ ਤੇ ਸਹਾਇਤਾ ਦੇਣ ਦੀ ਹੈ।

ਅਸੀਂ ਚੌਕੀ ਦੀ ਹੱਦ ਵਿੱਚ ਰਹਿੰਦਿਆਂ ਇੱਥੇ ਹੀ ਟਿਕੇ ਰਹਿਣਾ ਹੈ ਤੇ ਆਲੇ ਦੁਆਲੇ ਨਜ਼ਰ ਰੱਖਣੀ ਹੈ ਤਾਂ ਕੇ ਕੋਈ ਗੜਬੜ ਨਾ ਹੋਵੇ। ਲੜਖੜਾਉਂਦੀਆਂ, ਟੁੱਕੜੇ ਟੁੱਕੜੇ ਸਰੀਰਾਂ ਨੂੰ ਘਸੀਟਦੀਆਂ ਔਰਤਾਂ ਨੂੰ ਢੇਰੀ ਕਰ, ਤੇਲ ਛਿੜਕ , ਤੀਲੀ ਲਗਾ ਹਜੂਮ ਬਾਘੀਆਂ ਪਾਉਂਦਾ ਜਾ ਰਿਹਾ ਹੈ। ਅੱਗ ਦੀਆਂ ਲਪਟਾਂ ਸੂਰਜ ਨੂੰ ਚਿੜ੍ਹਾ ਰਹੀਆਂ ਹਨ। ਦੇਸ਼ ਦੀ ਰੂਹ ਸੜ ਰਹੀ ਹੈ। ਠਾ....ਹ ਠਾ....ਹ ....ਸੈਂ.....ਸੈਂ....

ਗੋਲੇ ਤੇ ਗੋਲੀਆਂ ਦੀ ਭਿਆਨਕ ਅਵਾਜ਼ ਨਾਲ ਮੈਂ ਬੌਂਦਲਿਆ ਜਿਹਾ ਉੱਭੜਵਾਹਾ ਉੱਠਿਆ ਹੱਥ ਪੈਰ ਮਾਰਨ ਲੱਗਿਆ ਹਾਂ ।ਪੁਲਿਸ ਚੌਕੀ ਵਿੱਚ ਭਗਦੜ ਮੱਚ ਗਈ ਹੈ।ਗੋਲੇ ਤੇ ਗੋਲੀਆਂ ਦਾ ਜਿਵੇਂ ਹੜ੍ਹ ਆ ਗਿਆ। ਟੋਪੀਆਂ ਡਿੱਗ ਰਹੀਆਂ ਹਨ। ਇਹ ਤਾਬੜਤੋੜ ਹਮਲਾ, ਪੁਲਿਸ ਦਾ ਜਲੂਸ ਕੱਢਣ ਜਾ ਰਿਹਾ ਹੈ। ਮੁਰਦਾ ਪੁਲਿਸ ਦਾ ਜਲੂਸ।

## ਨਾਰੀਅਲ / ਕਰਮਵੀਰ ਸਿੰਘ ਸੂਰੀ

'ਉਸ ਸਾਧ ਦੀ ਬੜੀ ਮਾਨਤਾ ਹੈ। ਲੋਕ ਉਸ ਕੋਲ ਜਾਂਦੇ ਅਤੇ ਆਪਣਾ ਆਪਣਾ ਨਾਰਿਅਲ ਉਸ ਅੱਗੇ ਰੱਖਦੇ. ਆਪਣੀ ਆਪਣੀ ਮੰਨਤ ਮੰਨਦੇ ਤੇ ਚਲੇ ਜਾਂਦੇ। ਜਿਸਦਾ ਨਾਰੀਅਲ ਫਟ ਜਾਂਦਾ ਉਸਦੀ ਮੁਰਾਦ ਪੂਰੀ ਹੋ ਜਾਂਦੀ ਹੈ।' ਪਤਨੀ ਆਪਣੀ ਪਤੀ ਨੂੰ ਸਾਧ ਦੀ ਕਰਨੀ ਬਾਰੇ ਦੱਸ ਰਹੀ ਸੀ। ਉਸ ਕਲਰਕ ਦਾ ਅੱਠ ਸਾਲ ਦਾ ਬੇਟਾ ਵੀ ਇਹ ਗੱਲ ਸੁਣ ਰਿਹਾ ਸੀ, ਝੱਟ ਦੇਣੀ ਬੋਲਿਆ,

'ਮੰਮੀ ਮੈਂ ਵੀ ਉੱਥੇ ਇੱਕ ਨਾਰੀਅਲ ਰੱਖ ਆਵਾਂ ਦੇਖਦੇ ਹਾਂ ਕਿ ਫਟਦਾ ਹੈ ਕਿ ਨਹੀਂ।'

ਉਸਦੇ ਪਿਤਾ ਨੇ ਹੈਰਾਨੀ ਤੇ ਉਤਸੁਕਤਾ ਨਾਲ ਪੁੱਛਿਆ, 'ਉਏ ਤੂੰ ਨਾਰੀਅਲ ਰੱਖ ਕੇ ਕੀ ਮੰਗੇਗਾਂ ?'

'ਮੈਂ...ਮੈਂ ਨਾਰੀਅਲ ਰੱਖ ਕੇ ਮੰਗਾਂਗਾ ਕਿ ਮੈਨੂੰ ਪਾਪਾ ਨਵੇਂ ਬੂਟ ਕਦੋਂ ਲੈ ਕੇ ਦੇਣਗੇ.?'

ਘਰ ਦੀ ਆਰਥਿਕ ਮੰਦਹਾਲੀ ਕਾਰਨ ਉਸਦੇ ਬੂਟਾਂ ਨੂੰ ਅੱਗੇ ਦਾ ਅੱਗੇ ਪਾਇਆ ਜਾਂਦਾ ਰਿਹਾ ਸੀ। ਮੋਚੀ ਕੋਲੋਂ ਟਾਕੀਆਂ ਲਗਵਾ ਕੇ ਹੀ ਕੰਮ ਸਾਰਿਆ ਜਾ ਰਿਹਾ ਸੀ।

## ਵੰਡ / ਹਰਪ੍ਰੀਤ ਸਿੰਘ ਰਾਣਾ

ਵਿਧਵਾ ਬੇਔਲਾਦ ਵੱਡੀ ਨੂੰਹ ਨੂੰ ਚੁਬਾਰੇ 'ਤੇ ਖੜ੍ਹ ਕੇ ਗੁਆਢੀਆਂ ਦੇ ਜੀਤੇ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਤੱਕਦਾ ਵੇਖ ਘਰ ਦਾ ਬਜ਼ੁਰਗ ਸੋਚੀਂ ਪੈ ਗਿਆ।

"ਨਹੀਂ,ਮੈਂ ਨਹੀਂ ਇੰਜ ਹੋਣ ਦੇਣਾ, ਮੈਨੂੰ ਇਹ ਵੰਡ ਕੱਤਈ ਸਵੀਕਾਰ ਨਹੀਂ...।" ਛੋਟੀ ਨੂੰਹ ਗੁੱਸੇ ਵਿਚ ਅੱਗ ਬਬੂਲਾ ਹੋਈ ਕੰਬ ਰਹੀ ਸੀ।

ਬਜ਼ੁਰਗ ਦੇ ਮੱਥੇ 'ਤੇ ਤਿਊੜੀ ਉੱਭਰ ਆਈ। ਸਾਹਮਣੇ ਵਿਹੜੇ ਵਿਚ ਖੇਡਦਿਆਂ ਨਿੱਕੇ-ਨਿੱਕੇ ਪੋਤਰਿਆਂ ਨੂੰ ਵੇਖ ਬਜ਼ੁਰਗ ਹਲੀਮੀ ਨਾਲ ਬੋਲਿਆ, ਧੀਏ, ਵੰਡ ਤਾਂ ਇਸ ਘਰ ਵਿਚ ਇਕ ਦਿਨ ਹੋਣੀ ਹੀ ਹੈ,ਇਸ ਦੀ ਨਹੀਂ ਤਾਂ ਜ਼ਮੀਨ ...।" ਬਜ਼ੁਰਗ ਗੱਲ ਪੂਰੀ ਕੀਤੇ ਬਿਨ੍ਹਾਂ ਹੀ ਉੱਠ ਖੜ੍ਹਾ ਹੋਇਆ।

ਛੋਟੀ ਨੂੰਹ ਨੇ ਆਪਣੇ ਘਰਵਾਲੇ ਵੱਲ ਤੱਕਿਆ। ਉਹ ਚੁੱਪਚਾਪ ਭਾਬੀ ਦੇ ਕਮਰੇ ਵੱਲ ਤੁਰ ਪਿਆ।

# 21ਵੀਂ ਸਦੀ ਦੀ ਔਰਤ / ਪ੍ਰੀਤ ਅਟਵਾਲ ਪੂਨੀ



ਮਨੀਪੁਰ ਦੀਆਂ ਬੇਵੱਸ
ਔਰਤਾਂ ਦੀ ਵੀਡੀਉ ਦੇਖੀ
ਮੈਂ ਸੁੰਨ ਹੋ ਗਈ
ਰਾਤ ਦੇ 12, 1, 2 ਵੱਜ ਗਏ
ਮੇਰੀ ਸੌਣ ਦੀ ਅਸਫਲ ਕੋਸ਼ਿਸ਼
ਗਹਿਰੀ ਕਾਲੀ ਰਾਤ ਵਿੱਚ
ਦਿਨ ਦਿਹਾੜੇ ਵੀਡੀਉ ਵਾਲੀਆਂ ਔਰਤਾਂ
ਨੀਂਦ ਨਹੀਂ ਪੈਣ ਦੇ ਰਹੀਆਂ
ਤਦ ਪਤਾ ਨਹੀ ਕਦੋਂ ਅਚਾਨਕ
ਮੈਂ ਦੇਖਿਆ
ਸਿਖਰ ਦੁਪਿਹਰ ਹੈ
ਜਿਸਮ ਹੀ ਜਿਸਮ ਦਿੱਸ ਰਹੇ ਹਨ
ਔਰਤਾਂ ਦੇ ਅਲਫ਼ ਨੰਗੇ
ਜਿਸਮਾਂ ਦੀ ਭੀੜ
ਮੈਂ ਅੱਖਾਂ ਅੱਡ ਅੱਡ
ਉਸ ਭੀੜ ਦਾ ਜਾਇਜ਼ਾ ਲੈ ਰਹੀ ਹਾਂ
ਉਹ ਭੀੜ ਮੇਰੇ ਨੇੜੇ ਆ ਰਹੀ ਹੈ
ਜਾਂ ਮੈਂ ਉਹਨਾਂ ਦੇ ਨੇੜੇ ਜਾ ਰਹੀ ਹਾਂ
ਉਹਨਾਂ ਦੇ ਹੱਥਾਂ ਵਿੱਚ ਕੁਝ ਹੈ
ਉਹ ਉੱਚੀ ਉੱਚੀ ਹੱਸ ਰਹੀਆਂ ਹਨ
ਉਹ ਹਵਾ ਵਿੱਚ ਕੋਈ
ਸ਼ਸਤਰ ਘੁੰਮਾ ਰਹੀਆਂ ਹਨ
ਉਹਨਾਂ ਦੇ ਹੱਥ ਵਿੱਚ ਕੁਝ ਹੈ
ਜੋ ਲਹੂ ਨਾਲ ਲੱਥ ਪੱਥ ਹੈ
ਮੈਨੂੰ ਔਰਤਾਂ ਦੇ ਹਾਸੇ ਵਿੱਚੋਂ
ਦਰਦ ਬੇਵੱਸੀ ਨਜ਼ਰ ਆ ਰਹੀ
ਮੈਂ ਉਹਨਾਂ ਕੋਲ ਜਾ ਕੇ
ਕਾਹਲੀ ਕਾਹਲੀ ਉਹਨਾਂ ਵੱਲ
ਕੱਪੜੇ ਸੁੱਟ ਰਹੀ ਹਾਂ
ਆਪਣਾ ਆਪ ਢੱਕ ਲਉ
ਕੱਪੜੇ ਲੈਣ ਤੋਂ ਇਨਕਾਰ ਕਰਦੀਆਂ
ਉਹ ਹੱਸ ਰਹੀਆਂ ਹਨ
ਬਹੁਤ ਹੱਸ ਰਹੀਆਂ ਹਨ
ਹੱਸਦੀਆਂ ਹੱਸਦੀਆਂ ਅਚਾਨਕ
ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿੰਦੀਆਂ ਹਨ
ਉਹਨਾਂ ਦੇ ਹੱਥਾਂ ਵਿੱਚ
ਲਹੂ ਨਾਲ ਲੱਥ ਪੱਥ ਕੁਝ ਹੈ
ਮੈਂ ਉਹਨਾਂ ਦੇ ਹੋਰ ਕਰੀਬ ਜਾ ਰਹੀ ਹਾਂ
ਦੇਖਦੀ ਹਾਂ
ਉਹ ਰੋਂਦੀਆਂ ਚੀਕਦੀਆਂ
ਆਪਣੇ ਹੱਥਾਂ ਵਿੱਚ ਫੜੇ
ਮਰਦਾਂ ਦੇ ਲਹੂ ਲਹਾਣ ਲਿੰਗ
ਇੱਕ ਸ਼ਾਸਤਰ ਨਾਲ
ਟੋਟੇ ਟੋਟੇ ਕਰ ਰਹੀਆਂ ਹਨ
ਕਦੀ ਉੱਚੀ ਉੱਚੀ ਹੱਸ ਰਹੀਆਂ ਹਨ
ਕਦੀ ਉੱਚੀ ਉੱਚੀ ਰੋ ਚੀਕ ਰਹੀਆਂ ਹਨ
ਮੈਂ ਤ੍ਰਹਿਕਦੀ ਹਾਂ
ਘਬਰਾ ਕੇ ਉੱਠਦੀ ਹਾਂ
ਅੱਖਾਂ ਮੱਲ ਮੱਲ ਆਪਣੇ
ਆਲੇ ਦੁਆਲੇ ਦੇਖਦੀ ਹਾਂ
ਮੈਂ ਆਪਣੇ ਕਮਰੇ ਵਿੱਚ
ਆਪਣੇ ਬਿਸਤਰੇ ਵਿੱਚ ਹਾਂ
ਮੈਂ ਤਾਂ ਬਿਲਕੁਲ ਠੀਕ ਹਾਂ
ਤਦ ਉਹ ਜਿਸਮ ਕੌਣ ਹਨ
ਉਹ ਰੋਂਦੀਆਂ ਚੀਕਦੀਆਂ ਔਰਤਾਂ ਕੌਣ ਹਨ
ਮੈਂ ਘਬਰਾਈ ਉੱਠ ਪਾਣੀ ਪੀਂਦੀ ਹਾਂ
ਮੇਰਾ ਸਾਹ ਘੁੱਟ ਹੋ ਰਿਹਾ ਹੈ
ਉਹਨਾਂ ਜਿਸਮਾਂ ਦੀ ਬਣਤਰ
ਬਿਲਕੁਲ ਮੇਰੇ ਸਰੀਰ ਵਰਗੀ ਹੈ
ਮੈਂ ਆਪਣੇ ਆਪ ਨੂੰ ਚਾਦਰ ਵਿੱਚ ਲਪੇਟਦੀ
ਕਦੀ ਧਰਤੀ ਤੇ ਹੱਥ ਮਾਰਦੀ ਹਾਂ
ਕਦੀ ਅੰਬਰ ਵੱਲ ਬੇਵੱਸ
ਨਜ਼ਰਾਂ ਨਾਲ ਤੱਕਦੀ ਹਾਂ
ਇਹ ਕੈਸਾ ਯੁੱਗ ਹੈ ..
ਜਗਤ ਜਨਣੀ ਦਾ ...
ਆਪਣੇ ਹੀ ਪੂਰਕ ਨਾਲ
ਆਪਣੀ ਹੀ ਹੋਂਦ ਨਾਲ
ਇਹ ਕੈਸਾ ਯੁੱਧ ਹੈ।

## ਕਵਿਤਾਵਾਂ / ਜਸਵੰਤ ਗਿੱਲ ਸਮਾਲਸਰ



### ਮੇਰੀ ਫਿਤਰਤ ਨਹੀਂ

ਮੇਰੀ ਫਿਤਰਤ ਨਹੀਂ ਹੈ
ਉੱਡਦੇ ਪਰਿੰਦਿਆਂ ਨੂੰ
ਪਿੰਜਰੇ 'ਚ
ਕੈਦ ਕਰਨ ਦੀ.....
ਤੂੰ ਅਜ਼ਾਦ ਏਂ
ਇਹ ਧਰਤੀ ਇਹ ਅਸਮਾਨ
ਸਭ ਤੇਰੇ ਨੇ....
ਤੂੰ ਉਡਾਰੀ ਭਰ
ਤੇਰੇ ਪਰ ਕੱਟਾਂ
ਮੈਂ ਕੋਈ ਸ਼ਿਕਾਰੀ ਨਹੀਂ।

### ਅਸੀਂ ਕੁੜੀਆਂ

ਜੇ ਅਸੀਂ
ਚੁੰਨੀ ਨਹੀਂ ਲੈਂਦੀਆਂ
ਦੱਬਕੇ ਨਹੀਂ ਸਹਿੰਦੀਆਂ
ਤਾਂ ਤੁਹਾਨੂੰ
ਵਿਰਸਾ ਯਾਦ ਆਉਂਦਾ

ਜੇ ਅਸੀਂ
ਸੂਟ ਨਹੀਂ ਪਾਉਂਦੀਆਂ
ਅੱਥਰੂ ਨਹੀਂ ਵਹਾਉਂਦੀਆਂ
ਤਾਂ ਤੁਹਾਨੂੰ
ਸਭਿਆਚਾਰ ਸਤਾਉਂਦਾ

ਜੇ ਅਸੀਂ
ਧੌਣ ਉੱਚੀ ਕਰਕੇ ਤੁਰਦੀਆਂ
ਨਦੀਆਂ ਵਾਂਗੂੰ ਮੁੜਦੀਆਂ
ਤਾਂ ਤੁਹਾਨੂੰ
ਸਮੁੰਦਰ ਡਰਾਉਂਦਾ

ਜੇ ਅਸੀਂ
ਅਜ਼ਾਦੀ ਲਈ ਲੜਦੀਆਂ
ਹੱਕਾਂ ਦੀ ਗੱਲ ਕਰਦੀਆਂ
ਤਾਂ ਤੁਹਾਡਾ
ਬੜਾ ਮਨ ਘਬਰਾਉਂਦਾ

ਜੇ ਅਸੀਂ
ਹਿੱਸੇ ਦਾ ਅੰਬਰ ਮੰਗਦੀਆਂ
ਕੋਈ ਹੁਰਮਤੀ ਨਾ ਕਰਦੀਆਂ
ਤਾਂ ਪੈਰ ਤੁਹਾਡਾ
ਧਰਤੀ ਨਾ ਭਾਉਂਦਾ

ਜੇ ਅਸੀਂ
ਸਮਾਜ ਲਈ ਲਲਕਾਰ ਹਾਂ
ਅਜ਼ਾਦੀ ਲਈ ਵੰਗਾਰ ਹਾਂ
ਤਾਂ ਤੁਹਾਡਾ ਮਰਦਪੁਣਾ
ਕਿਉਂ ਅੱਥਰੂ ਵਹਾਉਂਦਾ।

### ਜਿਸਮ ਦਾ ਆਕਾਰ

ਹਰ ਰੋਜ਼ ਹੁੰਦੇ ਬਾਥਰੂਮਾਂ ਵਿੱਚ
ਬਲਾਤਕਾਰਾਂ ਦੀਆਂ ਚੀਕਾਂ
ਵਹਿ ਜਾਂਦੀਆਂ ਨੇ
ਪਾਣੀ ਦੇ ਵਹਾਅ ਨਾਲ
ਤੇ ਕੰਧਾਂ ਉੱਤੇ ਰਹਿ ਜਾਂਦੈ
ਮੇਰੇ ਮਹਾਨ ਭਾਰਤ ਦਾ ਨਕਸ਼ਾ
ਤੇ ਤੁਸੀਂ ਇਸ ਨਕਸ਼ੇ 'ਚੋਂ
ਲੱਭ ਨਹੀਂ ਸਕਦੇ
ਥਾਂ-ਥਾਂ 'ਤੇ ਖਿਲਰੀ ਹੋਈ
ਗੰਦੀ ਸੋਚ ਦੇ ਛਿੱਟੇ.......

ਕਾਨੂੰਨ ਸਬੂਤ ਮੰਗਦਾ ਹੈ
ਤੇ ਖਿਆਲਾਂ ਦੀਆਂ ਉਡਾਰੀਆਂ
ਸਿਰਫ਼ ਜਿਸਮ ਦਾ
ਆਕਾਰ ਮਿਣਦੀਆਂ ਨੇ.......।

## ਗ਼ਜ਼ਲ / ਅਨੂਪ ਇੰਦਰ ਅਨੂਪ

ਤਲੀਆਂ ਤੇ ਚੋਗ ਰੱਖਦੈ
ਮੋਢੇ ਤੇ ਜਾਲ ਰੱਖਦੈ
ਹਾਕਮ ਪਰਿੰਦਿਆਂ ਦਾ
ਕਿੰਨਾ ਖ਼ਿਆਲ ਰੱਖਦੈ

ਮਨ ਵਿੱਚ ਅਜੇ ਹਨੇਰਾ
ਰੱਖਿਆ ਹੈ ਉਸ ਬਥੇਰਾ
ਐਪਰ ਬਨੇਰਿਆਂ ਤੇ
ਦੀਵੇ ਵੀ ਬਾਲ ਰੱਖਦੈ

ਡਿੱਗਦਾ ਨਾ ਇੱਕ ਵੀ ਤਾਰਾ
ਤਕਿਆ ਇਹ ਨਿੱਤ ਨਜ਼ਾਰਾ
ਕਿੱਦਾਂ ਟਿਕਾ ਕੇ ਅੰਬਰੀਂ
ਪੁੱਠਾ ਉਹ ਥਾਲ ਰੱਖਦੈ

ਸੱਤਾ 'ਚ ਜੋ ਵੀ ਆਵੇ
ਰਾਵਣ ਜਿਹਾ ਹੋ ਜਾਵੇ
ਕੁਰਸੀ ਦੇ ਨਾਲ ਬੰਨ੍ਹ ਕੇ
ਹਰਦਮ ਹੀ ਕਾਲ ਰੱਖਦੈ

ਟੇਢੀ ਜਿਹੀ ਪੱਗ ਸਜਾ ਕੇ
ਦਾਹੜੀ ਨੂੰ ਰੰਗ ਲਗਾ ਕੇ
ਵੇਖੋ ਜਵਾਨ ਖ਼ੁਦ ਨੂੰ
ਕਿੰਨੇ ਕੁ ਸਾਲ ਰੱਖਦੈ

ਸੋਚਾਂ ਜ਼ਮੀਰ ਵੇਚਾਂ
ਕਰ ਲੀਰ ਲੀਰ ਵੇਚਾਂ
ਐਪਰ ਬੜੇ ਹੀ ਓਹਲੇ
ਸਾਡਾ ਦਲਾਲ ਰੱਖਦੈ



ਦੇਸ਼ਾਂ ਵਿੱਚ ਜੰਗਾਂ ਦਾ ਕਾਰਨ ਸਾਮਰਾਜਵਾਦੀ ਸੋਚ ਹੁੰਦੀ ਹੈ। ਸਾਮਰਾਜਵਾਦੀ ਨੀਤੀ ਅਧੀਨ ਤਾਕਤਵਰ ਦੇਸ਼ ਆਪਣੀ ਸ਼ਕਤੀ ਨੂੰ ਵਧਾਉਣ ਲਈ ਹੋਰ ਦੇਸ਼ਾਂ ਦੇ ਕੁਦਰਤੀ ਸਾਧਨਾਂ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਲਈ ਉਹ ਕਈ ਤਰ੍ਹਾਂ ਦੇ ਹਥਕੰਡੇ ਅਪਣਾਉਂਦਿਆਂ ਜਿਵੇਂ ਰਾਜਨੀਤਿਕ, ਆਰਥਿਕ ਤੇ ਸਭਿਆਚਾਰਕ ਪੱਖ ਤੋਂ ਦੂਜੇ ਦੇਸ਼ਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਇੱਕ ਦੇਸ਼ ਵੱਲੋਂ ਦੂਜੇ ਦੇਸ਼ 'ਤੇ ਅਧਿਕਾਰ ਸਥਾਪਿਤ ਕਰਨ ਜਾਂ ਆਪਣੇ ਉਦੇਸ਼ਾਂ ਦੀ ਪੂਰਤੀ ਹਿੱਤ ਲਈ ਜ਼ਬਰਦਸਤੀ ਕਰਦਿਆਂ ਸੈਨਿਕ ਕਾਰਵਾਈ ਵੀ ਕੀਤੀ ਜਾਂਦੀ ਹੈ। ਲੈਨਿਨ ਅਨੁਸਾਰ, "ਜੰਗ ਸਿਰਫ਼ ਦੂਜੇ (ਭਾਵ ਹਿੰਸਕ) ਸਾਧਨਾਂ ਦੁਆਰਾ ਰਾਜਨੀਤੀ ਦੀ ਨਿਰੰਤਰਤਾ ਹੈ। ਜੰਗ ਦੌਰਾਨ ਹਿੰਸਕ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਦੁਸ਼ਮਣ ਦੇਸ਼ 'ਤੇ ਦਬਦਬਾ ਬਣਾਇਆ ਜਾ ਸਕੇ।" 1

ਜੰਗ ਦੇ ਨਤੀਜਿਆਂ ਵਿੱਚੋਂ ਭਿਆਨਕ ਰੂਪ ਮਨੁੱਖ ਜਾਤੀ ਦੀ ਨਸਲਕੁਸ਼ੀ ਹੈ। ਹਰ ਜੰਗ ਦੇ ਨਤੀਜੇ ਵਜੋਂ ਦੇਸ਼ ਦਾ ਰਾਸ਼ਟਰੀ ਝੰਡਾ ਪਾ ਕੇ ਡੱਬੇ ਵਿੱਚ ਬੰਦ ਹੋ ਕੇ ਆਉਂਦੀ ਲਾਸ਼ ਇੱਕ ਫੌਜੀ ਦੀ ਹੋਣ ਦੇ ਨਾਲ ਇਕ ਆਮ ਮਨੁੱਖ ਦੀ ਵੀ ਹੁੰਦੀ ਹੈ। ਜੰਗ ਦੌਰਾਨ ਦੇਸ਼ਾਂ ਦੇ ਰਾਜਨੀਤਿਕ ਨੇਤਾ ਵੱਡੇ-ਵੱਡੇ ਬਿਆਨ ਦਿੰਦੇ ਹਨ। ਉਹ ਜੰਗਾਂ ਹੋਣ ਪਿਛੇ ਆਪਣੇ ਦੇਸ਼ ਦੇ ਹਿੱਤਾਂ ਤੇ ਸੁਰੱਖਿਆ ਨੂੰ ਮਹੱਤਤਾ ਦਿੰਦੇ ਹਨ। "ਏਦਾਂ ਜੰਗਾਂ ਨਾ ਤਾਂ ਆਪਮੁਹਾਰੀਆਂ ਭੜਕਦੀਆਂ ਹਨ ਤੇ ਨਾ ਹੀ ਸ੍ਵੈ-ਚਾਲਿਤ ਰੂਪ ਵਿੱਚ; ਉਹ ਤਾਂ ਸਾਮਰਾਜੀ ਰਾਜਾਂ ਦੀਆਂ ਸਰਕਾਰਾਂ ਤੇ ਨਿਸ਼ਚਿਤ ਪਾਰਟੀਆਂ ਦੁਆਰਾ ਗਿਣ ਮਿਥ ਕੇ ਤਿਆਰੀ ਕਰ ਕੇ ਲਾਈਆਂ ਜਾਂਦੀਆਂ ਹਨ।" 2

ਭਾਵੇਂ ਕਿ ਫੌਜ ਵਿੱਚ ਭਰਤੀ ਸੈਨਿਕ ਦੇਸ਼ ਦੀ ਸੁਰੱਖਿਆ ਹਿੱਤ ਹੀ ਭਰਤੀ ਹੁੰਦੇ ਹਨ। ਦੇਸ਼ ਆਪਣੇ ਹਿੱਤਾਂ ਦੀ ਖਾਤਰ ਜੰਗ ਲੜਦੇ ਹਨ ਪ੍ਰੰਤੂ ਇਨ੍ਹਾਂ ਜੰਗਾਂ ਦਾ ਅੰਤ ਸਮਝੌਤੇ ਦੇ ਮੇਜ਼ ਉਪਰ ਹੀ ਹੁੰਦਾ ਹੈ। ਦੇਸ਼ ਵਿੱਚ ਸ਼ਾਂਤੀ ਸਥਾਪਿਤ ਕਰਨ ਦੀ ਪ੍ਰਕਿਰਿਆ ਵਿੱਚ ਰਾਜਸੀ ਨੇਤਾਵਾਂ ਦਾ ਵਿਸ਼ੇਸ਼ ਰੋਲ ਹੁੰਦਾ ਹੈ। ਜੰਗ ਦੌਰਾਨ ਸ਼ਹੀਦ ਹੋਣ ਵਾਲੇ ਸੈਨਿਕਾਂ ਨੂੰ ਰਾਜਸੀ ਨੇਤਾ ਬਹਾਦਰੀ ਦੇ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਤ ਕਰਨ ਤੱਕ ਸੀਮਤ ਹੁੰਦੇ ਹਨ। ਸੈਨਿਕ ਦੀ ਸ਼ਹਾਦਤ ਕਰਕੇ ਪਰਿਵਾਰ ਦੇ ਕੀਰਨੇ, ਮੁਸੀਬਤਾਂ ਘਰ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੇ ਹਨ। ਜੰਗ ਦੌਰਾਨ ਦੋਵਾਂ ਦੇਸ਼ਾਂ ਨੂੰ ਹੀ ਨੁਕਸਾਨ ਝੱਲਣਾ ਪੈਂਦਾ ਹੈ। ਸ਼ਹੀਦ ਹੋਣ ਵਾਲੇ ਸੈਨਿਕ ਕਿਸੇ ਰਾਜਸੀ ਨੇਤਾ ਦੇ ਘਰ ਦੇ ਜੀਅ ਜਾਂ ਰਿਸ਼ਤੇਦਾਰ ਨਹੀਂ ਹੁੰਦੇ ਹਨ। ਇਸੇ ਕਰਕੇ ਉਨ੍ਹਾਂ ਨੂੰ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਦੇ ਦਰਦ ਦਾ ਅਹਿਸਾਸ ਨਹੀਂ ਹੁੰਦਾ ਹੈ।

ਜਸਬੀਰ ਭੁੱਲਰ ਨੇ ਜੰਗ ਦੀ ਹਿੰਸਕ ਕਾਰਵਾਈ ਪਿੱਛੇ ਰਾਜ ਦੇ ਰਾਜਨੀਤਿਕ ਉਦੇਸ਼ਾਂ ਤੇ ਨੇਤਾਵਾਂ ਦੀਆਂ ਚਾਲਾਂ ਦਾ ਪਰਦਾਫਾਸ਼ ਕੀਤਾ ਹੈ। ਰਾਜਨੀਤਿਕ ਨੇਤਾਵਾਂ ਵੱਲੋਂ ਰਾਜ ਦੇ ਪ੍ਰਸ਼ਾਸਨਿਕ ਢਾਂਚੇ ਨੂੰ ਸੰਭਾਲਦੇ ਸਮੇਂ ਦੇਸ਼ ਦੇ ਹਿੱਤਾਂ ਨੂੰ ਪ੍ਰਮੁੱਖਤਾ ਦਿੰਦੇ ਹੋਏ ਜੰਗਾਂ ਯੁੱਧਾਂ ਦਾ ਐਲਾਨ ਕੀਤਾ ਜਾਂਦਾ ਹੈ। ਜੰਗ ਵਿਨਾਸ਼ਕਾਰੀ ਤੱਤ ਵੀ ਆਪਣੇ ਅੰਦਰ ਸਮੇਟਦਾ ਹੈ। ਜਦੋਂ ਜੰਗ ਲੜੀ ਜਾਂਦੀ ਹੈ ਤਾਂ ਹਿੰਸਕ ਕਾਰਵਾਈ ਹੁੰਦੀ ਹੈ ਕਿਉਂਕਿ ਦੁਸ਼ਮਣੀ ਦੇ ਭਾਵ ਅਧੀਨ ਰਾਜਨੀਤਿਕ ਉਦੇਸ਼ਾਂ ਦੀ ਪੂਰਤੀ ਹਿੱਤ ਦੂਜੇ ਦੇਸ਼ ਦਾ ਸਫਾਇਆ ਕਰਨਾ ਜ਼ਰੂਰੀ ਹੁੰਦਾ ਹੈ। ਕਲਾਜ਼ਵਿਟਜ਼ ਆਪਣੀ ਪੁਸਤਕ 'ਆਨ ਵਾਰ' ਵਿੱਚ ਕਹਿੰਦਾ ਹੈ ਕਿ "ਯੁੱਧ ਇੱਕ ਐਸੀ ਹਿੰਸਾਤਮਿਕ ਕ੍ਰਿਆ ਹੈ। ਜਿਸਦਾ ਪ੍ਰਯੋਗ ਦੁਸ਼ਮਣ ਨੂੰ ਆਪਣੀ ਇੱਛਾ ਮਨਵਾਉਣ ਲਈ ਕੀਤਾ ਜਾਂਦਾ ਹੈ।" 3

ਜੰਗ ਲੱਗਣ ਪਿੱਛੇ ਰਾਜਨੀਤਿਕ ਉਦੇਸ਼ ਹੁੰਦੇ ਹਨ। ਇਸ ਲਈ ਦੁਸ਼ਮਣ ਉਪਰ ਦਬਾਓ ਨੂੰ ਸ਼ਕਤੀ ਪ੍ਰਦਰਸ਼ਨ ਰਾਹੀਂ ਹੀ ਬਣਾਇਆ ਜਾਂਦਾ ਹੈ। ਜਸਬੀਰ ਭੁੱਲਰ ਨੇ ਜੰਗੀ ਕਾਰਵਾਈ ਵਾਪਰਨ ਪਿਛੇ ਰਾਜ ਦੇ ਉਦੇਸ਼ਾਂ ਤੇ ਰਾਜਨੀਤਿਕ ਨੇਤਾਵਾਂ ਦੀਆਂ ਚਾਲਾਂ ਨੂੰ ਵਿਅੰਗਮਈ ਰੂਪ ਵਿੱਚ ਉਭਾਰਿਆ ਹੈ।

ਜਸਬੀਰ ਭੁੱਲਰ ਨੇ ਆਪਣੀਆਂ ਕਹਾਣੀਆਂ 'ਮਰਨ ਮਿੱਟੀ', 'ਹੱਥਾਂ ਵਿੱਚੋਂ ਤਿਲਕਿਆ ਸੂਰਜ', 'ਪੌਦਿਆਂ ਵਾਂਗ ਉੱਗੇ ਜਿਸਮ' ਵਿੱਚ ਰਾਜਨੀਤਿਕ ਨੇਤਾਵਾਂ ਦੇ ਉਦੇਸ਼ਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। 'ਮਰਨ ਮਿੱਟੀ' ਕਹਾਣੀ ਵਿੱਚ 'ਮੈਂ' ਪਾਤਰ ਰਾਹੀਂ ਬਿਰਤਾਂਤ ਸਿਰਜਿਆ ਹੈ। 'ਮੈਂ' ਪਾਤਰ ਜੋ ਜੰਗ ਦੀ ਭਿਆਨਕਤਾ ਦੇ ਮਾਹੌਲ ਵਿੱਚ ਵਿਚਰਦਾ ਅੱਗੇ ਵਧਦਾ ਜਾ ਰਿਹਾ ਹੈ। 'ਮੈਂ' ਪਾਤਰ ਜੰਗ ਦੇ ਮੁਹਾਜ਼ ਵੱਲ ਕੂਚ ਕਰਦਾ ਹੋਇਆ ਇਸ ਪਿੱਛੇ ਛੁਪੇ ਕਾਰਨਾਂ ਨੂੰ ਪਛਾਣਨ ਦੀ ਕੋਸ਼ਿਸ਼ ਕਰਦਾ ਹੈ। ਜੰਗ ਦੇ ਵਾਪਰਨ ਪਿਛੇ ਰਾਜਨੀਤਿਕ ਹਾਲਾਤ ਬਣਦੇ ਹਨ। ਸੈਨਿਕਾਂ ਨੂੰ ਹਿੰਸਕ ਕਾਰਵਾਈ ਲਈ ਉਪਰੋਂ ਹੁਕਮ ਦੀ ਤਾਕੀਦ ਕੀਤੀ ਜਾਂਦੀ ਹੈ। ਕਹਾਣੀ ਵਿੱਚ 'ਮੈਂ' ਪਾਤਰ ਲੜਾਈ ਦੇ ਮਾਹੌਲ ਵਿੱਚ ਸਾਥੀਆਂ ਨੂੰ ਬਾਰੂਦੀ ਸੁਰੰਗਾਂ ਦੇ ਫਟਣ ਨਾਲ ਮਰਦਿਆਂ ਦੇਖਦਾ ਹੈ। ਕਹਾਣੀ ਵਿੱਚ ਜਸਬੀਰ ਭੁੱਲਰ ਨੇ 'ਮੈਂ' ਪਾਤਰ ਰਾਹੀਂ ਜੰਗ ਦੀ ਭਿਆਨਕਤਾ, ਫੌਜੀਆਂ ਦੇ ਮਨ ਅੰਦਰਲੇ ਸਹਿਮ, ਲੜਾਈ ਦੌਰਾਨ ਜਾਂਦੀਆਂ ਕੀਮਤੀ ਮਨੁੱਖੀ ਜਾਨਾਂ ਸਬੰਧੀ ਪੇਸ਼ਕਾਰੀ ਕੀਤੀ ਹੈ।

ਇਸ ਤਰ੍ਹਾਂ ਦੀ ਸਥਿਤੀ ਇਕ ਦੇਸ਼ ਵਿੱਚ ਹੀ ਨਹੀਂ ਬਲਕਿ ਵਿਰੋਧੀ ਦੇਸ਼ਾਂ ਵਿੱਚ ਸੈਨਿਕਾਂ ਨਾਲ ਵੀ ਅਜਿਹਾ ਵਾਪਰਦਾ ਹੈ। ਕਹਾਣੀ ਵਿੱਚ 'ਮੈਂ' ਪਾਤਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਪਿਆ ਹੈ ਪ੍ਰੰਤੂ ਉਹ ਬੇਹੋਸ਼ੀ ਦੀ ਹਾਲਤ ਵਿੱਚ ਚੀਕਦਾ ਹੈ ਉਸ ਨੂੰ ਅਰਧ ਚੇਤਨ ਅਵਸਥਾ ਵਿੱਚ ਅਹਿਸਾਸ

ਹੁੰਦਾ ਹੈ ਕਿ ਚੂਹਾ ਉਸਦੀਆਂ ਬਾਹਾਂ ਕੁਤਰਦਾ ਹੈ। 'ਮੈਂ' ਪਾਤਰ ਦੁਸ਼ਮਣ ਦੇਸ਼ ਦੇ ਸੈਨਿਕਾਂ ਨੂੰ ਆਪਣਾ ਦੁਸ਼ਮਣ ਨਹੀਂ ਸਮਝਦਾ ਹੈ। ਉਹ ਦੋਵਾਂ ਦੇਸ਼ਾਂ ਦੇ ਸੈਨਿਕਾਂ ਨੂੰ ਲੜਾਉਣ ਵਾਲੇ ਨੂੰ ਇਨਸਾਨੀਅਤ ਦਾ ਦੁਸ਼ਮਣ ਵਜੋਂ ਪਛਾਣਦਾ ਹੈ। ਕਹਾਣੀ ਦੀਆਂ ਸਤਰਾਂ ਦੇਸ਼ਾਂ ਵਿੱਚ ਆਪਸੀ ਦੁਸ਼ਮਣੀ ਦੇ ਪਿਛੇ ਲੁਪਤ ਚਿਹਰੇ ਦੀ ਪਛਾਣ ਦੱਸਦੀਆਂ ਹਨ :

"ਮੈਂ ਸਿਰ ਹਿਲਾ ਹਿਲਾ ਕੇ ਨਾਲ ਦੇ ਮੰਜੇ ਵਾਲੇ ਜ਼ਖ਼ਮੀ ਨੂੰ ਸੁਚੇਤ ਕਰਨ ਦਾ ਜਤਨ ਕੀਤਾ। ਹੁਣ ਕੋਈ ਫ਼ਰਕ ਨਹੀਂ ਪੈਂਦਾ ਕਿ ਨਾਲ ਦੇ ਮੰਜੇ ਵਾਲਾ ਜ਼ਖ਼ਮੀ ਆਪਣੇ ਦੇਸ਼ ਦਾ ਸੀ ਕਿ ਦੁਸ਼ਮਣ ਦੇਸ਼ ਦਾ। ਹੁਣ ਉਹ ਸਿਰਫ਼ ਇੱਕ ਜ਼ਖ਼ਮੀ ਸਿਪਾਹੀ ਸੀ। ਹੁਣ ਉਹ ਦੁਸ਼ਮਣ ਨਹੀਂ ਸੀ। ਦੁਸ਼ਮਣ ਸਾਡਾ ਸਾਂਝਾ ਸੀ। ਦੁਸ਼ਮਣ ਇਕ ਮੋਟਾ ਚੂਹਾ ਸੀ। ਚੂਹੇ ਦਾ ਕੋਈ ਮੁਲਕ ਨਹੀਂ ਹੁੰਦਾ। ਉਹ ਮੈਨੂੰ ਕੁਤਰਨ ਪਿਛੋਂ ਉਹਦੇ 'ਤੇ ਜਾ ਚੜ੍ਹੇਗਾ। ਉਹ ਨੂੰ ਕੁਤਰੇਗਾ। ਚੂਹੇ ਨੂੰ ਆਪਣੇ ਖਾਣ ਲਈ ਮਾਸ ਚਾਹੀਦਾ ਸੀ, ਲਹੂ ਚਾਹੀਦਾ ਸੀ। ਕਹਿਣ ਨੂੰ ਅਸੀਂ ਦੋਵੇਂ ਹੀ ਉਹਨੂੰ ਆਪਣਾ ਚੂਹਾ ਕਹਿ ਸਕਦੇ ਸਾਂ, ਖਾ ਖਾ ਪਲਿਆ ਹੋਇਆ ਚੂਹਾ।" 4

ਉਪਰੋਕਤ ਸਤਰਾਂ ਤੋਂ ਸਪੱਸ਼ਟ ਹੈ ਕਿ ਕਹਾਣੀ ਵਿੱਚ ਵਿਅੰਗਮਈ ਰੂਪ ਵਿੱਚ 'ਚੂਹਾ' ਸ਼ਬਦ ਪ੍ਰਤੀਕਮਈ ਅਰਥਾਂ ਵਿੱਚ ਸਾਂਝੇ ਦੁਸ਼ਮਣ ਭਾਵ ਸੱਤਾਧਾਰੀ ਧਿਰ ਵਜੋਂ ਪੇਸ਼ ਹੁੰਦਾ ਹੈ। ਦੇਸ਼ਾਂ ਵਿੱਚ ਆਪਸੀ ਦੁਸ਼ਮਣੀ ਦੇ ਭਾਵ ਰਾਜਸੀ ਸੱਤਾ ਵਿੱਚੋਂ ਹੀ ਨਿਕਲਦੇ ਹਨ। ਇਹ ਰਾਜਸੀ ਨੇਤਾ ਆਪਣੇ ਸੁਆਰਥੀ ਹਿੱਤਾਂ ਨੂੰ ਪੂਰਾ ਕਰਨ ਲਈ ਲੋਕਾਂ ਨੂੰ ਆਪਸ ਵਿੱਚ ਲੜਾਉਂਦੇ ਹਨ। ਜਸਬੀਰ ਭੁੱਲਰ ਨੇ ਦੁਸ਼ਮਣ ਦੇਸ਼ਾਂ ਨੂੰ ਲੜਾਉਂਦੀਆਂ ਰਾਜਸੀ ਤਾਕਤਾਂ ਨੂੰ ਕੇਂਦਰਿਤ ਕੀਤਾ ਹੈ।

'ਹੱਥਾਂ ਚੋਂ ਤਿਲਕਿਆ ਸੂਰਜ' ਕਹਾਣੀ ਵੀ ਦੁਸ਼ਮਣ ਦੇਸ਼ਾਂ ਦੇ ਸੈਨਿਕਾਂ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਕਹਾਣੀ ਵਿੱਚ 'ਮੈਂ' ਪਾਤਰ ਲੜਾਈ ਪਿਛੋਂ ਜ਼ਖ਼ਮੀ ਸੈਨਿਕਾਂ ਨਾਲ ਜ਼ਖਮੀ ਹਾਲਤ ਵਿੱਚ ਅੰਮ੍ਰਿਤਸਰ ਸ਼ਹਿਰ ਤੋਂ ਦਿੱਲੀ ਦੇ ਮਿਲਟਰੀ ਹਸਪਤਾਲ ਰੇਲ ਗੱਡੀ ਰਾਹੀਂ ਜਾ ਰਿਹਾ ਹੈ। ਉਸ ਦੇ ਮਨ ਅੰਦਰ ਦੁਸ਼ਮਣ ਦੇਸ਼ ਦੇ ਜ਼ਖ਼ਮੀ ਸੈਨਿਕ ਨੂੰ ਮਿਲਣ ਦਾ ਵਿਚਾਰ ਆਉਂਦਾ ਹੈ।

ਉਹ ਦੁਸ਼ਮਣ ਦੇਸ਼ ਦੇ ਜ਼ਖ਼ਮੀ ਸੈਨਿਕ ਦੇ ਡੱਬੇ ਵਿੱਚ ਜਾਂਦਾ ਹੈ। ਦੁਸ਼ਮਣ ਦੇਸ਼ਾਂ ਦੇ ਦੋਵਾਂ ਸੈਨਿਕਾਂ ਵਿੱਚ ਆਪਸੀ ਗੱਲਬਾਤ, ਪਰਿਵਾਰਿਕ ਗੱਲਾਂ, ਪ੍ਰੇਮਿਕਾਵਾਂ, ਪਤਨੀਆਂ ਲਈ ਪਿਆਰ ਭਾਵ ਇਕੋ ਜਿਹੇ ਹੁੰਦੇ ਹਨ। ਉਨਾਂ ਦੀ ਆਪਸੀ ਵਾਰਤਾਲਾਪ ਵਿੱਚੋਂ ਅਸਲੀ ਦੁਸ਼ਮਣ ਦੀ ਪਛਾਣ ਹੁੰਦੀ ਹੈ :

"ਸਾਡੇ ਲੋਕ ਬੜੇ ਪਿਆਰੇ ਨੇ, ਸ਼ਾਇਦ 'ਅਜੀਬ' ਸ਼ਬਦ ਠੀਕ ਹੈ।" ਮੈਂ ਆਪਣੀ ਥਾਂ ਤੇ ਮੁੜ ਬੈਠਦਿਆਂ ਆਖਿਆ, ਅਸੀਂ ਬੰਦੇ ਮਾਰਦੇ ਹਾਂ ਤੇ ਇਹ ਸਾਡੇ ਗੱਲ ਰੱਸਿਆਂ ਦੀ ਥਾਂ ਹਾਰ ਪਾਉਂਦੇ ਨੇ... । ਹੈ ਨਾ ਅਜੀਬ?

"ਲੋਕ ਸਾਡੇ ਵੀ ਇਹੋ ਜਿਹੇ ਹੀ ਨੇ, ਪਰ ਰੱਸੇ ਫੌਜੀਆਂ ਦੇ ਗਲੀਂ ਕਿਉਂ ਪੈਣ? ਰੱਸੇ ਤਾਂ....।" ਗੱਲ ਕਰਦਿਆਂ ਕਰਦਿਆਂ ਉਸ ਜ਼ਬਾਨ ਦੱਬ ਲਈ।" 5

ਕਹਾਣੀ ਵਿੱਚ ਦੋਵੇਂ ਪਾਤਰਾਂ ਦੀ ਵਾਰਤਾਲਾਪ ਵਿੱਚ ਦੋਵਾਂ ਦੇਸ਼ਾਂ ਦੇ ਅਸਲੀ ਦੁਸ਼ਮਣ ਰਾਜਨੀਤਿਕ ਨੇਤਾ ਹਨ। ਰਾਜਸੀ ਨੇਤਾਵਾਂ ਦੇ ਲਏ ਗਏ ਰਾਜਨੀਤਿਕ ਫ਼ੈਸਲੇ ਜੰਗ ਦਾ ਮਾਹੌਲ ਪੈਦਾ ਕਰਦੇ ਹਨ। ਉਹ ਦੁਸ਼ਮਣ ਦੇਸ਼ਾਂ ਦੇ ਸੈਨਿਕਾਂ ਨੂੰ ਮਾਰਨ ਲਈ ਮਜ਼ਬੂਰ ਕਰਦੇ ਹਨ ਜਿਸ ਲਈ ਹਿੰਸਕ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ। ਜੰਗ ਦੌਰਾਨ ਮਨੁੱਖਤਾ ਦੇ ਖ਼ਾਤਮੇ ਪਿਛੇ ਰਾਜਨੀਤਿਕ ਜ਼ਿੰਮੇਵਾਰ ਹੁੰਦੇ ਹਨ।

ਜਸਬੀਰ ਭੁੱਲਰ ਨੇ ਜਿਥੇ ਦੇਸ਼ਾਂ ਦੀਆਂ ਹਿੰਸਕ ਕਾਰਵਾਈਆਂ ਪਿੱਛੇ ਰਾਜਨੀਤਿਕ ਨੇਤਾਵਾਂ ਦੇ ਉਦੇਸ਼ਾਂ ਨੂੰ ਸਾਹਮਣੇ ਲਿਆਂਦਾ ਹੈ ਉੱਥੇ ਉਸ ਨੇ ਇਨ੍ਹਾਂ ਰਾਜਨੀਤਿਕ ਨੇਤਾਵਾਂ ਦੇ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਕੁਰੱਖ਼ਤ ਰਵੱਈਆ ਵੀ ਪੇਸ਼ ਕੀਤਾ ਹੈ। ਜਸਬੀਰ ਭੁੱਲਰ ਦੀ ਕਹਾਣੀ 'ਪੌਦਿਆਂ ਵਾਂਗ ਉੱਗੇ ਜਿਸਮ' ਵਿੱਚ ਸੂਬੇਦਾਰ ਪਿਆਰਾ ਸਿੰਘ ਜਿਸ ਦੇ ਦੋਵੇਂ ਪੁੱਤਰ ਸ਼ੇਰ ਸਿੰਘ ਤੇ ਪਰਗਟ ਸਿੰਘ ਵਾਰੀ ਵਾਰੀ ਜੰਗ ਵਿੱਚ ਸ਼ਹੀਦ ਹੋ ਜਾਂਦੇ ਹਨ।

ਮਾਂ-ਪਿਤਾ ਲਈ ਪੁੱਤਰਾਂ ਦੀ ਸ਼ਹੀਦੀ ਭਾਵੇਂ ਮਾਣ ਕਰਨ ਦਾ ਕਾਰਨ ਬਣਦੀ ਹੈ ਪ੍ਰੰਤੂ ਖੁਸ਼ੀ ਦਾ ਨਹੀਂ। ਸ਼ਹੀਦ ਸ਼ੇਰ ਸਿੰਘ ਦੀ ਪਤਨੀ ਵਿਧਵਾ ਹੋਣ ਪਿੱਛੋਂ ਸਿਪਾਹੀ ਪਰਗਟ ਸਿੰਘ ਦੀ ਪਤਨੀ ਬਣਦੀ ਹੈ ਪ੍ਰੰਤੂ ਪਰਗਟ ਸਿੰਘ ਦੇ ਸ਼ਹੀਦ ਹੋਣ ਪਿਛੋਂ ਫਿਰ ਵਿਧਵਾ ਹੋ ਜਾਂਦੀ ਹੈ। ਫੌਜ ਵਿੱਚ ਭਰਤੀ ਸੈਨਿਕਾਂ ਪ੍ਰਤੀ ਰਾਜਨੀਤਿਕ ਨੇਤਾਵਾਂ ਦੀ ਸੰਕੀਰਨ ਸੋਚ ਸਾਹਮਣੇ ਆਉਂਦੀ ਹੈ ਜੋ ਸੈਨਿਕਾਂ ਨੂੰ ਮੁਫ਼ਤ ਦਾ ਰਾਸ਼ਣ ਖਾਣ ਵਾਲੇ ਦੱਸਦੇ ਹਨ। ਕਹਾਣੀ ਦੀਆਂ ਸਤਰਾਂ ਸੂਬੇਦਾਰ ਪਿਆਰਾ ਸਿੰਘ ਤੇ ਰਾਜਨੀਤਿਕ ਨੇਤਾ ਦੀ ਵਾਰਤਾਲਾਪ ਵਿੱਚੋਂ ਰਾਜਨੀਤਿਕ ਨੇਤਾਵਾਂ ਦਾ ਸੈਨਿਕਾਂ ਪ੍ਰਤੀ ਦ੍ਰਿਸ਼ਟੀਕੋਣ ਪੇਸ਼ ਹੁੰਦਾ ਹੈ :

"ਹੂੰ! ਉਸ ਲੰਮਾ ਸਾਹ ਲਿਆ, "ਕਿਤਨੀ ਤਨਖਾਹ ਮਿਲ ਜਾਤੀ ਹੈ ਆਪ ਕੋ"?

"ਯਹੀ ਕੋਈ..... ਬਸ ਸਾਹਬ, ਗੁਜ਼ਾਰਾ ਹੋ ਜਾਤਾ ਹੈ।"

"ਅਰੇ ਯਹ ਤਨਖਾਹ ਤੋਂ ਮੁਫ਼ਤ ਕੀ ਹੈ। ਸਰਕਾਰੀ ਰਾਸ਼ਨ ਖਾਤੇ ਹੈ, ਕਰਨੇ ਕੋ ਕੁਛ ਕਾਮ ਨਹੀਂ। ਪਰ ਤਨਖਾਹ ਤੋਂ ਬਹੁਤ ਹੈ ਮੇਰੇ ਭਾਈ।" ਉਸ ਆਖਿਆ ਤੇ ਮੁਸਕਰਾ ਕੇ ਉਹ ਦੇ ਮੋਢੇ 'ਤੇ ਹੱਥ ਰੱਖ ਦਿੱਤਾ।"6

ਵਿਚਾਰਧਾਰਕ ਨੁਕਤੇ ਤੋਂ ਰਾਜ, ਸਰਕਾਰਾਂ ਦੇ ਦ੍ਰਿਸਟੀਕੋਣ ਜੋ ਰਾਜਸੀ ਨੇਤਾਵਾਂ ਦੇ ਨਿੱਜੀ ਹਿੱਤਾਂ ਰਾਹੀਂ ਸਾਹਮਣੇ ਆਉਂਦਾ ਹੈ। ਰਾਜਸੀ ਨੇਤਾ ਜਨਤਾ ਤੋਂ ਵੋਟਾਂ ਪ੍ਰਾਪਤ ਕਰਨ ਹਿੱਤ ਦੂਜੇ ਦੇਸ਼ਾਂ 'ਤੇ ਰਾਜਸੀ ਕਾਰਵਾਈਆਂ ਕਰਦੇ ਹਨ। ਇਹ ਨੇਤਾ ਸੈਨਿਕਾਂ ਨੂੰ ਨਿਕੰਮੇ, ਵਿਹਲੇ ਖਾਣ ਵਾਲੇ

ਦੱਸਦੇ ਹਨ ਪ੍ਰੰਤੂ ਇਹੀ ਨੇਤਾ ਸੈਨਿਕਾਂ ਦੇ ਸ਼ਹੀਦ ਹੋਣ 'ਤੇ ਵਿਖਾਵਾ ਕਰਦੇ ਹੋਏ ਉਨ੍ਹਾਂ ਦੇ ਨਾਂ ਤੇ ਸੜਕਾਂ ਬਣਵਾਉਂਦੇ ਤੇ ਸਨਮਾਨਿਤ ਕਰਦੇ ਹਨ ਪ੍ਰੰਤੂ ਇਹ ਨੇਤਾ ਸੈਨਿਕਾਂ ਦੀਆਂ ਸਮੱਸਿਆਵਾਂ ਤੋਂ ਅਣਜਾਣ ਰਹਿੰਦੇ ਹਨ।

ਉਪੋਰਕਤ ਚਰਚਾ ਤੋਂ ਕਹਿ ਸਕਦੇ ਹਾਂ ਕਿ ਜਸਬੀਰ ਭੁੱਲਰ ਨੇ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਜੰਗ ਦੌਰਾਨ ਹਿੰਸਕ ਕਾਰਵਾਈਆਂ ਦੇ ਜ਼ਿੰਮੇਵਾਰੀ ਸੈਨਿਕਾਂ ਜਾਂ ਵਿਰੋਧੀ ਦੇਸ਼ ਦੇ ਸੈਨਿਕਾਂ ਨੂੰ ਨਹੀਂ ਬਲਕਿ ਜੰਗਾਂ ਜਾਂ ਯੁੱਧਾਂ ਦਾ ਆਦੇਸ਼ ਦੇਣ ਵਾਲੇ ਰਾਜਨੀਤਿਕ ਨੇਤਾਵਾਂ ਨੂੰ ਦਿਖਾਇਆ ਹੈ। ਉਸ ਨੇ ਸਾਰੇ ਦੇਸ਼ਾਂ ਦੇ ਸੈਨਿਕਾਂ ਦੀ ਮਾਨਸਿਕਤਾ ਨੂੰ ਇਕੋ ਜਿਹੀ ਚਿਤਰਿਆ ਹੈ ਕਿਉਂਕਿ ਉਨ੍ਹਾਂ ਦੇ ਜਜ਼ਬਾਤ, ਭਾਵਨਾਵਾਂ, ਹੋਂਦ ਤੇ ਹੋਣੀ ਦੀਆਂ ਸਮੱਸਿਆਵਾਂ ਸਾਂਝੀਆਂ ਹਨ।

### ਹਵਾਲੇ ਅਤੇ ਟਿੱਪਣੀਆਂ


1. ਮਾਰਕਸਵਾਦ ਲੈਨਿਨਵਾਦ, ਜੰਗ ਅਤੇ ਫੌਜ ਬਾਰੇ, ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, 1984, ਪੰਨਾ-18.
2. ਉਹੀ, ਪੰਨਾ-30.
3. ਮੇਜਰ ਜਨਰਲ. ਓ.ਐਸ.ਕਲਕੱਟ, ਪ੍ਰੋ. ਐਸ.ਐਸ. ਸਿੱਧੂ, ਜੰਗ: ਸੰਕਲਪ ਅਤੇ ਵਿਵਿਧ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ-5.
4. ਜਸਬੀਰ ਭੁੱਲਰ, ਅਲੀਬਾਬਾ ਤੇ ਪਾਗਲ ਹਵਾ, ਪੰਨਾ-19. ਆਦਿਕ ਪ੍ਰਕਾਸ਼ਨ ਮੋਹਾਲੀ, ਪਹਿਲੀ ਵਾਰ 1988, ਪੰਨਾ 19
5. ਉਹੀ, ਸੁੱਕੀ ਨਦੀ ਦੇ ਤੈਰਾਕ, ਪੰਨਾ-34, ਅਜੰਤਾ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ 34
6. ਉਹੀ, ਪੌਦਿਆਂ ਵਾਂਗ ਉੱਗੇ ਜਿਸਮ, ਪੰਨਾ-11, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ 1978, ਪੰਨਾ 11



**ਰਿਸਰਚ ਸਕਾਲਰ**
**ਪੰਜਾਬੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**


**ਪਿਆਰੇ ਦੋਸਤੋ ! ਪਿਛਲੇ ਵੀਹਾਂ ਸਾਲਾਂ ਤੋਂ 'ਪ੍ਰਤਿਮਾਨ' ਹਰ ਵਾਰ ਨਵਾਂ ਸੱਜਰਾ ਸਾਹਿਤ ਲੈ ਕੇ ਤੁਹਾਡੇ ਦਰਾਂ ਤੇ ਦਸਤਕ ਦਿੰਦਾ ਹੈ। ਲੇਖਕ/ ਪਾਠਕ ਦੋਸਤਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਆਪਣੇ ਰਚਨਾਤਮਕ ਸਹਿਯੋਗ ਦੇ ਨਾਲ ਆਪਣਾ ਆਰਥਿਕ ਸਹਿਯੋਗ ਵੀ 'ਪ੍ਰਤਿਮਾਨ' ਲਈ ਭੇਜਣ। ਤੁਹਾਡੇ ਸਹਿਯੋਗ ਨਾਲ 'ਪ੍ਰਤਿਮਾਨ' ਦੀ ਉਮਰ ਹੋਰ ਲੰਮੇਰੀ ਹੋਵੇਗੀ। ਪਰਚਾ ਮੁਫ਼ਤ ਭੇਜਣ ਦੀ ਪਰੰਪਰਾ ਬੰਦ ਕੀਤੀ ਜਾ ਰਹੀ ਹੈ। -ਸੰਪਾਦਕ**

## ਦੋ ਕਵਿਤਾਵਾਂ / ਮਧੂ ਤਨਹਾ



### ਭੀੜ ਨੇ ਮੈਨੂੰ

ਭੀੜ ਨੇ ਕੀਤਾ ਮੈਨੂੰ ਨੰਗਿਆਂ
ਨਜ਼ਰ ਆਇਆ ਸਭ ਨੂੰ,
ਮੇਰੇ ਵਰਗੀਆਂ ਹਜ਼ਾਰਾਂ
ਨਾਲ ਰੋਜ਼ ਹੁੰਦਾ ਇਹ ਕਾਰਾ,
ਜੋ ਕਰਦੇ ਨੇ ਉਸਦੇ ਆਪਣੇ...
ਜੋ ਸਮਝਦੇ ਨੇ ਔਰਤ ਨੂੰ
ਸਿਰਫ ਇੱਕ ਜਿਸਮ...

### ਕੌਣ??

ਆ ਵਿਖਾਵਾਂ...
ਉਹ ਪਿਓ, ਜੋ ਇੱਜ਼ਤ ਦੀ ਖਾਤਰ,
ਕੋਹ ਕੋਹ ਕੇ ਮਾਰਦੇ ਧੀਆਂ...
ਓਹ ਭਰਾ,
ਜੋ ਜ਼ਮੀਨਾਂ ਆਪਣੇ ਨਾਂ ਲਵਾਂ ਵੀ,
ਬਣਦੇ ਨਹੀਂ ਪੇਕੇ... ਉਹ ਪ੍ਰੇਮੀ,
ਜੋ ਮੁਹੱਬਤ ਨੂੰ ਅਪਣਾਉਣ ਦੀ ਬਜਾਏ,
ਬਣਾ ਕੇ ਰੱਖਦੇ ਰਖੇਲ...
ਉਹ ਖ਼ਸਮ,
ਜੋ ਵਿਆਹ ਕੇ ਜਿਸਮ,
ਛੱਡ ਦਿੰਦੇ ਰੂਹਾਂ ਕੁਆਰੀਆਂ... ਉਹ ਪੁੱਤ,
ਜੋ ਲੁਹਾ ਲੈਂਦੇ ਵਰੀ ਦੀਆਂ ਵਾਲੀਆਂ,
ਨਸ਼ੇ ਦੀ ਇੱਕ ਪੁੜੀ ਖਾਤਰ...
ਜੇ ਤੂੰ ਵੀ ਏਂ ਆਪਣੇ ਘਰ 'ਚ,
ਇਹ ਪਿਓ, ਭਰਾ, ਪ੍ਰੇਮੀ, ਖ਼ਸਮ ਜਾਂ ਪੁੱਤ..
ਫਿਰ ਤੂੰ ਨਾ ਕਰ ਮੇਰੇ ਨਾਲ ਹੋਈ ਦਾ ਵਿਰੋਧ,
ਜਾਹ, ਤੂੰ ਆਪਣੇ ਤੋਂ ਸ਼ੁਰੂ ਕਰ,
ਔਰਤ ਨੂੰ ਇਨਸਾਨ ਸਮਝਣ ਦੀ ਪੜ੍ਹਾਈ...

## ਕਵਿਤਾਵਾਂ / ਵਸੰਤ ਸਕਰਗਾਏ



### ਅੱਖਾਂ ਦੀ ਰੋਸ਼ਨੀ


ਬਿਜਲੀ ਦੀ ਛੱਡੋ
ਦੀਵਾ ਬੱਤੀ ਵੀ ਕਿੱਥੇ ਹੁੰਦੀ ਸੀ
ਠੀਕ-ਠਾਕ
ਹਵਾ ਦਾ
ਤੇਜ਼ ਬੁੱਲਾ ਆਉਂਦਾ ਸੀ
ਤਾਂ ਭਬਕ ਪੈਂਦੀ ਸੀ ਕੰਦੀਲ
ਬੁਝ ਜਾਂਦੀ ਸੀ
ਟਿਮਟਿਮਾਉਂਦੇ ਦੀਵੇ ਦੀ ਲੋਅ
ਗੱਲ ਚਾਂਦਨੀਆਂ ਰਾਤਾਂ ਦੀ ਨਹੀਂ
ਕ੍ਰਿਸ਼ਨ ਪੱਖ ਦੀਆਂ
ਹਨ੍ਹੇਰੀਆਂ ਰਾਤ ਵਿੱਚ ਵੀ
ਰਸਤਾ ਸੁਝਾਉਂਦੇ ਨੇ
ਟਿਮਟਿਮਾਉਂਦੇ ਤਾਰੇ
ਕੋਈ ਹਰਜ ਨਹੀਂ ਕਿ
ਕਾਲੇ ਕਜਰਾਰੇ ਬੱਦਲਾਂ ਨੇ
ਢਕ ਰੱਖਿਆ ਹੈ
ਤਾਰਿਆਂ ਨੂੰ ਅੱਜ
ਬਸ ਅੱਖਾਂ ਨੂੰ
ਥੋੜੀ ਜਿਹੀ ਤਜਵੀਜ਼ ਕਰਨੀ ਹੈ
ਛੱਡੋ ਬਿਜਲੀ ਦੀ ਚਕਾਚੌਂਧ
ਹਨ੍ਹੇਰੇ ਦੇ ਹਨ੍ਹੇਰੇ ਵਿੱਚ ਵੀ
ਆਦਮੀ ਕਦੇ ਨਹੀਂ ਭਟਕਦਾ
ਪਰਤ ਆਉਂਦਾ ਹੈ ਘਰ
ਆਦਮੀ ਦੀਆਂ ਅੱਖਾਂ ਦੀ
ਰੋਸ਼ਨੀ ਤੋਂ ਵੱਧ
ਜ਼ਿਆਦਾ ਤੇਜ਼ ਤਾਂ ਨਹੀਂ
ਸੂਰਜ ਚੰਦ ਤੇ
ਬਿਜਲੀ ਦੀ ਰੋਸ਼ਨੀ।

### ਪਿਘਲਣਾ

ਫੌਜ ਦੇ ਹਵਾਲੇ ਹੈ ਸ਼ਹਿਰ
ਅਤੇ ਹੁਕਮ ਹੈ
ਦੇਖਦੇ ਹੀ ਗੋਲੀ ਮਾਰਨ ਦਾ
ਘਰ ਵਿੱਚ ਕੈਦ
ਘੁਟਣ ਤੋਂ
ਉਕਤਾਇਆ ਇੱਕ ਬੱਚਾ
ਹੌਲੀ ਜਿਹੀ ਖੋਲ੍ਹਦਾ ਹੈ ਦਰਵਾਜਾ
ਤੇ ਦੌੜ ਪੈਂਦਾ ਹੈ ਸੜਕ ਤੇ
ਟਰਿੱਗਰ ਤੋਂ
ਉਂਗਲੀ ਚੁੱਕਦਾ ਹੈ
ਤੇ ਬੱਚੇ ਨੂੰ ਦੇਖ ਕੇ
ਮੁਸਕਰਾਉਂਦਾ ਹੈ ਸੈਨਿਕ।

## ਸੁਪਨਿਆਂ ਵਿੱਚ ਪਿੰਡ / ਕੁਮਾਰ ਕ੍ਰਿਸ਼ਨ

ਸੁਪਨਿਆਂ ਵਿੱਚ ਜਿੰਨੀ ਵਾਰ ਵੀ
ਆਉਂਦਾ ਹੈ ਪਿੰਡ
ਖੁੱਲ੍ਹਣ ਲੱਗਦੇ ਨੇ ਬਚਪਨ ਦੇ
ਸ਼ਰਾਰਤੀ ਪੰਨੇ
ਉਨ੍ਹਾਂ ਵਿੱਚ ਗੂੰਜਣ ਲੱਗਦੀ ਹੈ
ਹਲ ਦੀ ਪੂਜਾ
ਘਰਾਟ ਦੀ ਅਵਾਜ਼
ਮੈਂ ਤੈਰਨ ਲੱਗਦਾ ਹਾਂ
ਪਿੰਡ ਦੇ ਤਲਾਅ ਵਿੱਚ
ਅਚਾਨਕ ਫਸ
ਜਾਂਦਾ ਹਾਂ ਦਲਦਲ ਵਿੱਚ
ਕੁੱਦ ਪੈਂਦੇ ਨੇ ਮੈਨੂੰ
ਬਚਾਉਣ ਲਈ
ਬਚਪਨ ਦੇ ਸਾਰੇ ਦੋਸਤ
ਜੋ ਨਹੀਂ ਜਾਣਦੇ
ਬਿਲਕੁਲ ਵੀ ਤਰਨਾ
ਪੰਜਾਹ ਵਰ੍ਹਿਆਂ ਤੋਂ
ਨਹੀਂ ਬਦਲਿਆ
ਪਿੰਡ ਦਾ ਪਨਘਟ
ਨਹੀਂ ਬਦਲੀਆਂ ਪਿੰਡ ਦੀਆਂ
ਪਗਡੰਡੀਆਂ



ਉਂਜ ਤਾਂ ਹਰ ਸਾਲ
ਬੰਜਰ ਹੋ ਜਾਂਦੇ ਨੇ ਕੁਝ ਖੇਤ
ਫਿਰ ਵੀ ਉਸੇ ਤਰਾਂ
ਵੱਜਦੀ ਹੈ ਅੱਜ ਵੀ
ਪਿੰਡ ਦੇ ਸਕੂਲ ਦੀ ਘੰਟੀ
ਉਸੇ ਤਰਾਂ ਪੜ੍ਹਦੇ ਨੇ ਬੱਚੇ
ਪਾਟੇ ਟਾਟ ਤੇ
ਭਾਰਤ ਦਾ ਇਤਹਾਸ
ਅਕਸਰ ਲੱਗਦੀ ਹੈ
ਡਰਾਉਣ ਸੁਪਨੇ ਵਿੱਚ
ਸਕੂਲ ਮਾਸਟਰ ਦੀ ਅਵਾਜ਼
ਦੱਸੋ ਕਿਉਂ ਕਹਿੰਦੇ ਸਨ ਭਾਰਤ ਨੂੰ
ਸੋਨੇ ਦੀ ਚਿੜੀ
ਇਧਰ ਦੇਖੋ
ਕੰਧ ਤੇ ਟੰਗਿਆ
ਭਾਰਤ ਦਾ ਨਕਸ਼ਾ
ਇਸੇ ਵਿੱਚ ਲੱਭੋ
ਗੰਗਾ ਜਮੁਨਾ ਸਰਸਵਤੀ
ਕੁਰਸੀ ਤੇ ਊਂਘਦੇ
ਅਚਾਨਕ
ਚੀਕ ਪੈਂਦੇ ਨੇ ਮਾਸਟਰ ਜੀ-
ਮਿਲ ਗਈ ਸਰਸਵਤੀ ?
ਡਰਦਾ ਡਰਦਾ ਪੁੱਛ ਲੈਂਦਾ ਹੈ ਨਾਲ
ਵਾਲਾ ਲੜਕਾ
ਮਾਸਟਰ ਜੀ ਸਰਸਵਤੀ ਕਿੱਥੇ ਹੈ
ਕੁਰਸੀ ਤੋਂ ਉੱਠ ਕੇ ਬੋਲਦੇ ਹਨ-
ਮੇਰੀ ਜੇਬ ਵਿੱਚ ਹੈ
ਅਚਾਨਕ ਟੁੱਟ ਜਾਂਦਾ ਹੈ ਸੁਪਨਾ
ਗੁਆਚ ਜਾਂਦਾ ਹੈ
ਸੁਪਨਿਆਂ ਵਿੱਚ ਪਿੰਡ।

**ਅਨੁ: ਅ.ਕ**

## ਕਵਿਤਾਵਾਂ / ਸੰਗੀਤਾ ਕੁਜਾਰਾ ਟਾਕ



### ਪੋਟਲੀ

ਦੁਨੀਆਂ ਦੇ ਸਾਰੇ ਮੈਲੇ ਸ਼ਬਦਾਂ ਨੂੰ
ਇੱਕ ਪੋਟਲੀ ਵਿੱਚ ਬੰਨ੍ਹ ਕੇ
ਛਿਪਾ ਦੇਣਾ ਚਾਹੁੰਦੀ ਹਾਂ
ਆਪਣੇ ਬੱਚਿਆਂ ਤੋਂ

ਇਸ ਤੇ ਕਿੰਨਾ ਕੱਪੜਾ ਲੱਗੇਗਾ
ਪੁਛਦੀ ਹਾਂ ਦੁਕਾਨਦਾਰ ਤੋਂ
ਦੁਕਾਨਦਾਰ ਚੁੱਪ ਹੈ

### ਕ੍ਰਿਆ

ਰੁਣਝੁਣ ਜਿਹੀ
ਸੁਰਮਈ ਸ਼ਾਮ ਸੀ

ਜਦੋਂ ਤਿਤਲੀਆਂ ਨੇ
ਫੁੱਲਾਂ ਨੂੰ
ਆਗੋਸ਼ ਵਿੱਚ ਲਿਆ ਸੀ

ਹਵਾਵਾਂ ਵਿੱਚ ਇਸ਼ਕ ਵਾਲੀ
ਮਹਿਕ ਸੀ
ਉਦੋਂ ਮੇਰੇ ਕੰਨਾਂ ਨੂੰ
ਤੇਰੇ ਹੋਠਾਂ ਨੇ ਛੂਹ ਕੇ
ਕਿਹਾ ਸੀ
ਟੁੱਟ ਕੇ ਚਾਹਿਆ ਹੈ ਤੈਨੂੰ

ਫੇਰ ਮੈਨੂੰ ਪਤਾ ਲੱਗਿਆ
ਕਿ ਟੁੱਟਣਾ ਬੁਰੀ ਕ੍ਰਿਆ ਨਹੀਂ ਹੈ

### ਤੂੰ

ਤੂੰ ਮੇਰੇ ਲਈ
ਅਨੰਤ ਆਕਾਸ਼ ਸੀ
ਐਵਰੇਸਟ ਜਿਹਾ ਪਹਾੜ ਸੀ
ਸਮੁੰਦਰ ਜਿਹੀ ਡੂੰਘੀ ਗਹਿਰਾਈ ਲਈ
ਉਹ ਗੁਫਾ ਸੀ
ਜਿਸਦਾ ਅੰਤਰਮਨ ਮੈਂ ਸਮਝ ਨਾ ਸਕੀ

ਤੂੰ ਦਰਖਤ ਵੀ ਸੀ
ਜਿਸ ਦੀ ਓਟ ਵਿੱਚ ਮੈਂ
ਥੱਕੇ ਹੋਏ ਯਾਤਰੀ ਜਿਹਾ ਆਰਾਮ
ਪਾਇਆ

ਤੂੰ ਆਲ੍ਹਣਾ ਸੀ
ਜਿਸ ਵਿੱਚ
ਘਰ ਵਰਗਾ ਸਕੂਨ ਸੀ
ਉਹ ਕਥਾ ਸੀ
ਜੋ ਮੈਂ ਆਪਣੇ
ਬੱਚਿਆਂ ਤੋਂ ਪੜ੍ਹੀ

ਤੂੰ ਯੁੱਧ ਸੀ ਬੁੱਧ ਸੀ
ਬਸ ਉਹੀ ਨਹੀਂ ਸੀ
ਜਿਸਦੀ ਮੈਨੂੰ ਤਲਾਸ਼ ਸੀ

ਤੂੰ ਪ੍ਰੇਮੀ ਨਹੀਂ ਸੀ।

## ਕਵਿਤਾਵਾਂ/ ਕਿਰਣ ਯਾਦਵ

### ਖਾਮੋਸ਼ੀ

ਅਸੀਂ ਲੱਭਦੇ ਹਾਂ
ਸਵਾਲਾਂ ਦੇ ਜਵਾਬ
ਘੂਰਦੇ ਹਾਂ ਕੰਧਾਂ ਨੂੰ
ਜਿੱਥੇ ਚਹਿਲ ਕਦਮੀ ਕਰਦੇ
ਨਜ਼ਰ ਆਉਂਦੇ ਨੇ ਚਿੱਤਰ
ਹਾਸਾ ਬਦਲਦਾ ਹੈ
ਖਾਮੋਸ਼ੀ ਵਿੱਚ
ਤੇ ਫੈਲ ਜਾਂਦਾ ਹੈ
ਇਕੱਲੇਪਣ ਦੀ ਦਹਿਲੀਜ਼ ਤੇ

### ਇਨਸਾਨੀਅਤ

ਨਕਸ਼ੇ ਤੋਂ ਨਿਸ਼ਾਨ
ਮਿਟਾਉਣ ਦੇ ਲਈ
ਕਰਨਾ ਪੈਂਦਾ ਹੈ
ਸਰਹਦਾਂ ਨੂੰ ਪਾਰ
ਤੇ ਸਰਹਦਾਂ ਨੂੰ
ਪਾਰ ਕਰਨ ਲਈ
ਖੇਡਣੀ ਪੈਂਦੀ ਹੈ
ਖੂਨ ਦੀ ਹੋਲੀ
ਦਫ਼ਨ ਕਰਨੀ ਪੈਂਦੀ ਹੈ
ਇਨਸਾਨੀਅਤ
ਤਾਂ ਨਵੇਂ ਨਕਸ਼ੇ ਦਰਜ ਕੀਤੇ ਜਾਂਦੇ ਨੇ
ਇਤਿਹਾਸ ਦੇ ਪੰਨਿਆਂ ਤੇ

### ਰਿਸ਼ਤਾ

ਮੇਰਾ ਤੇਰਾ ਰਿਸ਼ਤਾ
ਖੂਨ ਦਾ ਰਿਸ਼ਤਾ ਤਾਂ ਨਹੀਂ ਹੈ
ਪਰ ਉਨ੍ਹਾਂ ਸਾਰੇ
ਰਿਸ਼ਤਿਆਂ ਤੋਂ ਪਰ੍ਹੇ ਵੀ
ਇੱਕ ਰਿਸ਼ਤਾ ਹੁੰਦਾ ਹੈ
ਆਤਮਾ ਦਾ
ਜੋ ਸਾਰੇ
ਰਿਸ਼ਤਿਆਂ ਤੋਂ ਭਿੰਨ ਹੁੰਦਾ ਹੈ
ਉਹੀ ਰਿਸ਼ਤਾ ਹੈ
ਤੇਰੇ ਤੇ ਮੇਰੇ ਵਿਚਕਾਰ।



**ਅਨੁ: ਅ.ਕ**

ਹਰਜੀਤ ਅਟਵਾਲ (1952) ਇੰਗਲੈਂਡ ਵਸਦਾ ਪਰਵਾਸੀ ਪੰਜਾਬੀ ਲੇਖਕ ਹੈ। ਜਿਸ ਨੇ ਕਹਾਣੀ ਅਤੇ ਨਾਵਲ ਰਚਨਾ ਰਾਹੀਂ ਪਰਵਾਸੀ ਪੰਜਾਬੀ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਇਆਂ ਹੈ। ਹਰਜੀਤ ਅਟਵਾਲ ਹੁਣ ਤੱਕ ਪੰਜ ਕਹਾਣੀ ਸੰਗ੍ਰਹਿ, ਨਾਵਲ ਸੰਗ੍ਰਹਿ, ਇੱਕ ਕਾਵਿ ਸੰਗ੍ਰਹਿ, ਇੱਕ ਸਫ਼ਰਨਾਮਾ ਲਿਖ ਚੁੱਕਾ ਹੈ। ਉਸ ਦੇ ਪ੍ਰਕਾਸ਼ਤ ਹੋਏ ਨਾਵਲਾਂ ਵਿਚ ਵਨ ਵੇਅ, ਰੇਤ, ਸਵਾਰੀ ,ਸਾਊਥਾਲ , ਬ੍ਰਿਟਿਸ਼ ਬੌਰਨ ਦੇਸੀ ਆਪਣਾ, ਗੀਤ, ਮੁੰਦਰੀ ਡਾਟ ਕਾਮ, ਅਕਾਲ ਸਹਾਏ, ਮੋਰ ਉਡਾਰੀ, ਕਾਲੇ ਰੰਗ ਗੁਲਾਬਾਂ ਦੇ, ਅਤੇ ਜੇਠੂ ਸ਼ਾਮਿਲ ਹਨ।

ਵਿਚਾਰ ਅਧੀਨ ਨਾਵਲ 'ਬ੍ਰਿਟਿਸ਼ ਬੌਰਨ ਦੇਸੀ' ਬੇਸ਼ਕ ਸਾਊਥਾਲ ਨਾਵਲ ਦੀ ਲੜੀ ਨੂੰ ਹੀ ਅਗਾਂਹ ਤੋਰਦਾ ਹੈ ਪਰ ਇਸ ਨਾਵਲ ਵਿਚ ਵਿਸ਼ੇਸ਼ ਤੌਰ ਤੇ ਇੰਗਲੈਂਡ ਵਿਚ ਜੰਮੀ– ਪਲੀ ਪਰਵਾਸੀ ਪੰਜਾਬੀਆਂ ਦੀ ਅਗਲੀ ਪੀੜ੍ਹੀ ਦੀ ਤਸਵੀਰ ਪੇਸ਼ ਕੀਤੀ ਗਈ ਹੈ ਜਿਹੜੀ ਉਸ ਮੁਲਕ ਵਿਚ ਜੰਮੀ ਤੇ ਪ੍ਰਵਾਨ ਚੜ੍ਹੀ ਹੈ। ਪਰਵਾਸੀ ਹੋਣ ਕਰਕੇ ਜੋ ਸਮੱਸਿਆਵਾਂ ਪਹਿਲੀ ਪੀੜ੍ਹੀ ਨੂੰ ਹੰਢਾਉਣੀਆਂ ਪਈਆਂ,ਉਹ ਹੁਣ ਭਾਂਵੇ ਉਹੋ ਜਿਹੀਆਂ ਨਹੀਂ ਰਹੀਆਂ ਪਰ ਉਹਨਾਂ ਸਮੱਸਿਆਵਾਂ ਦਾ ਚਰਿੱਤਰ ਬਦਲ ਗਿਆ ਹੈ । ਪਹਿਲੀ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦਿਆਂ ਪਰਵਾਸੀ ਪੰਜਾਬੀਆਂ ਦੇ ਮੂਲ ਸਰੋਕਾਰਾਂ ਵਿਚ ਇੱਕ ਵੱਡਾ ਪਰਿਵਰਤਨ ਆ ਗਿਆ ਹੈ। ਪਹਿਲੀ ਪੀੜ੍ਹੀ ਦਾ ਦੁਖਾਂਤ ਉਹਨਾਂ ਦੇ ਭੂ–ਹੇਰਵੇ ਅਤੇ ਅਜਨਬੀ ਵਲੋਂ ਕੀਤੇ ਨਸਲੀ ਵਿਤਕਰੇ ਵਿਚੋਂ ਪੈਦਾ ਹੋਇਆ ਸੀ । ਬ੍ਰਿਟਿਸ਼ ਬੌਰਨ ਦੇਸੀ ਪੀੜ੍ਹੀ ਦਾ ਆਪਣੇ ਸੱਭਿਆਚਾਰ ਤੋਂ ਬੇਮੁਖ ਹੋਣ ਦਾ ਸੱਭਿਆਚਾਰਕ ਸੰਕਟ ਵੀ ਪਹਿਲੀ ਪੀੜ੍ਹੀ ਨੂੰ ਭੋਗਣਾ ਪੈ ਰਿਹਾ ਹੈ ।ਬ੍ਰਿਟਿਸ਼ ਬੌਰਨ ਪੰਜਾਬੀ ਪੀੜ੍ਹੀ ਦੇ ਸਾਹਮਣੇ ਕੋਈ ਭੂ –ਹੇਰਵਾ ਨਹੀਂ, ਨਸਲੀ ਵਿਤਕਰਾ ਵੀ ਇਕ ਨਵੇਂ ਪਰਿਪੇਖ ਵਿਚ ਸਾਹਮਣੇ ਆ ਰਿਹਾ ਹੈ। ਪਹਿਲੀ ਪੀੜ੍ਹੀ ਅਜਨਬੀ ਮੁਲਕ ਵਿਚ ਪਰਾਈ ਸੀ ਜਦੋਂ ਕਿ ਦੂਜੀ ਪੀੜ੍ਹੀ ਉੱਥੇ ਹੀ ਪੈਦਾ ਹੋਈ ਹੈ ਪਰ ਏਸ਼ੀਆਈ ਮੂਲ ਹੋਂਣ ਕਰਕੇ ਇੱਕ ਵੱਖਰੀ ਤਰ੍ਹਾਂ ਦਾ ਨਸਲੀ ਵਿਤਕਰਾ ਹੰਢਾ ਰਹੀ ਹੈ। ਅਸਲ ਵਿਚ ਇਹ ਪੀੜ੍ਹੀ ਦੋ ਪਾਸਿਆਂ ਤੋਂ ਘਿਰੀ ਹੋਈ ਹੈ। ਇਸ ਪੀੜ੍ਹੀ ਦਾ ਟਕਰਾਓ ਪੱਛਮੀ ਲੋਕਾਂ ਤੱਕ ਤਾਂ ਹੈ ਹੀ, ਪਰ ਨਾਲ ਆਪਣੀ ਪਹਿਲੀ ਪੀੜ੍ਹੀ ਨਾਲ ਵੀ ਹੈ ਜੋ ਕਿ ਆਪਣੇ ਮੂਲ ਸੱਭਿਆਚਾਰ ਨੂੰ ਭੁਲਾ ਨਹੀਂ ਸਕੇ ।

ਨਾਵਲ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਅਤੇ ਬ੍ਰਿਟਿਸ਼ ਬੌਰਨ ਨਵੀਂ ਪੀੜ੍ਹੀ ਵਿਚਕਾਰ ਪੈਦਾ ਹੋਏ ਪੀੜ੍ਹੀ– ਪਾੜ੍ਹੇ ਦੇ ਮਸਲੇ ਨੂੰ ਬੜੀ ਹੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਨਾਵਲ ਵਿਚ ਪੇਸ਼ ਨਾਰੀ ਸਰੋਕਾਰਾਂ ਦੀ ਕਈ ਪੱਖਾਂ ਤੋਂ ਥਾਹ ਪੈਂਦੀ ਹੈ। ਵਿਦੇਸ਼ ਵਿਚ ਆ ਕੇ ਪਹਿਲੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਨਾਰੀ ਪੰਜਾਬ ਨਾਲੋਂ ਵਿਦੇਸ਼ ਨੂੰ ਤਰਜੀਹ ਦਿੰਦੀ ਹੋਈ ਮੂਲੋਂ ਹੀ ਭੂਹੇਰਵੇ ਨੂੰ ਨਕਾਰਦੀ ਹੈ ਜਿਵੇਂ ਨਾਵਲੀ ਬ੍ਰਿਤਾਂਤ ਵਿਚ ਪੰਜਾਬ ਕੁਝ ਦੇਰ ਲਈ ਗਏ ਤੇ ਖਾੜਕੂਆਂ ਹੱਥੋਂ ਤੰਗ ਹੋ ਕੇ ਵਾਪਸ ਇੰਗਲੈਂਡ ਪਰਤੇ ਪ੍ਰਦੁਮਣ ਸਿੰਘ ਦੀ ਪਤਨੀ ਕਾਰੇ ਨੂੰ ਕਹਿੰਦੀ ਹੈ,"ਕਾਰਿਆਂ ਬਹੁਤ ਮਾੜੀ ਲੈਫ ਆ,ਜੀਣ ਦਾ ਕੋਈ ਹੱਜ ਨਹੀਂ ਉੱਥੇ, ਮੈਂ ਤਾਂ ਇੱਥੇ ਪਹੁੰਚ ਕੇ ਇੰਗਲੈਡ ਦੀ ਧਰਤੀ ਨੂੰ ਨਮਸਕਾਰ ਕੀਤਾ ਤੇ ਰੱਬ ਦਾ ਸ਼ੁਕਰ ਕੀਤਾ ਕਿ ਘਰ ਪਹੁੰਚੇ।"1

ਗਿਆਨ ਕੌਰ ਵਲੋਂ 'ਘਰ ਪਹੁੰਚੇ' ਦਾ ਉਚਾਰਿਆ ਗਿਆ ਵਾਕ ਪਹਿਲੀ ਪੀੜ੍ਹੀ ਦੀ ਉਸ ਬਦਲ ਚੁੱਕੀ ਸੋਚ ਦੀ ਪੈਰਵੀ ਕਰਦਾ ਹੈ ਜੋ ਪਿੱਛੇ ਨੂੰ ਛੱਡ ਚੁੱਕੇ ਹਨ ਜਾਂ ਜਿਹਨਾਂ ਨੂੰ ਹੁਣ ਪਿਛਲਿਆਂ ਦਾ ਕੋਈ ਮੋਹ ਨਹੀਂ ਰਿਹਾ। ਕਿਧਰੇ ਪਹਿਲੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਨਾਰੀ ਪਰਵਾਸ ਵਿਚ ਆ ਕੇ ਪੰਜਾਬ ਰਹਿੰਦੇ ਆਪਣੇ ਮਾਪਿਆਂ ਬਾਰੇ ਸੋਚਦੀ ਹੈ ਜਿੰਨ੍ਹਾਂ ਕਾਰਣ ਉਹ ਮਜ਼ਬੂਰੀ ਅਧੀਨ ਪਰਵਾਸੀ ਬਣੀ। ਅਜਿਹੀ ਨਾਰੀ ਬ੍ਰਿਟਿਸ਼ ਬੌਰਨ ਪੰਜਾਬੀ ਧੀਆਂ ਵਲੋਂ ਆਪਣੇ ਜ਼ਿੰਦਗੀ ਦੇ ਫੈਸਲੇ ਆਪ ਕਰਨ ਦੇ ਹੱਕ ਵਿਚੋਂ ਆਪਣੀ ਖੁਸ਼ੀ ਤਲਾਸ਼ਦੀ ਨਜ਼ਰੀ ਪੈਂਦੀ ਹੈ।

ਪਰਵਾਸ ਵਿਚ ਵਿਚਰ ਰਹੇ ਪਰਵਾਸੀ ਪੰਜਾਬੀਆਂ ਲਈ ਸੱਭਿਆਚਾਰਕ ਪਾੜਾ ਵੱਡੇ ਦੁੱਖ ਦਾ ਕਾਰਣ ਬਣਦਾ ਹੈ ਜਦੋਂ ਉਹਨਾਂ ਦੀ ਉੱਥੇ ਦੀ ਜੰਮਪਲ ਔਲਾਦ ਮਾਂ– ਬਾਪ ਦੇ ਅਧੀਨ ਹੋਣ ਦੀ ਬਜਾਇ ਬਾਗੀ ਸੁਰ ਅਖ਼ਤਿਆਰ ਕਰਦੀ ਹੋਈ ਘਰ –ਬਾਰ ਛੱਡ ਜਾਂਦੀ ਹੈ ਅਤੇ ਆਪਣੀ ਪੱਛਮੀ ਜੀਵਨ ਅਨੁਸਾਰੀ ਚੱਲਣਾ ਲੋਚਦੀ ਹੈ। ਮਾਪੇ ਘਰਾਂ ਵਿਚ ਦੇਸੀ ਜਵਾਈ ਤੇ ਦੇਸੀ ਨੂੰਹਾਂ ਸਹੇੜਨਾ ਲੋਚਦੇ ਹਨ ਤੇ ਔਲਾਦ ਗੋਰਿਆਂ ਤੇ ਜਮੀਕਿਆਂ ਵਿਚੋਂ ਆਪਣੇ ਸਾਥੀ ਤਲਾਸ਼ ਕਰ ਰਹੀ ਹੈ । ਮਾਪੇ ਵਿਵਸਥਿਤ ਵਿਆਹ ਦੇ ਸਮਰਥਕ ਹਨ ਤੇ ਔਲਾਦ ਇਸ ਦੇ ਘੋਰ ਖਿਲਾਫ਼। ਜਿਵੇਂ ਨਾਵਲ ਵਿਚ ਸਾਧੂ ਸਿੰਘ, ਪ੍ਰਦੁਮਣ ਸਿੰਘ, ਗੁਰਦਿਆਲ, ਪਾਲਾ, ਕਾਰਾ, ਸੁਦਾਗਰ ਸਿੰਘ ਦੀਆਂ ਧੀਆਂ ਨੇ ਵਿਆਹ ਕਰਨ ਜਾਂ ਘੁੰਮਣ ਫਿਰਨ ਲਈ ਮੁੰਡੇ ਆਪਣੀ ਪਸੰਦ ਦੇ ਚੁਣੇ ਬੇਸ਼ਕ ਅਜਿਹਾ ਕਦਮ ਪੁਟਣ ਤੇ ਇਹਨਾਂ ਕੁੜੀਆਂ ਨੂੰ ਕਿਤੇ ਤਾਂ ਆਪਣੇ ਪਿਉ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਕਿਤੇ ਆਪਣੇ ਆਪ ਨੂੰ ਵਿਦਰੋਹੀ ਬਣਾਉਂਣਾ ਪਿਆ। ਪੰਜਾਬੀ ਕਦਰਾਂ ਕੀਮਤਾਂ ਨਾਲ ਲੈੱਸ ਪਰਵਾਸੀ ਪੰਜਾਬੀ ਪਿਉ ਮੁੰਡਿਆਂ ਦੇ ਮੁਕਾਬਲੇ ਵਿਸ਼ੇਸ਼ਕਰ ਆਪਣੀਆਂ ਧੀਆਂ ਦੇ ਅਜਿਹਾ ਕਰਮ ਕਰਨ ਉੱਤੇ ਕਿਸੇ ਪ੍ਰਕਾਰ ਦਾ ਸਮਝੌਤਾ ਕਰਨ ਲਈ ਤਿਆਰ ਨਹੀਂ ਹੁੰਦੇ । ਮਿਸਾਲ ਦੇ ਤੌਰ ਤੇ ਨਾਵਲੀ ਬਿਰਤਾਂਤ ਵਿਚ ਸਾਧੂ ਸਿੰਘ ਦੁਆਰਾ ਆਪਣੀ ਧੀ ਸੁੱਖੀ ਦਾ ਹਸਨ ਨਾਂ ਦੇ ਮੁੰਡੇ ਨਾਲ ਮੇਲ ਜੋਲ ਦੇਖ ਕੇ ਤਲਵਾਰ ਨਾਲ ਕਤਲ ਕਰ ਦੇਣ ਦੀ ਘਟਨਾ ਦਾ

ਹਵਾਲਾ ਮਿਲਦਾ ਹੈ । ਇਸੇ ਤਰ੍ਹਾਂ ਇੱਕ ਵਾਰ ਤਾਂ ਪਾਲਾ ਸਿੰਘ ਵੀ ਆਪਣੀ ਧੀ ਮਨਿੰਦਰ ਦਾ ਮੁਸਲਮਾਨ ਮੁੰਡੇ ਨਾਲ ਮੇਲ ਜੋਲ ਬਾਰੇ ਸੁਣ ਕੇ ਆਪੇ ਤੋਂ ਬਾਹਰ ਹੁੰਦਾ ਹੋਇਆਂ ਉਸ ਨੂੰ ਜਾਨੋ ਮਾਰਨ ਬਾਰੇ ਸੋਚਦਾ ਹੈ ਉਹ ਆਪਣੀ ਆਤਮਾ ਨੂੰ ਸਾਧੂ ਸਿੰਘ ਦੇ ਰਸਤੇ ਉਪਰ ਚੱਲਣ ਲਈ ਝੰਜੋੜਦਾ ਹੈ ਪਰ ਅਜਿਹਾ ਨਾ ਕਰ ਸਕਣ ਦੀ ਸੂਰਤ ਵਿਚ ਉਹ ਮਨਿੰਦਰ ਨੂੰ ਮਰੀ ਮੁੱਕੀ ਸਮਝਦਾ ਹੋਇਆ ਰਿਸ਼ਤਾ ਹੀ ਖਤਮ ਸਮਝ ਲੈਂਦਾ ਹੈ ਪਰ ਪੱਛਮੀ ਪ੍ਰਸਥਿੱਤੀਆਂ ਦੇ ਅਨੁਕੂਲ ਅਖੀਰ ਇਹੀ ਪਾਲਾ ਸਿੰਘ ਬੇਬਸ ਨਜ਼ਰ ਨਹੀਂ ਆਉਂਦਾ ਸਗੋਂ ਹਰ ਧੀ ਦਾ ਪਿਉ ਸਾਧੂ, ਪਾਲਾ, ਗੁਰਦਿਆਲ, ਸੁਦਾਗਰ ਸਿੰਘ ਵਰਗੇ ਹਾਲਾਤ ਅੱਗੇ ਲਾਚਾਰ ਤੇ ਬੇਬਸ ਨਜ਼ਰ ਆਉਂਦੇ ਹਨ। ਜਿਸ ਦੀ ਮਿਸਾਲ ਨਾਵਲੀ ਬਿਰਤਾਂਤ ਵਿਚ ਸਾਧੂ ਸਿੰਘ ਦੁਆਰਾਂ ਜੇਲ ਤੋਂ ਵਾਪਸ ਆ ਕੇ ਆਪਣੀ ਧੀ ਸੁੱਖੀ ਦੀ ਮੌਤ ਦਾ ਭੋਗ ਪੁਆਉਂਣ ਬਾਰੇ ਮਨ ਬਣਾਉਣ ਤੋਂ ਮਿਲਦੀ ਹੈ। ਪਾਲਾ ਸਿੰਘ ਆਪਣੀ ਪੂਰਬੀ ਕਦਰਾਂ-ਕੀਮਤਾਂ ਵਾਲੀ ਮਾਨਸਿਕਤਾ ਤਿਆਗ ਕੇ ਆਪਣੇ ਬੱਚਿਆਂ ਦੇ ਅਨੁਸਾਰੀ ਚੱਲਣ ਲਈ ਰਜ਼ਾਮੰਦ ਹੋ ਜਾਂਦਾ ਹੈ। ਸੁਦਾਗਰ ਸਿੰਘ ਆਪਣੀ ਹੀ ਧੀ ਸ਼ੈਰਨ ਦੇ ਨਜ਼ਾਇਜ਼ ਮੁੰਡੇ ਨੂੰ ਗੋਦ ਲੈ ਕੇ ਆਪਣੇ ਮੁੰਡਾ ਨਾ ਹੋਣ ਦੀ ਕਮੀ ਨੂੰ ਪੂਰਿਆਂ ਕਰਦਾ ਹੈ। ਇਸ ਪ੍ਰਕਾਰ ਨਾਵਲ ਦੀ ਸਭ ਤੋਂ ਵੱਧ ਪ੍ਰਭਾਵੀ ਸੁਰ ਬ੍ਰਿਟਿਸ਼ ਬੌਰਨ ਕੁੜੀਆਂ ਦੀ ਆਪਣੇ ਪਿਉ ਦੇ ਵਿਰੋਧ ਵਿਚ ਖੜ੍ਹਦੀ ਹੈ।

"ਪੱਛਮੀ ਸਮਾਜ ਜਿਹੜਾ ਨਾਰੀ ਦੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਅਧਿਕ ਸੰਵੇਦਨ ਅਤੇ ਵਿਹਾਰਕ ਰਿਹਾ ਹੈ ਅਤੇ ਜਿੱਥੇ ਪੁਲਿਸ ਕਾਨੂੰਨ ਤੇ ਸਮਾਜਕ ਸੁਰੱਖਿਆ ਅਤੇ ਨਾਰੀ ਸੰਗਠਨ ਏਡੇ ਸੰਕ੍ਰਿਯ ਤੇ ਸਕਤੀਸ਼ਾਲੀ ਹਨ ,ਨੇ ਪੰਜਾਬੀ ਬੰਦੇ ਨੂੰ ਵੀ ਮਜ਼ਬੂਰ ਕੀਤਾ ਹੈ ਕਿ ਉਹ ਨਾਰੀ ਪ੍ਰਤਿ ਆਪਣੇ ਪ੍ਰਤੀਮਾਨਾਂ ਨੂੰ ਵੀ ਨਵਾਂ ਰੂਪ ਦੇਵੇ। ਇਹ ਨਵਾਂ ਰੂਪ ਕੰਮ ਵੰਡ ਤੋਂ ਲੈ ਕੇ ਸਮੁੱਚੇ ਰਵੱਈਏ ਤਕ ਵਿਸਥਾਰ ਪਾਉਂਦਾ ਹੈ ।"2

ਹਾਲਾਤੀ ਮਜ਼ਬੂਰੀ ਅਧੀਨ ਨਾਵਲ ਵਿਚਲਾ ਪਰਵਾਸੀ ਪੰਜਾਬੀ ਜੱਟ ਸਮਾਜ ਆਪਣੇ ਬੱਚਿਆਂ ਦਾ ਵਿਆਹ ਅੰਤਰਨਸਲੀ ਵੀ ਕਰਨ ਲਈ ਬੇਬਸ ਹੋ ਗਏ ਹਨ। ਜਿਵੇਂ ਕਿ ਸੱਤੇ ਦਾ ਗੋਰੇ ਮਾਈਕ ਨਾਲ,ਅਮਰ ਦਾ ਗੋਰੀ ਸਾਂਡਰਾ ਨਾਲ ਅਤੇ ਪੰਨਾ 16 ਤੇ ਗਿੱਲਾਂ ਤੇ ਕੁੰਦੀਆਂ ਦੇ ਵਿਆਹ ਦਾ ਹਵਾਲਾ ਨਾਵਲੀ ਬਿਰਤਾਂਤ ਵਿਚ ਮਿਲਦਾ ਹੈ ਬ੍ਰਿਟਿਸ਼ ਬੌਰਨ ਪੰਜਾਬੀ ਕੁੜੀਆਂ ਵਿਆਹ ਦੇ ਮਾਮਲੇ ਵਿਚ ਆਪਣੇ ਮਾਂ-ਪਿਉ ਦੀ ਸਹਿਮਤੀ ਲੈਣ ਦੀ ਬਜਾਇ 'ਗੋਰਾ ਮੁੰਡਾ ਲੱਭ ਲਿਆ' ਦਾ ਫੈਸਲਾ ਸੁਣਾਉਂਦੀ ਕਹਿੰਦੀ ਹੈ; " ਡੈਡੀ ਨਾ ਮੰਨੇ ਤਾਂ ਨਾ ਸਹੀ ਪਰ ਮੈਂ ਵਿਆਹ ਮਾਈਕ ਨਾਲ ਹੀ ਕਰਾਉਂਣਾ । "3

ਇੱਥੇ ਪੱਛਮ ਦੀ ਜੰਮਪਲ ਸੱਤੀ ਆਪਣੇ ਪਿਉ ਨਾਲ ਕਿਸੇ ਵੀ ਕਿਸਮ ਦੀ ਭਾਵੁਕ ਸਾਂਝ ਨੂੰ ਮੂਲੋਂ ਹੀ ਰੱਦ ਕਰਦੀ ਹੋਈ ਜੋ ਉਸ ਲਈ ਲਾਭਦਾਇਕ ਹੈ ਜਾਂ ਜੋ ਉਸ ਨੂੰ ਚੰਗਾ ਲੱਗਦਾ ਹੈ, ਨੂੰ ਤਰਜੀਹ ਦੇ ਆਧਾਰ ਤੇ ਰੱਖਦੀ ਹੈ। ਇਹ ਪੀੜ੍ਹੀ, ਪਹਿਲੀ ਪੀੜ੍ਹੀ ਦੀ ਕਿਸੇ ਵੀ ਕਿਸਮ ਦੀ ਸੋਚ ਦੇ ਦਾਇਰੇ ਵਿਚ ਆਪਣੇ ਆਪ ਨੂੰ ਬੰਨਣ ਤੋਂ ਅਸਮਰੱਥ ਦਿਖਾਈ ਦਿੰਦੀ ਹੈ ।

ਨਾਵਲ ਪਰਵਾਸੀ ਪੰਜਾਬੀ ਵਿਸ਼ੇਸ਼ਕਰ ਜੱਟ ਭਾਈਚਾਰੇ ਨੂੰ ਆਪਣੀਆਂ ਧੀਆਂ ਦੁਆਰਾ ਅੰਤਰਨਸਲੀ ਵਿਆਹ ਕਰਨ ਦੇ ਸਿਲਸਿਲੇ ਨੂੰ ਇੱਕ ਘੋਰ ਸੰਤਾਪ ਵਾਂਗ ਭੋਗਦਿਆਂ ਪੇਸ਼ ਕਰਦਾ ਹੈ। ਇੱਕ ਦੂਜੇ ਦੀਆਂ ਧੀਆਂ ਪੁੱਤਰਾਂ ਵਲ ਦੇਖ ਕੇ ਉਹਨਾਂ ਨੂੰ ਆਪਣਾ ਫੈਸਲਾ ਬਦਲਣ ਦਾ ਹੌਸਲਾ ਮਿਲਦਾ ਹੈ ਤਾਂ ਉਹ ਬ੍ਰਿਟਿਸ਼ ਬੌਰਨ ਪੰਜਾਬੀ ਕੁੜੀਆਂ ਦੁਆਰਾ ਅੰਤਰਨਸਲੀ ਵਿਆਹ(ਵਿਸ਼ੇਸ਼ਕਰ ਗੋਰੀ ਨਸਲ)ਨੂੰ ਅਣਮੰਨੇ ਮਨ ਨਾਲ ਸਵੀਕਾਰ ਕਰਨ ਲਈ ਤਿਆਰ ਹੋ ਜਾਂਦੇ ਹਨ ਪਰ ਅੰਤਰਜਾਤੀ ਵਿਆਹ (ਖਾਸ ਕਰ ਛੋਟੀ ਜਾਤ) ਲਈ ਕਦੇ ਵੀ ਨਹੀਂ। ਵਿਚਾਰ ਅਧੀਨ ਨਾਵਲ ਵਿਚ ਸੁਦਾਗਰ ਸਿੰਘ ਆਪਣੀ ਧੀ ਸੱਤੀ ਦੇ ਗੋਰੇ ਨਾਲ ਵਿਆਹ ਵਾਲੀ ਗੱਲ ਆਪਣੇ ਭਰਾ ਗੁਰਮੁਖ ਨਾਲ ਸਾਝਿਆਂ ਕਰਨ ਤੇ ਰਾਜ਼ੀ ਹੋ ਜਾਂਦਾ ਹੈ ਕਿਉਂ ਜੋ ਪ੍ਰੰਪਰਕ ਗੁਲਾਮੀ ਕਾਰਣ ਗੋਰਾ ਰੰਗ ਪੰਜਾਬੀਆਂ ਦੇ ਮਨਾਂ ਉਪਰ ਕਿਤੇ ਨਾ ਕਿਤੇ ਸ਼੍ਰੇਸ਼ਟਤਾ ਦਾ ਪ੍ਰਤੀਕ ਬਣਿਆ ਹੋਇਆ ਹੈ। ਅੰਤਰਜਾਤੀ ਵਿਆਹ ਦੇ ਮੁੱਦੇ ਤੇ ਇਹੀ ਸੁਦਾਗਰ ਸਿੰਘ ਆਪਣੀ ਤੀਜੀ ਕੁੜੀ ਗੁਰੀ ਵਲੋਂ ਚਮਾਰ ਮੁੰਡੇ ਨਾਲ ਵਿਆਹ ਕਰਾਉਂਣ ਦੀ ਪੇਸ਼ਕਸ਼ ਨੂੰ ਮੂਲੋਂ ਹੀ ਹਜ਼ਮ ਨਹੀਂ ਕਰ ਪਾਉਂਦਾ । ਨਾਵਲੀ ਬਿਰਤਾਂਤ ਇਸ ਅੰਤਰਜਾਤੀ ਵਿਆਹ ਬਾਰੇ ਵਿਰੋਧੀ ਤਕਰੀਰਾਂ ਪੇਸ਼ ਕਰਦਾ ਹੋਇਆ ਇਸ ਨੂੰ ਕਿਸੇ ਨਿਸ਼ਚਿਤ ਸਿੱਟੇ ਤੇ ਪਹੁੰਚਾਉਂਣ ਤੋਂ ਅਸਮਰੱਥ ਹੁੰਦਾ ਹੋਇਆ ਅੱਧ ਵਿਚਕਾਰੇ ਹੀ ਛੱਡ ਦਿੰਦਾ ਹੈ।

"ਦੂਸਰੀ ਪੀੜ੍ਹੀ ਦੇ ਪਰਵਾਸੀ ਪਾਤਰ ਪੂੰਜੀਵਾਦੀ ਸਮਾਜ ਵਿਚ ਜੰਮੇ ਪਲੇ ਤੇ ਟੈਲੀਵਿਜਨ,ਵੀਡੀਓ ਅਤੇ ਰਾਕਟਾਂ ਦੇ ਯੁੱਗ ਵਿਚ ਜਵਾਨ ਹੋਏ ਹਨ। ਉਹਨਾਂ ਨੇ ਗਲੀਆਂ ਬਜਾਰਾਂ ਅਤੇ ਖੇਡ ਦੇ ਮੈਦਾਨਾਂ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਜੋ ਸਿੱਖਿਆ ਹੈ ਉਹ ਉਹਨਾਂ ਦੇ ਮਾਪਿਆਂ ਦੇ ਵਿਚਾਰਾਂ, ਇੱਛਾਵਾਂ ਤੇ ਭਾਵਾਂ ਦੇ ਅਵਚੇਤਨ ਤੇ ਸੱਭਿਆਚਾਰਕ ਚੇਤਨਾ ਦੇ ਬਿਲਕੁਲ ਉਲਟ ਹੈ। ਉਹਨਾਂ ਨੂੰ ਆਪਣੇ ਮਾਪਿਆਂ ਦੇ ਜਾਤਾਂ , ਗੋਤਾਂ ,ਧਰਮਾਂ ਆਦਿ ਦੇ ਵਿਚਾਰਾਂ ਨਾਲ ਕੋਈ ਸਾਂਝ ਨਹੀਂ ਲੱਭਦੀ ।ਇਸ ਲਈ ਉਹਨਾਂ ਦਾ ਆਪਣੇ ਮਾਪਿਆਂ ਦੇ ਇਹਨਾਂ ਭੂਤਮੁਖੀ ਵਿਚਾਰਾਂ ਤੋਂ ਬਾਗੀ ਹੋ ਜਾਣਾ ਕੁਦਰਤੀ ਵੀ ਹੈ ਤੇ ਪ੍ਰਸੰਗਿਕ ਵੀ।"4

ਨਾਵਲ ਪੰਜਾਬੀਆਂ ਦੀ ਉਸ ਸੋਚ ਦੀ ਪੇਸ਼ਕਾਰੀ ਵੀ ਕਰਦਾ ਹੈ ਜਿਸ ਅਧੀਨ ਪੰਜਾਬ ਰਹਿੰਦੇ ਪੰਜਾਬੀ ਲੋਕਾਂ ਦੇ ਮਨਾਂ ਵਿਚ ਪੱਛਮ ਦੀ ਬਾਹਰੀ ਚਕਾਚੌਂਧ ਏਨਾ ਘਰ ਕਰ ਚੁੱਕੀ ਹੈ ਕਿ ਉਹ ਪਰਵਾਸ ਕਰਨ ਜਾਂ ਪਰਵਾਸੀਆਂ ਨਾਲ ਆਪਣੀਆਂ ਧੀਆਂ ਨੂੰ ਵਿਆਹੁਣ ਲਈ ਏਨੇ ਉਤਾਵਲੇ ਹੋ ਜਾਂਦੇ ਹਨ ਕਿ

ਆਪਣੀ ਧੀ ਦੇ ਹਾਣ/ ਪ੍ਰਮਾਣ ਦੀ ਪਰਵਾਹ ਨਾ ਕਰਦੇ ਹੋਏ ਉਹਨਾਂ ਨੂੰ ਵਿਦੇਸ਼ੀ ਪੰਜਾਬੀ ਲਾੜਿਆਂ ਦੇ ਲੜ ਲਾ ਦਿੰਦੇ ਹਨ। ਕਈ ਹਾਲਤਾਂ ਵਿਚ ਪਰਵਾਸ ਧਾਰਨ ਪਿੱਛੇ ਕੁੜੀ ਦੀ ਆਪਣੀ ਵਿਦੇਸ਼ ਜਾਣ ਦੀ ਲਾਲਸਾ ਵੀ ਪ੍ਰਧਾਨ ਹੋ ਨਿਬੜਦੀ ਹੈ। ਮਿਸਾਲ ਦੇ ਤੌਰ ਤੇ ਨਾਵਲੀ ਬ੍ਰਿਤਾਂਤ ਵਿਚ ਸੁਦਾਗਰ ਸਿੰਘ ਦੀ ਪਤਨੀ ਦਿਲਰਾਜ ਕੌਰ ਸੋਚਦੀ ਹੈ ਕਿ ਉਹ ਇੱਕ ਪੜ੍ਹੀ -ਲਿਖੀ ਔਰਤ ਹੈ ਜੋ ਕਿ ਇੰਗਲੈਂਡ ਖ਼ਾਤਿਰ ਜਾਂ ਆਪਣੇ ਮਾਪਿਆਂ ਖ਼ਾਤਿਰ ਵਿਆਹੀ ਇੰਗਲੈਂਡ ਆਈ ਨਹੀਂ ਤਾਂ ਸੁਦਾਗਰ ਸਿੰਘ ਉਸ ਦੇ ਮੁਕਾਬਲੇ ਦਾ ਪਤੀ ਨਹੀਂ ਸੀ । ਦਿਲਰਾਜ ਕੌਰ ਨੂੰ ਆਪਣੇ ਹਾਣ ਦਾ ਸਾਥੀ ਨਾ ਮਿਲਣ ਦਾ ਝੋਰਾ ਹਮੇਸ਼ਾ ਰਹਿੰਦਾ ਹੈ। ਆਪਣੀਆਂ ਧੀਆਂ ਵਲੋਂ ਪਸੰਦ ਦੇ ਸਾਥੀ ਚੁਣਨ ਤੇ ਉਹ ਜਿੱਥੋਂ ਤਕ ਸੰਭਵ ਹੋ ਸਕਦਾ ਹੈ ਉਹਨਾਂ ਦੀ ਪੂਰੀ ਮਦਦ ਕਰਦੀ ਹੈ । ਇਸ ਤਰ੍ਹਾਂ ਕਰਨ ਨਾਲ ਉਸ ਨੂੰ ਆਪਣੀ ਅਧੂਰੀ ਰਹੀ ਚੁੱਕੀ ਰੀਝ ਕਾਰਨ ਮਾਨਸਿਕ ਖੁਸ਼ੀ ਮਿਲਦੀ ਹੈ।

ਨਾਵਲੀ ਬ੍ਰਿਤਾਂਤ ਪੰਜਾਬ ਰਹਿੰਦੇ ਲਾਲਚੀ/ ਮਜ਼ਬੂਰ /ਬੇਬਸ ਮਾਪਿਆਂ ਦੀ ਪੇਸ਼ਕਾਰੀ ਵੀ ਕਰਦਾ ਹੈ ਜਿਨ੍ਹਾਂ ਨੂੰ ਆਪਣੀਆਂ ਧੀਆਂ ਦੇਣ ਦੇ ਬਦਲੇ ਕੁਝ ਨਾ ਕੁਝ ਮਿਲਦਾ ਰਹੇ ਉਹ ਹੀ ਬਹੁਤ ਹੈ । ਇਸ ਨਾਲ ਉਹਨਾਂ ਦਾ ਕੋਈ ਸਰੋਕਾਰ ਨਹੀਂ ਕਿ ਉਹਨਾਂ ਦੀ ਧੀ ਜਿਸ ਪਰਵਾਸੀ ਦੇ ਲੜ ਲਾਈ ਗਈ ਹੈ ਉਹ ਖੁਸ਼ ਵੀ ਹੈ ਜਾਂ ਨਹੀਂ। ਜਿਵੇਂ ਪ੍ਰਦੁਮਣ ਸਿੰਘ ਆਪਣੇ ਵਿਗੜ ਚੁੱਕੇ ਨਸ਼ੇੜੀ ਮੁੰਡੇ ਰਾਜਵਿੰਦਰ ਨੂੰ ਠੀਕ ਰਸਤੇ ਤੇ ਲਿਆਉਂਣ ਲਈ ਪੰਜਾਬ ਤੋਂ ਗਰੀਬ ਘਰ ਦੀ ਕੁੜੀ ਜੋਤੀ ਨੂੰ ਵਿਆਹ ਲਿਆਉਂਦੇ ਹਨ। ਪਰਵਾਸ ਵਿਚ ਜੋਤੀ ਦਾ ਆਪਣਾ ਕੋਈ ਨਾ ਹੋਣ ਕਾਰਣ ਉਹ ਹਾਲਾਤ ਅੱਗੇ ਬੇਬਸ ਤੇ ਲਾਚਾਰ ਬਣ ਕੇ ਰਹਿ ਜਾਂਦੀ ਹੈ । ਉਸ ਨੂੰ ਆਪਣੇ ਮਾਪਿਆਂ ਦੁਆਰਾ ਸਵਾਰਥੀ ਬਣਨ ਦਾ ਰੋਸ ਹੈ ਜਦੋਂ ਉਹ ਨਾਵਲੀ ਬ੍ਰਿਤਾਂਤ ਵਿਚ ਕੇਸਰ ਨੂੰ ਕਹਿੰਦੀ ਹੈ:" ਪੰਜਾਹ ਵਾਰੀ ਦੱਸ ਚੁੱਕੀ ਹਾਂ, ਪਰ ਉਹਨਾਂ ਦੇ ਕੰਨ ਤੇ ਜੂੰ ਨਹੀਂ ਸਰਕਦੀ, ਉਹ ਲਾਲਚੀ ਬਣੇ ਹੋਏ ਆ,ਇਹ ਥੋੜੇ ਬਹੁਤ ਪੈਸੇ ਭੇਜ ਦਿੰਦੇ ਹਨ ਤੇ ਉਹ ਚੁੱਪ ਰਹਿੰਦੇ ਹਨ ।"5

ਅਖ਼ੀਰ ਜੋਤੀ ਪੱਛਮੀ ਸਮਾਜ ਤੇ ਔਰਤ ਪੱਖੀ ਕਾਨੂੰਨ ਤੋਂ ਜਾਣੂ ਹੁੰਦੀ ਹੋਈ ਆਪਣੇ ਆਪ ਨੂੰ ਨਿਡਰ ਬਣਾਉਂਦੀ ਹੈ। ਉਹ ਆਪਣੇ ਹੱਕਾਂ ਪ੍ਰਤਿ ਜਾਗਰੂਕ ਹੋ ਕਿ ਕਿਸੇ ਵੀ ਕਿਸਮ ਦੇ ਸ਼ੋਸ਼ਣ ਨੂੰ ਬਰਦਾਸ਼ਤ ਕਰਨ ਤੋਂ ਇਨਕਾਰੀ ਹੁੰਦੀ ਹੈ । ਨਾਵਲ ਵਿਚ ਪ੍ਰਦੁਮਣ ਸਿੰਘ ਜਦੋਂ ਜੋਤੀ ਨੂੰ ਹੱਥ ਪਾਉਂਣ ਲੱਗਦਾ ਹੈ ਤਾਂ ਚੇਤੰਨ ਜੋਤੀ ਉਸ ਨੂੰ ਵੰਗਾਰ ਪਾਉਦੀ ਹੋਈ ਕਹਿੰਦੀ ਹੈ : " ਡੈਡੀ ਜੀ ,ਇੱਕ ਗੱਲ ਸੁਣ ਲਉ ਧਿਆਨ ਨਾਲ,ਮੁੜ ਕੇ ਜੇ ਮੈਨੂੰ ਟੱਚ ਕੀਤਾ ਤਾਂ ਮੈਂ ਥੋਡੀਆਂ ਦੋਨਾਂ ਧੀਆਂ ਤੇ ਨੂੰਹ ਨੂੰ ਬਿਠਾ ਕੇ ਸਾਰੀ ਗੱਲ ਦੱਸ ਦੇਊਂ,ਆਪਣਾ ਪੜ੍ਹਿਆ ਵਿਚਾਰ ਕੇ ਮੈਨੂੰ ਹੱਥ ਲਾਇਉ ।"6 ਇਸੇ ਤਰ੍ਹਾਂ ਦੇਵਿਕਾ ਵੀ ਪੰਜਾਬ ਤੋਂ ਧੋਖੇ ਨਾਲ ਵਿਆਹ ਕੇ ਲਿਆਂਦੀ ਜਾਂਦੀ ਹੈ ।ਉਸ ਦੇ ਪਤੀ ਨੇ ਪਹਿਲਾਂ ਹੀ ਬਾਹਰ ਕੁੜੀ ਰੱਖੀ ਹੋਈ ਹੈ । ਉਸ ਦੇ ਸਹੁਰਿਆਂ ਵਲੋਂ ਉਸ ਨੂੰ ਵਿਦੇਸ਼ ਵਿਚ ਲਿਆ ਕੇ ਹਾਲਾਤ ਦੇ ਸਹਾਰੇ ਛੱਡ ਦਿੱਤਾ ਜਾਂਦਾ ਹੈ। ਉਹ ਪੱਛਮੀ ਸਮਾਜ ਵਿਚ ਪ੍ਰਦੁਮਣ ਵਰਗੇ ਜਿਨਸੀ ਸ਼ੋਸ਼ਣ ਕਰਨ ਵਾਲੇ ਬੰਦਿਆਂ ਤੋਂ ਬਚਦੀ ਹੋਈ ਅਖੀਰ ਆਪਣੇ ਆਪ ਨੂ ਹਾਲਾਤ ਦਾ ਮੁਕਾਬਲਾ ਕਰਨ ਦੇ ਸਮਰੱਥ ਬਣਾਉਂਦੀ ਹੈ ਉਹ ਔਰਤਾਂ ਦੇ ਹੱਕਾਂ ਵਿਚ ਕੰਮ ਕਰ ਰਹੀਆਂ ਔਰਤਾਂ ਦੀਆਂ ਜੱਥੇਬੰਦੀਆਂ ਵਿਚ ਸ਼ਾਮਿਲ ਹੋ ਜਾਂਦੀ ਹੈ । ਇਸ ਪ੍ਰਕਾਰ ਨਾਵਲ ਜੋਤੀ ਤੇ ਦੇਵਿਕਾ ਵਰਗੀਆਂ ਕੁੜੀਆਂ ਦੇ ਜਰ੍ਹੀਏ ਇਹ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਹੁਣ ਪੰਜਾਬ ਤੋਂ ਗਈਆਂ ਕੁੜੀਆਂ ਹਾਲਾਤ ਅੱਗੇ ਲਾਚਾਰ ਤੇ ਬੇਬਸ ਨਹੀਂ ਰਹਿੰਦੀਆਂ ਸਗੋਂ ਪੱਛਮੀ ਔਰਤ ਪੱਖੀ ਕਾਨੂੰਨ ਦੀ ਹਿਫਾਜ਼ਤ ਵਿਚ ਇਹਨਾਂ ਨੇ ਆਪਣੇ ਆਪ ਨੂੰ ਨਿਡਰ ਤੇ ਦਲੇਰ ਬਣਾਇਆਂ ਹੈ ਜੋ ਕਿ ਮੁਸ਼ਕਿਲ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਹਨ ।

ਨਾਵਲ ਇਸ ਪ੍ਰਵਿਰਤੀ ਦੀ ਵੀ ਪੇਸ਼ਕਾਰੀ ਕਰਦਾ ਹੈ ਜਿਸ ਅਧੀਨ ਪੱਕੇ ਹੋਣ ਦੀ ਵਧ ਰਹੀ ਲਾਲਸਾ ਕਾਰਣ ਪੰਜਾਬੀ ਕੁੜੀਆਂ ਨੂੰ ਵੇਸਵਾਗਮਨੀ ਦਾ ਧੰਦਾ ਅਖਤਿਆਰ ਕਰਨ ਲਈ ਮਜ਼ਬੂਰ ਹੋਣਾ ਪਿਆ । ਨਾਵਲ ਵਿਚ ਪੰਨਾ 192 ਤੇ ਏਸ਼ੀਅਨ ਪੰਜਾਬੀ ਔਰਤਾਂ ਦਾ ਵੇਸ਼ਵਾਗਮਨੀ ਦਾ ਧੰਦਾ ਕਰਨ ਦਾ ਹਵਾਲਾ ਮਿਲਦਾ ਹੈ । ਨਾਵਲ ਵਿਚਲੀਆਂ ਸੁਨੀਤਾ, ਹਰਬੰਤ ਕੌਰ, ਮੌਨਿਕਾ, ਕੁਲਬੀਰ, ਕੁਲਜੀਤ ਵਰਗੀਆਂ ਕੁੜੀਆਂ/ ਔਰਤਾਂ ਦਾ ਮਕਸਦ ਆਪਣੇ ਆਪ ਨੂੰ ਪੱਛਮੀ ਸਮਾਜ ਵਿਚ ਪੱਕਿਆ ਕਰਨਾ ਹੈ ਇਸ ਲਈ ਕਿਤੇ ਇਹ ਪ੍ਰਦੁਮਣ ਵਰਗਿਆਂ ਤੋਂ ਸ਼ੋਸ਼ਿਤ ਹੋ ਰਹੀਆਂ ਹਨ ਤੇ ਕਿਤੇ ਇਹਨਾਂ ਮਰਦਾਂ ਨੂੰ ਪੱਕੇ ਹੋਣ ਦਾ ਵਸੀਲਾ ਮਾਤਰ ਬਣਾ ਰਹੀਆਂ ਹਨ। ਮਿਸਾਲ ਦੇ ਤੌਰ ਤੇ ਨਾਵਲ ਵਿਚਲਾ ਪ੍ਰਦੁਮਣ ਸਿੰਘ ਆਪਣੀ ਫੈਕਟਰੀ ਵਿਚ ਆਈ ਹਰ ਨਵੀਂ ਕੁੜੀ, ਜੋ ਪੱਕੀ ਨਾ ਹੋਣ ਦੀ ਸੂਰਤ ਵਿਚ ਲਾਚਾਰ ਤੇ ਬੇਬਸ ਹੁੰਦੀ ਹੈ, ਨੂੰ ਆਪਣੇ ਜਾਲ ਵਿਚ ਫਸਾ ਕੇ ਪੱਕੇ ਕਰਾਉਂਣ ਦਾ ਵਿਸ਼ਵਾਸ਼ ਦਿਵਾਉਂਦਾ ਹੋਇਆ ਲਗਾਤਾਰ ਉਹਨਾਂ ਦਾ ਸ਼ੋਸ਼ਣ ਕਰਦਾ ਹੈ । ਇਸ ਪ੍ਰਕਾਰ ਨਾਵਲ ਵਿਚ ਸ਼ੋਸ਼ਿਤ ਹੋ ਰਹੀਆਂ ਇਹ ਕੁੜੀਆਂ ਅਤੇ ਆਪਣਾ ਸ਼ੋਸ਼ਣ ਖੁਦ ਕਰਵਾ ਰਹੀਆਂ ਇਹਨਾਂ ਕੁੜੀਆਂ ਨੇ ਬਿਨ ਵਿਆਹ ਤੋਂ ਅਜਿਹੇ ਮਰਦਾਂ ਤੋਂ ਬੱਚੇ ਲੈ ਕੇ ਪੱਕਿਆ ਹੋਣ ਦੀ ਸਵਾਰਥੀ ਲੋੜ ਅਧੀਨ ਪੰਜਾਬੀ ਸੱਭਿਆਚਾਰ ਦਾ ਗਹਿਣਾ ਸ਼ਬਦ ਇੱਜਤ ਨੂੰ ਕਿਤੇ ਅਲੋਪ ਕਰ ਦਿੱਤਾ ਹੋਇਆ ਹੈ ।

ਪਰਵਾਸੀ ਪੰਜਾਬੀ ਮਰਦ ਨਾਲ ਪੱਛਮੀ ਔਰਤ ਦੇ ਵਿਆਹ ਦੇ ਸੰਦਰਭ ਵਿਚ ਨਾਵਲੀ ਬਿਰਤਾਂਤ ਨਸਲਵਾਦੀ ਸੁਰ ਅਖ਼ਤਿਆਰ ਕਰਦਾ ਹੈ ਇੰਗਲੈਂਡ ਦਾ ਏਸ਼ੀਅਨ ਦੇਸ਼ਾਂ ਉਪ ਰਾਜ ਹੋਣ ਕਾਰਣ ਇੱਥੋ ਦੇ ਮੂਲ ਵਾਸੀ ਲੋਕ ਆਪਣੇ ਆਪ ਨੂੰ ਉਤਮ ਸਮਝਦੇ ਹਨ। ਉਹ ਕਿਸੇ ਵੀ ਹਾਲਤ ਵਿਚ ਏਸ਼ੀਅਨ ਲੋਕਾਂ ਨਾਲ ਕਿਸੇ ਕਿਸਮ ਦਾ ਰਿਸ਼ਤਾ ਸਥਾਈ ਰੂਪ ਵਿਚ

ਬਣਾਉਂਣ ਦੇ ਹੱਕ ਵਿਚ ਨਹੀਂ। ਨਾਵਲ ਵਿਚ ਸਾਂਡਰਾ ਜਦੋਂ ਆਪਣੇ ਨਸਲਵਾਦੀ ਪਿਉ ਨੂੰ ਪਰਵਾਸੀ ਪੰਜਾਬੀ ਪਾਲਾ ਸਿੰਘ ਦੇ ਮੁੰਡੇ ਅਮਰ ਜੋ ਕਿ ਪੱਛਮ ਦਾ ਜੰਮਪਲ ਹੈ, ਨਾਲ ਵਿਆਹ ਕਰਾਉਂਣ ਦੀ ਗੱਲ ਸਾਂਝੀ ਕਰਦੀ ਹੈ ਤਾਂ ਉਸ ਦਾ ਨਸਲਵਾਦੀ ਪਿਉ ਆਪਣੀ ਉੱਚੀ ਸ਼ਾਨ ਦੇ ਹਵਾਲੇ ਦੇ ਕੇ ਆਪਣੀ ਧੀ ਨੂੰ ਅਧੀਨ ਸਾਮਰਾਜ ਦੇ ਵਾਸੀ ਨਾਲ ਵਿਆਹ ਕਰਨੋ ਰੋਕਦਾ ਹੈ ਪਰੰਤੂ ਨਵੇਂ ਮਾਹੌਲ ਦੀ ਧਾਰਨੀ ਸਾਂਡਰਾ ਨਸਲਵਾਦੀ ਸੁਰਾਂ ਦੀ ਧਾਰਨੀ ਨਹੀਂ ਉਹ ਖੁਲ੍ਹੇ ਅਜ਼ਾਦ ਖਿਆਲਾਂ ਵਾਲੀ ਕੁੜੀ ਹੈ। ਪਿਉ ਦੁਆਰਾ ਬੱਚਿਆਂ ਦੇ ਰੰਗ ਬਾਰੇ ਪੁੱਛਣ ਤੇ ਉਹ ਆਪਣੇ ਵਿਚਾਰ ਪੇਸ਼ ਕਰਦੀ ਹੋਈ ਕਹਿੰਦੀ ਹੈ,"ਅਸੀਂ ਆਪਣੇ ਬੱਚਿਆਂ ਨੂੰ ਚੰਗੇ ਸ਼ਹਿਰੀ ਬਣਾਉਣ ਦੀ ਕੋਸ਼ਿਸ਼ ਕਰਾਂਗੇ ,ਉਹਨਾਂ ਨੂੰ ਉਹਨਾਂ ਦੇ ਰੰਗ ਤੋਂ ਉਪਰ ਚੁਕਣ ਦੇ ਯਤਨ ਵਿਚ ਰਹਾਂਗੇ।"[7]

ਇਸ ਤਰ੍ਹਾਂ 'ਬ੍ਰਿਟਿਸ਼ ਬੌਰਨ ਦੇਸੀ' ਨਾਵਲ ਵਿਚ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨਾਲ ਉਭਰਦਾ ਤਣਾਉ ਅਤੇ ਦੂਜੀ ਪੀੜ੍ਹੀ ਦਾ ਪੰਜਾਬੀ ਸੱਭਿਆਚਾਰ ਤੋਂ ਬਿਲਕੁਲ ਹੀ ਬੇਮੁਖ ਹੋ ਜਾਣ ਦਾ ਥੀਮ ਮਿਲਦਾ ਹੈ । ਨਾਵਲ ਪਰਵਾਸ ਵਿਚ ਜੰਮੀ ਤੇ ਪ੍ਰਵਾਨ ਚੜ੍ਹੀ ਪੀੜ੍ਹੀ ਦੀ ਗਾਥਾ ਵਿਸ਼ੇਸ਼ ਤੌਰ ਤੇ ਪੇਸ਼ ਕਰਦਾ ਹੈ। ਇਹ ਪੀੜ੍ਹੀ ਜੰਮਣਸਾਰ ਹੀ ਪੱਛਮੀ ਸੱਭਿਆਚਾਰ ਵਿਚ ਘਿਰ ਜਾਂਦੀ ਹੈ। ਉਹਨਾਂ ਦੀਆਂ ਰੁਚੀਆਂ, ਦਿਲਚਸਪੀਆਂ, ਕਦਰਾਂ ਕੀਮਤਾਂ, ਪੰਜਾਬੀ ਸੱਭਿਆਚਾਰ ਨਾਲੋਂ ਬਿਲਕੁਲ ਹੀ ਅਲੱਗ ਕਿਸਮ ਦੀਆਂ ਹੋ ਜਾਂਦੀਆਂ ਹਨ। ਇੱਕ ਪਾਸੇ ਤਾਂ ਘਰ ਦਾ ਮਾਹੌਲ ਪੰਜਾਬੀ ਸੱਭਿਆਚਾਰ ਵਾਲਾ ਹੈ ਅਤੇ ਦੂਜੇ ਪਾਸੇ ਸਕੂਲਾਂ, ਕਾਲਜਾਂ, ਨਾਚ ਘਰਾਂ, ਕਲੱਬਾਂ ਅਤੇ ਸ਼ੌਪਿੰਗ ਸੈਂਟਰਾਂ ਦਾ ਸਾਰਾ ਵਾਤਾਵਰਣ ਵਿਦੇਸ਼ੀ ਸੱਭਿਆਚਾਰ ਵਾਲਾ ਹੈ। ਬ੍ਰਿਟਿਸ਼ ਬੌਰਨ ਪੰਜਾਬੀ ਕੁੜੀਆਂ ਪਰਵਾਸੀ ਪੰਜਾਬੀ ਮਾਪਿਆਂ ਦੀ ਸੋਚ ਦੇ ਅਨੁਸਾਰੀ ਹੋਣ ਦੀ ਬਜਾਇ ਆਪਣੀ ਪੱਛਮੀ ਸੱਭਿਅਤਾ ਦੀ ਸੋਚ ਦੇ ਅਨੁਸਾਰੀ ਚੱਲਦੀਆਂ ਹੋਈਆਂ ਅੰਤਰਨਸਲੀ ਤੇ ਅੰਤਰਜਾਤੀ ਵਿਆਹ ਕਰਨ ਨੂੰ ਤਰਜੀਹ ਦਿੰਦੀਆਂ ਹਨ । ਇਸ ਤੋਂ ਇਲਾਵਾ ਪੱਕੇ ਹੋਣ ਦੀ ਵੱਧ ਰਹੀ ਲਾਲਸਾ ਨੇ ਪਰਵਾਸੀ ਪੰਜਾਬੀ ਕੁੜੀਆਂ ਨੂੰਵੇਸ਼ਵਾਗਮਨੀ ਦਾ ਧੰਦਾ ਅਖ਼ਤਿਆਰ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ ਪੱਛਮ ਵਿਚ ਬਿਨ ਵਿਆਹੀਆਂ ਮਾਵਾਂ ਜਾਂ ਵਿਆਹ ਬਾਹਰੀ ਜਿਨਸੀ ਸੰਬੰਧ ਕੋਈ ਅਲੋਕਾਰੀ ਗੱਲ ਨਹੀਂ ਰਹਿ ਗਏ। ਪੰਜਾਬੀ ਮੂਲ ਦੀਆਂ ਕੁੜੀਆਂ ਵੀ ਇਸ ਦੀ ਗ੍ਰਿਫ਼ਤ ਵਿਚ ਫਸ ਚੁਕੀਆਂ ਹਨ । ਸੋ ਪਰਵਾਸ ਵਿਚ ਜਾ ਕੇ ਪਰਵਾਸੀ ਪੰਜਾਬੀ ਮਾਪਿਆਂ ਦੀ ਪਦਾਰਥਕ ਸੁੱਖਾਂ ਦੀ ਤਾਂ ਪੂਰਤੀ ਹੋ ਜਾਂਦੀ ਹੈ ਪਰੰਤੂ ਮਾਨਸਿਕ ਅਸ਼ਾਂਤੀ ਵਧ ਜਾਂਦੀ ਹੈ । ਉਹ ਆਪਣੀ ਹੋਂਦ ਨੂੰ ਅਣਹੋਂਦ ਵਿਚ ਬਦਲਦਿਆਂ ਤੱਕ ਕੇ ਬੇਚੈਨ ਹੋ ਉਠਦੇ ਹਨ।

**ਲਫਜ਼ / ਸਤਪਾਲ ਕੌਰ ਮੋਗਾ**



ਕਈ ਠੰਢ ਕਲੇਜੇ ਪਾਉਂਦੇ ਲਫਜ਼
ਕੁਝ ਨੈਣੀਂ ਨੀਰ ਵਹਾਉਂਦੇ ਲਫਜ਼

ਬਾਹਾਂ ਵਿੱਚ ਬਾਂਹ ਪਵਾਉਂਦੇ ਲਫ਼ਜ਼
ਤੇ ਬੇਗਾਨੇ ਨੂੰ ਅਪਣਾਉਂਦੇ ਲਫ਼ਜ਼

ਫੁੱਲ ਬਣਕੇ ਨੇ ਮਹਿਕਾਉਂਦੇ ਲਫ਼ਜ਼
ਤੇ ਕੰਢੇ ਬਣ ਰਾਹੀਂ ਆਉਂਦੇ ਲਫ਼ਜ਼

ਵੱਖੋ-ਵੱਖ ਨੇ ਰੂਪ ਵਿਖਾਉਂਦੇ ਲਫ਼ਜ਼
ਮੂੰਹੋਂ ਡਿੱਗੇ ਮੁੜ ਨਾ ਆਉਂਦੇ ਲਫ਼ਜ਼

ਕੁਝ ਵਿੱਛੜੇ ਯਾਰ ਮਿਲਾਉਂਦੇ ਲਫ਼ਜ਼
ਇਸ ਮਨ ਨੂੰ ਕੁਝ ਤੜਫਾਉਂਦੇ ਲਫ਼ਜ਼

ਕੁਝ ਬਾਤਾਂ ਗੁੱਝੀਆਂ ਪਾਉਂਦੇ ਲਫਜ਼
'ਸਤ' ਉਲਝੀ ਨੂੰ ਸੁਲਝਾਉਂਦੇ ਲਫਜ਼

## ਹਵਾਲੇ ਅਤੇ ਟਿੱਪਣੀਆਂ


1. ਹਰਜੀਤ ਅਟਵਾਲ, ਸਾਊਥਾਲ,ਪੰਨਾ-18
2. ਡਾ.ਧਨਵੰਤ ਕੌਰ, 'ਪਰਵਾਸੀ ਪੰਜਾਬੀ ਗਲਪ : ਨਾਰੀਵਾਦੀ ਪਰਿਪੇਖ', ਪਰਵਾਸੀ ਪੰਜਾਬੀ ਸਾਹਿਤ : ਵਰਤਮਾਨ ਪਰਿਪੇਖ, ਸੰਪਾ.ਰਾਜਵਿੰਦਰ ਕੌਰ ਹੁੰਦਲ, ਪੰਨਾ-60
3. ਹਰਜੀਤ ਅਟਵਾਲ, ਬ੍ਰਿਟਿਸ਼ ਬੌਰਨ ਦੇਸੀ, ਪੰਨਾ-14
4. ਹਰਚੰਦ ਸਿੰਘ ਬੇਦੀ, ਬਰਤਾਨਵੀ ਪੰਜਾਬੀ ਗਲਪ ਨਸਲਵਾਦੀ ਪਰਿਪੇਖ, ਪੰਨਾ-225
5. ਹਰਜੀਤ ਅਟਵਾਲ ,ਬ੍ਰਿਟਿਸ਼ ਬੌਰਨ ਦੇਸੀ, ਪੰਨਾ-101-102
6. ਉਹੀ, ਪੰਨਾ-102
7. ਉਹੀ,ਪੰਨਾ- 34



**ਅਸਿਸਟੈਂਟ ਪ੍ਰੋਫੈਸਰ,**
**ਸੈਣੀਬਾਰ ਕਾਲਜ, ਬੁੱਲ੍ਹੋਵਾਲ**
**ਹੁਸ਼ਿਆਰਪੁਰ**

## ਪੁਸਤਕ ਰੀਵਿਊ

### ਚਾਨਣੀ ਦੇ ਦੇਸ ਵਿਚ / ਅਰਤਿੰਦਰ ਸੰਧੂ

ਅਰਤਿੰਦਰ ਸੰਧੂ ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਵੱਡਾ ਨਾਂ ਹੈ। ਉਸ ਵੱਲੋਂ ਕਵਿਤਾ ਦੇ ਖੇਤਰ ਵਿਚ ਪੰਦਰਾਂ ਮੌਲਿਕ ਕਾਵਿ-ਪੁਸਤਕਾਂ ਦਾ ਮਹੱਤਵਪੂਰਨ ਯੋਗਦਾਨ ਪਾਇਆ ਗਿਆ ਹੈ ਤੇ ਇਸ 'ਤੇ ਬਹੁਤ ਸਾਰਾ ਖੋਜ ਕਾਰਜ ਵੀ ਹੋਇਆ ਹੈ। ਉਸਦੀ ਕਵਿਤਾ ਵੱਡੇ ਪੱਧਰ 'ਤੇ ਅਨੁਵਾਦਿਤ ਹੋ ਕੇ ਹਿੰਦੀ ਭਾਸ਼ਾ ਦੇ ਪਾਠਕਾਂ ਦੇ ਵਿਸ਼ਾਲ ਘੇਰੇ ਵਿੱਚ ਵੀ ਪਹੁੰਚੀ ਹੈ। ਉਸ ਸੁਰ, ਲੈਅ ਤੇ ਤਾਲ ਵਰਗੇ ਸਰੋਦੀ ਗੁਣਾਂ ਦੀ ਬੰਦਿਸ਼ ਨੂੰ ਕਬੂਲਣ ਵਾਲੀ ਪ੍ਰਗੀਤਕ ਕਵਿਤਾ ਵੀ ਲਿਖੀ ਹੈ ਤੇ ਇਸ ਬੰਦਿਸ਼ ਤੋਂ ਮੁਕਤ ਖੁੱਲ੍ਹੀ ਕਵਿਤਾ ਵੀ। ਉਸਦੀ ਕਵਿਤਾ ਦੇ ਵੱਡੇ ਪਾਰਖੂ ਡਾ. ਮੋਹਨ ਸਿੰਘ ਤਿਆਗੀ ਵੱਲੋਂ ਸੰਪਾਦਿਤ ਉਸਦੀਆਂ ਪ੍ਰਗੀਤਕ ਕਵਿਤਾਵਾਂ ਦੇ ਸੰਗ੍ਰਹਿ 'ਚਾਨਣੀ ਦੇ ਦੇਸ ਵਿੱਚ' ਵਿਚਲਾ ਪ੍ਰਗੀਤ ਭਾਵਨਾਤਮਕ ਤੇ ਵਿਚਾਰਧਾਰਕ ਦੋਵਾਂ ਧਰਾਤਲਾਂ 'ਤੇ ਪਾਠਕਾਂ ਦੀ ਸੁਹਜ ਸਤੁੰਸ਼ਟੀ ਕਰਾਉਣ ਵਾਲਾ ਹੈ। ਇਹ ਪ੍ਰਗੀਤਕ ਰਚਨਾਵਾਂ ਉਸਦੀ ਵਿਅਕਤੀਗਤ ਹੋਂਦ ਨਾਲ ਜੁੜੇ ਸਮਾਜਿਕ. ਆਰਥਿਕ, ਰਾਜਨੀਤਕ ਸਭਿਆਚਾਰਕ ਤੇ ਮਨੋਵਿਗਿਆਨਕ ਸਰੋਕਾਰਾਂ ਦੀ ਅਭਿਵਿਅਕਤੀ ਵੀ ਕਰਦੀਆਂ ਹਨ ਤੇ ਉਸਦੇ ਅੰਤਰ ਮਨ ਦੀ ਦਸ਼ਾ ਨੂੰ ਵੀ ਰੂਪਮਾਨ ਕਰਦੀਆਂ ਹਨ।

ਉਸਦੀ ਪ੍ਰਗੀਤਕ ਕਵਿਤਾ ਚਾਨਣ-ਹਨੇਰੇ, ਆਸਾ-ਨਿਰਾਸ਼ਾ, ਧੁੱਪ-ਛਾਂ, ਖੁਸ਼ੀ-ਗ਼ਮੀ, ਜ਼ਿੰਦਾਦਿਲੀ-ਬੁਜ਼ਦਿਲੀ, ਪਿਆਰ-ਨਫ਼ਰਤ, ਸੁੱਖ -ਦੁੱਖ, ਟੁੱਟਣ -ਜੁੜ, ਸਵੇਰ-ਸ਼ਾਮ ਅਤੇ ਸਹਿਜਤਾ-ਭਟਕਣਾ ਆਦਿ ਵਿਰੋਧੀ ਜੁੱਟਾਂ ਵਿਚਲੇ ਤਨਾਵਾਂ, ਟਕਰਾਵਾਂ ਤੇ ਦਵੰਦਾਂ ਨੂੰ ਪਰਿਭਾਸ਼ਤ ਕਰਦੀ ਹੈ ਤਾਂ ਪਤਾ ਚਲਦਾ ਹੈ ਕਿ ਇਨ੍ਹਾਂ ਵਿਰੋਧੀ ਜੁੱਟਾਂ ਦੀਆਂ ਦੋਵੇਂ ਸ਼ਾਬਦਿਕ ਇਕਾਈਆਂ ਇਕ ਦੂਸਰੇ ਦੀਆਂ ਵਿਰੋਧੀ ਵੀ ਹਨ ਤੇ ਪੂਰਕ ਵੀ । ਜਿਵੇਂ ਹਨੇਰਾ ਚਾਨਣ ਦਾ ਵਿਰੋਧੀ ਹੋਣ ਤੇ ਵੀ ਉਸਦੀ ਅਹਿਮੀਅਤ ਨੂੰ ਵੀ ਵਧਾਉਂਦਾ ਹੈ ਉਵੇਂ ਹਰ ਵਿਰੋਧੀ ਜੁੱਟ ਦੀਆਂ ਇਕਾਂਈਆਂ ਇਕ ਦੂਜੇ ਦੀਆਂ ਪੂਰਕ ਬਣਦੀਆਂ ਹਨ। ਅਰਤਿੰਦਰ ਸੰਧੂ ਦੀ ਕੋਸ਼ਿਸ਼ ਇਹਨਾਂ ਵਿਰੋਧੀ ਜੁੱਟਾਂ ਵਿੱਚੋਂ ਜੀਵਨ ਨੂੰ ਹਾਂਦਰੂ ਦਿਸ਼ਾ ਦੇਣ ਵਾਲੀ ਭਾਵਨਾਤਮਕ ਇਕਾਈ ਨੂੰ ਪ੍ਰਮੁੱਖਤਾ ਦੇਣ ਦੀ ਹੈ, ਇਸ ਲਈ ਉਹ ਆਪਣੀ ਗੀਤਾਂ ਦੀ ਉਦਾਸ ਰੂਹ ਨੂੰ ਹੀ ਜ਼ਿੰਦਗੀ ਦਾ ਹੁਲਾਸ ਤਲਾਸ਼ ਕਰਨ ਦੀ ਜ਼ਿੰਮੇਵਾਰੀ ਸੌਂਪਦੀ ਹੈ। ਉਸ ਵੇਲੇ ਅਰਤਿੰਦਰ ਸੰਧੂ ਦੀ ਪ੍ਰਗੀਤਕ ਕਵਿਤਾ ਦਾ ਸਿਰਜਨਾਤਮਕ ਜਲੌਅ ਹੋਰ ਵੀ ਵਧ ਹੋ ਜਾਂਦਾ ਹੈ ਜਦੋਂ ਇਹ ਥੱਕੀ ਟੁੱਟੀ ਤੇ ਨਿਰਾਸ਼ ਹੋਈ ਜ਼ਿੰਦਗੀ ਦੀ ਪੁਨਰ ਉਸਾਰੀ ਕਰਨ ਦੀ ਕੋਸ਼ਿਸ਼ ਕਰਦਿਆਂ ਹਨੇਰੇ ਦਾ ਰੂਪਾਂਤਰਨ ਚਾਨਣ ਵਿੱਚ ਕਰਨ ਦਾ ਦਮ ਭਰਦੀ ਹੈ। ਜਦੋਂ ਉਸਦੇ ਸਾਹਾਂ ਅੰਦਰ ਵੱਸੀ ਸਿਲ ਵੱਗਦੀ ਹਵਾ ਨਾਲ ਮਿਲ ਕੇ ਜ਼ਿੰਦਗੀ ਦਾ ਰਾਗ ਛੇੜਦੀ ਹੈ( ਸੋਚ ਦੀ ਡਾਚੀ ਤੂੰ ਸੁਣ) ਜਾਂ ਉਸਦੇ ਖਿਆਲ ਨਫ਼ਰਤਾਂ ਦੇ ਰਾਗ ਵਿੱਚ ਤੇ ਪੀੜਾਂ ਦੇ ਬਾਗ ਵਿਚ ਖਿਲਰੀ ਤੇ ਗੁੰਮੀ ਜ਼ਿੰਦਗੀ ਦਾ ਤਾਣਾ ਬਾਣਾ ਫਿਰ ਤੋਂ ਬੁਣਦੇ ਹਨ (ਮੇਰੇ ਖਿਆਲੋ ਸੁਰ ਚੁਣ) ਤਾਂ ਇਹ ਰੂਪਾਂਤਰਨ ਹੋਰ ਵੀ ਪ੍ਰਭਾਵੀ ਹੋ ਜਾਂਦਾ ਹੈ। ਜ਼ਿੰਦਗੀ ਵਿੱਚ ਮਿਲੀਆਂ ਅਸਥਾਈ ਹਾਰਾਂ ਉਸਨੂੰ ਕੁਝ ਸਮੇ ਲਈ ਵਿਚਲਿਤ ਤਾਂ ਕਰਦੀਆਂ ਹਨ ਪਰ ਉਸ ਅੰਦਰਲੀ ਜੁਝਾਰੂ ਸ਼ਕਤੀ ਪ੍ਰਤੀਕੂਲ ਸਥੀਤੀਆਂ ਨੂੰ ਅਨੁਕੂਲ ਬਣਾਉਣ ਦੀ ਸਮਰੱਥਾ ਰੱਖਦੀ ਹੈ । ਉਸਦੀ ਕਵਿਤਾ ਨਾ ਸਿਰਫ਼ ਜੀਵਨ ਦੇ ਬਿਖੜੇ ਰਾਹਾਂ ਦੀ ਚਨੌਤੀ ਨੂੰ ਕਬੂਲਦੀ ਹੀਂ ਨਹੀਂ ਸਗੋਂ ਪ੍ਰਤੀਕੂਲ ਸਥਿਤੀਆਂ ਨੂੰ ਹੋਰ ਜੋਰ ਲਾਉਣ ਲਈ ਵੀ ਵੰਗਾਰਦੀ ਵੀ ਹੈ-

ਲਾਈ ਜਾ ਜ਼ੋਰ ਜ਼ਿੰਦਗੀ
ਨਹੀਂ ਟੁੱਟਣਾ ਮੈਂ ਤੈਥੋਂ ਅਸਾਨੀ ਦੇ ਨਾਲ
ਲਚਕ ਮੇਰੀ ਕਮਜ਼ੋਰੀ ਨਹੀਂ
ਆਦਤ ਹੈ ਜ਼ਿਦ ਦੀ ਨਿਸ਼ਾਨੀ ਦੇ ਨਾਲ ।

ਇਹ ਪ੍ਰਗੀਤਕ ਕਵਿਤਾ ਜਦੋਂ ਵਿਸ਼ਵੀਕਰਨ ਦੀ ਤੇਜ ਰਫ਼ਤਾਰ ਆਮਦ ਦੀ ਬਿੜਕ ਲੈਂਦੀ ਹੈ ਤਾਂ ਇਸਨੂੰ ਲੱਗਦਾ ਹੈ ਕਿ ਸਾਰੀ ਦੁਨੀਆਂ ਨੂੰ ਇੱਕ ਪਿੰਡ ਵਿਚ ਬਦਲਣ ਦਾ ਏਜੰਡਾ ਲੋਕ ਕਲਿਆਣਕਾਰੀ ਨਹੀਂ ਹੈ, ਸਗੋਂ ਲੁੱਟ ਤੇ ਮੁਨਾਫੇਖੋਰੀ 'ਤੇ ਹੀ ਅਧਾਰਿਤ ਹੈ । ਉਸਦੀ ਕਵਿਤਾ ਦੀ ਚਿੰਤਨੀ ਸੁਰ ਵਿਸ਼ਵ ਪਿੰਡ ਦੇ ਉਸਾਰ ਪਿੱਛੇ ਛੁਪੇ ਲੁਕਵੇਂ ਏਜੰਡੇ ਨੂੰ ਰੂਪਮਾਨ ਕਰਦੀ ਹੈ ਤਾਂ ਇਸ ਉਸਾਰ ਦਾ ਮਾਨਵਤਾ ਵਿਰੋਧੀ ਖਾਸਾ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ । ਉਸ ਦੇ ਚਿੰਤਨ ਅਨੁਸਾਰ ਗੋਲ- ਗੋਲ ਵਿਸ਼ਵੀ ਪਿੰਡ ਦੀ ਉਸਾਰੀ ਮਨੁੱਖੀ ਕਿਰਤ ਦੇ ਸਾਰੇ ਸਾਧਨਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਹੀ ਕੀਤੀ ਜਾ ਰਹੀ ਹੈ ਤੇ ਵਿਸ਼ਵ ਪਿੰਡ ਦੇ ਨਾਂ 'ਤੇ ਅਸਲ ਵਿੱਚ ਵਿਸ਼ਵ ਬਜ਼ਾਰ ਦੀ ਸਥਾਪਨਾ ਹੋ ਰਹੀ ਹੈ। ਇਹ ਬਜ਼ਾਰ ਲੋਕਾਂ ਦੀਆਂ ਉਪਭੋਗੀ ਜ਼ਰੂਰਤਾਂ ਵਿਚ ਵਾਧਾ ਕਰਕੇ ਉਨ੍ਹਾਂ ਦੇ ਸੁਪਨਿਆਂ ਨੂੰ ਮੰਡੀ ਦੇ ਰੰਗਾਂ ਵਿਚ ਬਦਲ ਰਿਹਾ ਹੈ ਅਤੇ ਇਸ ਦੀ ਨਜ਼ਰ ਕਿਸਾਨ ਦੀ ਭੋਇੰ ਮਾਲਕੀ ਨਾਲ ਜੁੜੇ ਸੁਪਨਿਆਂ 'ਤੇ ਬਰਾਬਰ ਰੂਪ ਵਿਚ ਬਣੀ ਹੋਈ ਹੈ-

ਹਰ ਸ਼ਹਿਰ ਵਿਕਾਊ ਹੈ ਸੱਜਣਾਂ
ਹਰ ਲਹਿਰ ਵਿਕਾਊ ਹੈ ਸੱਜਣਾਂ
ਸਾਡੇ ਇਸ ਆਲੇ ਭੋਲੇ ਮਾਲੀ ਦੀ
ਹਰ ਠਹਿਰ ਵਿਕਾਊ ਹੈ ਸੱਜਣਾਂ ।

ਇਸ ਪ੍ਰਗੀਤਕ ਕਵਿਤਾਵਾਂ ਦੇ ਸੰਗ੍ਰਹਿ ਵਿੱਚ ਭਾਵ ਪਹਿਲੇ ਤੇ ਵਿਚਾਰ ਦੂਸਰੇ ਨੰਬਰ 'ਤੇ ਹਨ ਤੇ ਇਹਨਾਂ ਵਿਚਲਾ

ਭਾਵਨਾਵਾਂ ਦਾ ਵਹਿਣ ਭਰ ਵਗਦੇ ਦਰਿਆ ਵਰਗਾ ਹੈ । ਇਨ੍ਹਾਂ ਵਿਚ ਪ੍ਰੇਰਕ ਭਾਵਨਾਵਾਂ ਦੀ ਅਖੰਡਤਾ ਪੂਰੀ ਤਰ੍ਹਾਂ ਕਾਇਮ ਰਹਿੰਦੀ ਹੈ। ਇਨ੍ਹਾਂ ਕਾਵਿ ਰਚਨਾਵਾਂ ਨੂੰ ਗੁਣਗੁਣਾਇਆ ਵੀ ਜਾ ਸਕਦਾ ਹੈ ਤੇ ਸੰਗੀਤ ਸੁਰਾਂ ਵਿੱਚ ਵੀ ਢਾਲ੍ਹਿਆ ਜਾ ਸਕਦਾ ਹੈ। ਭਾਵੇਂ ਕਈ ਥਾਈ ਭਾਵਾਂ ਦਾ ਦੁਹਰਾਅ ਹੋਇਆ ਹੈ ਪਰ ਭਾਸ਼ਾ ਦਾ ਸੁਹਜ ਅਸਾਨੀ ਨਾਲ ਇਸ ਕਮੀ ਨੂੰ ਢੱਕ ਲੈਂਦਾ ਹੈ। ਸੰਪਾਦਕ ਵੱਲੋਂ ਇਨ੍ਹਾ ਪ੍ਰਗੀਤ ਰਚਨਾਵਾਂ ਦਾ ਸੰਪਾਦਨ ਬਹੁਤ ਸੁਚੱਜਾ ਹੈ ਤੇ ਉਸ ਵੱਲੋਂ ਲਿਖੀ ਸੰਪਾਦਕੀ ਵੀ ਇਨ੍ਹਾਂ ਵਿਚਲੀ ਪ੍ਰਗੀਤਕਾ ਨਾਲ ਪੂਰਾ ਨਿਆਂ ਕਰਦੀ ਹੈ।

**–ਨਿਰੰਜਨ ਬੋਹਾ**

## ਮੈਂ ਤੇ ਰੀਤ / ਬਲਜਿੰਦਰ ਕੌਰ ਕਲਸੀ

ਸਾਹਿਤਕ ਖੇਤਰ ਵਿੱਚ ਮਾਂ ਬੋਲੀ ਲਈ ਏਨੀ ਕਦਰ ਤੇ ਸ਼ਿੱਦਤ ਨਾਲ ਵਫ਼ਾ ਪਾਲ ਰਹੀ ਬਲਜਿੰਦਰ ਕੌਰ ਕਲਸੀ ਚਮਤਕਾਰੀ ਸਿਰਜਣਾਤਮਕ ਪ੍ਰਤਿਭਾ ਦੀ ਸਮਰੱਥ ਲੇਖਿਕਾ ਬਣ ਕੇ ਉੱਭਰ ਰਹੀ ਹੈ। ਉਸ ਦੀ ਫ਼ਿਤਰਤ ਵਿੱਚ ਉੱਚੀਆਂ ਸੋਚਾਂ, ਕਮਾਲ ਦੇ ਜਜ਼ਬੇ ਤੇ ਉੱਤਮ ਵਿਚਾਰਾਂ ਦੀ ਗੁੜ੍ਹਤੀ ਸਮਾਈ ਹੋਈ ਪ੍ਰਤੀਤ ਹੁੰਦੀ ਹੈ। ਉਹ ਆਪ ਹੀ ਲਿਖਦੀ ਹੈ ਕਿ ਮੇਰੀ ਲੇਖਣੀ ਮੇਰੇ ਅਹਿਸਾਸਾਂ ਦੀ ਖੁਸ਼ਬੋ ਹੈ ਅਤੇ ਇਹੀ ਕਾਰਨ ਹੈ ਕਿ ਉਸਦੀ ਕਾਵਿ–ਚੇਤਨਾ ਉਸਦੇ ਚਿੰਤਨ ਦੀ ਧਰਾਤਲ ਹੈ ਅਤੇ ਕਈ ਥਾਵਾਂ ਤੇ ਉਸਨੂੰ ਇਹ ਆਪਣੇ ਸਾਹਾਂ ਦੀ ਧੜਕਣ ਮਹਿਸੂਸ ਹੁੰਦੀ ਹੈ। ਉਸਦੀ ਪਲੇਠੀ ਕਾਵਿ–ਪੁਸਤਕ 'ਮੈਂ ਤੇ ਰੀਤ' ਵਿੱਚ ਉਹ ਇਤਨੀ ਜਜ਼ਬਾਤੀ ਹੋ ਜਾਂਦੀ ਹੈ ਕਿ ਉਹ ਰੀਤ ਨੂੰ ਮੇਰੀ ਖੁਸ਼ਬੋ, ਮੇਰੀ ਰੀਤ ਅਤੇ ਹੂਬਹੂ ਮੇਰੀ ਰੂਹ ਗਰਦਾਨਦੀ ਹੈ ।

ਰੀਤ ਰੀਤ ਕਰਦੀ ਨੀ ਮੈਂ / ਆਪ ਰੀਤ ਹਾਂ ਹੋਈ
ਸੱਦੋ ਨੀ ਮੈਨੂੰ ਰੀਤ ਹੀ ਕਹਿਕੇ/ ਰੀਤ ਪ੍ਰੀਤ ਹਾਂ ਹੋਈ।

ਆਪਣੀ ਕਾਵਿ–ਚੇਤਨਾ ਵਿੱਚ ਬਲਜਿੰਦਰ ਖ਼ੁਦ ਨੂੰ ਖ਼ੁਦ 'ਚੋਂ ਤਲਾਸ਼ ਕਰਦੀ ਹੈ ਅਤੇ ਮੰਜ਼ਿਲ ਤੇ ਪਹੁੰਚਣ ਦਾ ਅਭਿਆਸ ਵੀ । ਉਹ ਪਲ ਪਲ ਹਉਕਿਆਂ ਸੰਗ ਵਿਚਰਦੀ ਹੈ ਅਤੇ ਅਤੀਤ ਦੇ ਪਰਛਾਵੇਂ ਉਸਦਾ ਸਰਮਾਇਆ ਹਨ....

ਜਦੋਂ ਗੁਜ਼ਰੇ ਹੋਏ ਵਕਤ ਨੂੰ ਚੇਤੇ ਮੈਂ ਕਰਦਾ ਹਾਂ
ਹਉਕਾ ਜਿਹਾ ਲੈ ਕੇ ਅੰਦਰੋਂ ਖੁਰਦਾ ਹੀ ਜਾਂਦਾ ਹਾਂ

'ਤਾਂ ਬਲਜਿੰਦਰ ਨਾ ਆਖੀਂ" ਕਵਿਤਾ ਵਿੱਚ ਲੋਹੜੇ ਦਾ ਸਵੈ ਵਿਸ਼ਵਾਸ ਵੇਖੋ....

ਹਰ ਚਿਹਰੇ ਤੇ ਚਿਹਰੇ ਰੰਗ ਬਰੰਗੇ ਨੇ
ਬੰਦਿਆ ਤੇਰਾ ਅਸਲੀ ਚਿਹਰਾ ਨਾ ਵਿਖਾਇਆ
ਤਾਂ ਬਲਜਿੰਦਰ ਨਾ ਆਖੀਂ

ਧੀ ਲਈ ਅੰਬਰ ਦੀ ਪਰਵਾਜ਼, ਕਿੰਨਰਾਂ ਸੰਬੰਧੀ ਸੰਜੀਦਾ ਵਿਸ਼ਲੇਸ਼ਣ, ਪਿੰਡ ਦੀ ਯਾਦ ਵਿੱਚ ਪਿੰਡ ਦਾ ਹੇਰਵਾ ਅਤੇ ਉਸਦੀ ਕਵਿਤਾ ਵਿੱਚ ਹਰ ਤਰਾਂ ਦੇ ਰੰਗ ਉਗੜਦੇ ਅਤੇ ਉਹ ਆਪ ਇਕ ਕਵਿਤਾ ਬਣ ਵਿਚਰਦੀ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਉਹ ਇਕ ਖ਼ਾਮੋਸ਼ ਮੁਹੱਬਤ ਦਾ ਮੁਜੱਸਮਾ ਬਣ ਗ਼ਜ਼ਲਾਂ ਤੇ ਗੀਤਾਂ ਵਿੱਚ ਮੜ੍ਹੀ ਜਾਣਾ ਲੋਚਦੀ ਹੈ। ਸਮਾਜ ਦਾ ਦੁਖਾਂਤ, ਕਿਰਤ ਦੀ ਲੁੱਟ, ਬੱਚਿਆਂ ਦੀ ਮਸੂਮੀਅਤ, ਸਰਕਾਰੀ ਸਕੂਲਾਂ ਦਾ ਦੁਖਾਂਤਕ ਚਿਤਰਣ, ਕੁੜੀਆਂ ਪ੍ਰਤੀ ਉਸਾਰੂ ਸੋਚ, ਮਾਂ ਬੋਲੀ, ਪੁਰਾਤਨ ਵਿਰਸੇ ਦੀਆਂ ਵਸਤਾਂ ਪ੍ਰਤੀ ਮੋਹ ਅਤੇ ਸਮਾਜਿਕ, ਆਰਥਿਕ, ਰਾਜਸੀ ਅਤੇ ਧਾਰਮਿਕ ਫ਼ਲਸਫ਼ੇ ਦੀਆਂ ਡੂੰਘੀਆਂ ਖੋਜ ਭਰਪੂਰ ਬਾਤਾਂ ਪਾਉਂਦੀ ਹੈ ਅਤੇ ਕਵਿਤਾ ਦੇ ਗਰਭ ਵਿੱਚੋਂ ਰੀਤ ਦਾ ਪਰਛਾਵਾਂ ਤੇ ਸਿਰਨਾਵਾਂ ਸਿਰਜਦੀ ਹੈ । ਖ਼ੂਬਸੂਰਤ ਤਸਵੀਰਾਂ ਵਿੱਚ ਪਰੋਏ ਉਸਦੇ ਹਾਵ ਭਾਵ ਉਸਦੀ ਕਵਿਤਾ ਦਾ ਹਾਸਲ ਬਣਦੇ ਹਨ। ਨਿਰਸੰਦੇਹ ਉਸਦੀ ਕਾਵਿ–ਚੇਤਨਾ ਵਿੱਚ ਖਿਆਲਾਂ ਦੀ ਉਡਾਰੀ, ਵਿਚਾਰਾਂ ਦੀ ਪਕਿਆਈ, ਭਾਵਾਂ ਦੀ ਸੂਖਮਤਾ, ਲਿਖਤ ਵਿਚਲੀ ਰਵਾਨਗੀ ਅਤੇ ਸਹਿਜਤਾ ਉਸਦੀ ਕਾਵਿ–ਕਲਾ ਦੇ ਮੀਰੀ ਗੁਣ ਹਨ ਅਤੇ ਉਹ ਲੋਕ ਸਰੋਕਾਰਾਂ ਨੂੰ ਸੂਖਮ ਪੱਧਰ ਤੇ ਪੇਸ਼ ਕਰਦੀ ਹੈ। ਆਸ ਕਰਦੇ ਹਾਂ ਕਿ ਬਲਜਿੰਦਰ ਕਲਸੀ ਸਾਹਿਤ ਸਿਰਜਣਾ ਦੀ ਨਿਰੰਤਰਤਾ ਨੂੰ ਕਾਇਮ ਰੱਖੇਗੀ ।

**–ਪ੍ਰੋ. ਸੁਰਜੀਤ ਸਿੰਘ ਕਾਉਂਕੇ, ਪ੍ਰਧਾਨ,**
**ਲਿਖਾਰੀ ਸਭਾ ਮੋਗਾ (ਰਜਿ:)**

## ਫਿਕਰ ਨਾ ਕਰੀਂ / ਚਰਨਜੀਤ ਸਮਾਲਸਰ

ਚਰਨਜੀਤ ਸਮਾਲਸਰ, ਚਰਨਜੀਤ ਗਿੱਲ ਸਮਾਲਸਰ। ਅਸਲ ਵਿੱਚ ਇੱਕ ਸ਼ਾਇਰ ਦਾ ਹੀ ਨਾਮ ਹੈ। ਚਰਨਜੀਤ ਕਿਤਾਬੀ ਵਰਤ ਵਰਤਾਰੇ ਵਿੱਚ ਭਾਵੇਂ ਅਸਲੋਂ ਹੀ ਨਵੇਂ ਨਾਮ ਵਜੋਂ ਜਾਣਿਆ ਜਾਂ ਸਮਝਿਆ ਜਾਵੇ ਪਰ ਸਾਹਿਤ ਅਤੇ ਸਾਹਿਤਕ ਅਦਾਰਿਆਂ ਨਾਲ ਉਹ ਚੜ੍ਹਦੀ ਉਮਰੇ ਹੀ ਘਰ ਵਰਗੀ ਸਾਂਝ ਪਾਲੀ ਬੈਠਾ ਹੈ। ਉਸਦੀ ਕਵਿਤਾ ਨੂੰ ਪੜ੍ਹਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਉਹ 'ਕਵਿਤਾ' ਦੇ ਨਾਮ 'ਤੇ ਧੜੱਲੇ ਨਾਲ ਛਪ ਰਹੀਆਂ ਕਾਵਿ–ਪੁਸਤਕਾਂ ਦੇ ਪ੍ਰਦੂਸ਼ਣ ਵਰਗੇ ਮਾਹੌਲ ਤੋਂ ਕੋਹਾਂ ਦੂਰ ਹੈ। ਉਸ ਦੀ ਕਵਿਤਾ ਵਿੱਚ ਵੇਖੇ ਸੁਣੇ ਸੱਚ ਨਾਲੋਂ ਹੱਡੀਂ ਹੰਢਾਇਆ ਸੱਚ ਜਿਆਦਾ ਪ੍ਰਤੱਖ ਅਤੇ ਪ੍ਰਬਲ ਨਜ਼ਰ ਆਉਂਦਾ ਹੈ। ਉਸਨੇ ਜ਼ਿੰਦਗੀ ਦੇ ਸੱਚ ਅਤੇ ਸਫ਼ਰ ਨੂੰ ਫ਼ੀਤੇ ਨਾਲ ਨਹੀਂ ਪੈਰਾਂ ਨਾਲ ਮਿਣਿਆ ਹੈ। ਇਸ ਕਰਕੇ ਉਸਦੀ ਕਵਿਤਾ ਨਿੱਜਵਾਦੀ ਸੁਰ ਵਾਲੀ ਹੁੰਦੀ ਹੋਈ ਵੀ ਲੋਕ ਫਿਕਰ ਅਤੇ ਪੀੜਾ ਦੀ ਜ਼ਬਾਨ ਬਣਦੀ ਹੈ। ਮੈਂ ਜਦ ਉਸਦੀਆਂ ਕਵਿਤਾਵਾਂ 'ਚੋਂ ਅਜੇ ਲੰਘਣਾ ਸੀ। ਮੇਰੇ ਅੰਦਰ ਕਈ ਸ਼ੰਕੇ ਅਤੇ ਸੰਸੇ ਸਨ। ਕਿਉਂਕਿ ਚਰਨਜੀਤ ਮਰਹੂਮ ਉਸਤਾਦ ਗ਼ਜ਼ਲਗੋ ਮਹਿੰਦਰ ਸਾਥੀ ਹੋਰਾਂ ਦੀ ਭਰਵੀਂ ਹਾਜ਼ਰੀ ਭਰਦਾ ਰਿਹਾ ਹੈ। ਉਹ ਪ੍ਰਸਿੱਧ ਕਹਾਣੀਕਾਰ ਅਤੇ ਸ਼ਾਇਰ ਮਿੱਤਰ ਗੁਰਮੀਤ

ਕੜਿਆਲਵੀ ਹੋਰਾਂ ਕੋਲੋਂ ਵੀ ਥਾਪੜੇ ਦੇ ਰੂਪ ਵਿੱਚ ਗੱਫ਼ੇ ਛੱਕਦਾ ਰਹਿੰਦਾ ਹੈ ਅਤੇ ਭਾਜੀ ਬਲਦੇਵ ਸਿੰਘ ਸੜਕਨਾਮਾ ਦੇ ਮੋਹ ਦਾ ਵੀ ਹਿੱਸਾ ਹੈ। ਮੈਂ ਸੋਚਦਾ ਸਾਂ ਕਿ ਯਕੀਨਨ ਇਨ੍ਹਾਂ ਸਾਰਿਆਂ ਨੇ ਚਰਨਜੀਤ ਦੀ ਕਵਿਤਾ ਨੂੰ ਪਲੋਸਿਆ ਵੀ ਹੋਵੇਗਾ ਅਤੇ ਕੁੱਝ ਵਾਰ ਢਾਹ ਕੇ ਨਵੇਂ ਸਿਰਿਓਂ ਧਰੇ ਵੀ ਹੋਣਗੇ ਤੇ ਇੰਝ ਚਰਨਜੀਤ ਦੀ ਆਪਣੀ ਕਵਿਤਾ ਕਿੱਥੇ ਹੋਵੇਗੀ? ਪਰ ਉਸਦੀਆਂ ਕਵਿਤਾਵਾਂ 'ਚੋਂ ਲੰਘਦਿਆਂ ਸਾਰੇ ਸ਼ੰਕੇ, ਸੰਸੇ 'ਮਿਟੀ ਧੁੰਦ' ਵਾਂਗ ਨਵਿਰਤ ਹੋ ਗਏ। ਵੱਡੀਆਂ ਸਖ਼ਸ਼ੀਅਤਾਂ ਨੇ ਚਰਨਜੀਤ ਦੀ ਕਵਿਤਾ ਨੂੰ ਪਲੋਸਿਆ, ਨਿਹਾਰਿਆ ਅਤੇ ਆਸ਼ੀਰਵਾਦ ਦਿੱਤਾ ਹੈ, ਰਾਜਗਿਰੀ ਨਹੀਂ ਕੀਤੀ ਇਹ ਮੇਰੇ ਲਈ ਤਸੱਲੀ ਵਾਲੀ ਗੱਲ ਹੋ ਨਿੱਬੜੀ ਹੈ। ਚਰਨਜੀਤ ਦੀਆਂ ਕੁੱਝ ਕਵਿਤਾਵਾਂ ਸਮਰੱਥ ਕਵਿਤਾਵਾਂ ਦੇ 'ਬਰ' ਦੀਆਂ ਹਨ। ਭਾਵੇਂ ਕਿ ਉਸਦੀਆਂ ਬਹੁਤੀਆਂ ਕਵਿਤਾਵਾਂ ਨਾਹਰਾਮਈ ਸੁਰ ਵਿੱਚ ਲਿਖੀਆਂ ਗਈਆਂ ਹਨ। ਤਸੱਲੀ ਅਤੇ ਸਿਦਕ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਨਾਹਰਿਆਂ ਵਿੱਚ ਵੀ ਲੋਕਾਈ ਦੇ ਫਿਕਰ ਹਨ। ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਫ਼ਿਕਰ ਨਾ ਕਰੀਂ' ਵਿੱਚ ਕਿਸ ਨੂੰ ਸੰਬੋਧਤ ਹੋ ਰਿਹਾ ਹੈ ਅਤੇ ਕਿਸ ਨੂੰ ਚਿੰਤਾ ਮੁਕਤ ਕਹਿ ਰਿਹਾ ਹੈ ? ਸੱਤਾ 'ਤੇ ਕਾਬਜ਼ ਧਿਰਾਂ ਮਦਾਰੀ ਤਾਂ ਹਨ, ਨਾਲ ਨਾਲ ਲਲਾਰੀ ਬਣਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸੇ ਕਰਕੇ ਲਾਲ-ਰੰਗ ਸਮੇਤ ਸਾਡੇ ਸਾਰੇ ਰੰਗਾਂ ਨੂੰ ਭਗਵੇਂ ਰੰਗ ਵਿੱਚ ਰੰਗਣ ਦੀ ਜਿੱਦ ਅਤੇ ਕੋਸ਼ਿਸ਼ ਕਰ ਰਹੀਆਂ ਹਨ। ਏਥੋਂ ਤੱਕ ਨਾਵਾਂ, ਥਾਵਾਂ ਰਿਸ਼ਤਿਆਂ ਅਤੇ ਬਾਹਾਂ ਨੂੰ ਭਗਵੇਂ ਰੰਗ ਵਿੱਚ ਰੰਗਿਆ ਜਾ ਰਿਹਾ ਹੈ। ਇਸ ਕਰੁੱਤੀ ਰੁੱਤ ਵਿੱਚ ਸ਼ਾਇਰ ਕਿਵੇਂ ਚੁੱਪ ਰਹਿ ਸਕਦਾ ਹੈ।

ਉਹ ਚਾਹੁੰਦੇ ਨੇ / ਮੇਰੀ ਕਲਮ ਦੀ ਸਿਆਹੀ ਸੁੱਕ ਜਾਵੇ<br>
ਅੱਖਰ ਕ੍ਰਾਂਤੀ ਰੁਕ ਜਾਵੇ / 'ਲਾਲ' ਤਾਂ ਜਮਾ ਈ ਮੁੱਕ ਜਾਵੇ<br>
ਸਿਆਸਤ ਦੀ ਸੱਪਣੀ ਮੇਰੀ ਕਲਮ ਦੀ ਨੋਕ 'ਤੇ<br>
ਜ਼ਹਿਰ ਉਗਲ ਜਾਵੇ

ਚਰਨਜੀਤ ਦੀ ਕਿਤਾਬ 'ਫਿਕਰ ਨਾ ਕਰੀਂ' ਨੂੰ ਖੁਸ਼-ਆਮ-ਦੀਦ ਕਹਿੰਦਾ ਹੋਇਆ ਉਸ ਦੀ ਕਲਮ ਤੋਂ ਹਮੇਸ਼ਾ ਇਹ ਤਵੱਕੋ ਕਰਦਾ ਰਹਾਂਗਾ ਕਿ ਉਹ ਹਮੇਸ਼ਾ 'ਸੱਚ ਸੁਣਾਇਸੀ ਸੱਚ ਕੀ ਬੇਲਾ' ਤੇ ਪਹਿਰਾ ਦਿੰਦੀ ਰਹੇਗੀ।

**-ਬਖਤਾਵਰ ਧਾਲੀਵਾਲ (ਪ੍ਰੋ.)**

## ਹਨ੍ਹੇਰੇ ਦੀ ਲੋਅ / ਰਮਾਂ ਸੇਖੋਂ

ਪੰਜਾਬੀ ਰੰਗ ਮੰਚ ਦੀ ਦੁਨੀਆਂ 'ਚ ਜਾਣਿਆ ਪਛਾਣਿਆ ਨਾਂ, ਰਮਾਂ ਸੇਖੋਂ, ਦਰਅਸਲ ਕਵਿਤਾ ਨਾਲ ਨਾਟਕ ਤੋਂ ਵੀ ਪਹਿਲਾਂ ਦਾ ਜੁੜਿਆ ਹੋਇਆ ਹੈ। ਰਮਾਂ ਦੇ ਸੁਭਾਅ 'ਚ ਕਵਿਤਾ ਬਚਪਨ ਤੋਂ ਹੀ ਘੁਲ਼ੀ ਮਿਲ਼ੀ ਹੈ। ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੁਵਕ ਮੇਲਿਆਂ ਨੇ ਇਸ ਦੀ ਕਾਵਿ ਉਚਾਰਨ ਦੀ ਪ੍ਰਤਿਭਾ ਨੂੰ ਵਧੀਆ ਪਲੇਟਫਾਰਮ ਪ੍ਰਦਾਨ ਕੀਤਾ। ਉਂਝ ਆਪਣੀ ਕਵਿਤਾ ਨੂੰ ਕਿਤਾਬ 'ਚ ਗੁੰਦਣ ਲਈ ਉਸ ਨੂੰ ਜਨਮ ਭੂਮੀ ਤੋਂ ਪਰਵਾਸ ਲੈਣਾ ਪਿਆ। ਮੈਲਬਰਨ, ਅਸਟਰੇਲੀਆ 'ਚ ਰਹਿੰਦਿਆਂ ਉਸ ਦੇ ਭੂ-ਹੇਰਵੇ 'ਚੋਂ ਜਨਮੀ ਕਵਿਤਾ "ਹਨੇਰੇ ਦੀ ਲੋਅ" ਬਣ ਕੇ ਪ੍ਰਕਾਸ਼ਿਤ ਹੋਈ ਹੈ। ਸੂਖਮ ਭਾਵਾਂ ਨਾਲ ਤ੍ਰਿਪਤ ਇਹ ਕਿਤਾਬ ਪੜ੍ਹਦਿਆਂ ਪਾਠਕ ਅੰਤਰਮੁਖੀ ਸੰਵਾਦ 'ਚ ਮਸਤ ਹੋ ਜਾਂਦਾ ਹੈ। ਰਮਾਂ ਮਨੁੱਖੀ ਸੁਭਾਅ ਤੇ ਵਰਤਾਰੇ 'ਚ ਅਕਸਰ ਅਦ੍ਰਿਸ਼ਟ ਤਹਿਆਂ ਦੇ ਹਨ੍ਹੇਰੇ 'ਚ ਲੋਅ ਦੀ ਹੋਂਦ ਨੂੰ ਕਾਵਿ-ਬੰਦ ਕਰਦੀ-ਕਰਦੀ ਮੁਗਧ ਹੋ ਜਾਂਦੀ ਹੈ। ਉਸ ਦੀ ਕਵਿਤਾ ਖ਼ਾਮੋਸ਼ੀ, ਚੁੱਪ, ਤੇ ਸੰਨਾਟਿਆਂ ਨੂੰ ਸੁਣ ਸਕਦੀ ਹੈ। ਔਰਤ-ਮਰਦ ਦੇ ਰਿਸ਼ਤਿਆਂ ਨੂੰ ਉਹ ਮਲਕੜੇ ਜਿਹੇ ਛੂਹ ਕੇ ਹੀ ਡੂੰਘੇ ਸਵਾਲ ਪੇਸ਼ ਕਰਦੀ ਹੈ। ਕਿਤਾਬ ਪੜ੍ਹਦਿਆਂ ਇੰਞ ਲੱਗਦਾ ਹੈ ਜਿਵੇਂ ਕਿਸੇ ਝੀਲ ਦੇ ਕੰਢੇ ਸੈਰ ਕਰਦੇ-ਕਰਦੇ ਲਹਿਰਾਂ ਨਾਲ ਗੱਲਾਂ ਕਰਦੇ ਹੋਈਏ ਤੇ ਇਸ ਵਾਰਤਾਲਾਪ 'ਚ ਸ਼ਾਮਲ ਹੋ ਜਾਵੇ ਸਾਰਾ ਜੀਅ ਜੰਤ, ਝੀਲ 'ਚ ਫੈਲਿਆ ਨੀਲਾ ਅੰਬਰ ਤੇ ਟਾਵੇਂ ਟਾਵੇਂ ਬੱਦਲ਼। ਆਲੋਚਕ ਲੈਂਜ਼ 'ਚੋਂ ਵੇਖਦਿਆਂ ਮੈਨੂੰ ਰਮਾਂ ਦੀ ਖੁੱਲ੍ਹੀ ਕਵਿਤਾ, ਜਿਵੇਂ "ਔਰਤ" ਅਤੇ "ਘਰ", ਨੇ ਜ਼ਿਆਦਾ ਪ੍ਰਭਾਵਿਤ ਕੀਤਾ।

ਕਿਤੇ ਕਿਤੇ ਰਮਾਂ ਸ਼ਬਦਾਂ ਨਾਲ ਸੁਰ ਮਿਲਾਉਣ ਨੂੰ ਜ਼ਿਆਦਾ ਤਰਜੀਹ ਦਿੰਦੀ ਵੀ ਮਹਿਸੂਸ ਹੋ ਰਹੀ ਹੈ ਸ਼ਾਇਦ ਇਸੇ ਕਰ ਕੇ ਉਸਦੀ ਖੁੱਲ੍ਹੀ ਕਵਿਤਾ ਬੰਦਿਸ਼ ਮੁਕਤ ਹੈ। ਪਰ ਉਸਦੀ "ਮਾਏ ਨੀ ਮਾਏ" ਨਜ਼ਮ ਮੇਰੀ ਆਲੋਚਨਾ ਨੂੰ ਧੁਰੋਂ ਨਕਾਰ ਦਿੰਦੀ ਹੈ। ਇਸ ਨਜ਼ਮ 'ਚ ਰਮਾਂ ਦੀ ਕਾਵਿ-ਪ੍ਰਵਿਰਤੀ ਤੇ ਸੰਗੀਤਮਈ ਸਿਰਜਨਾ ਨਵੀਆਂ ਉਚਾਈਆਂ ਪਾਰ ਕਰ ਰਹੀ ਹੈ। ਪਤਾ ਨਹੀਂ ਇਹ ਦੁਆਬੇ ਤੇ ਮਾਝੇ ਦਾ ਫਰਕ ਹੈ ਜਾਂ ਟਾਈਪਿੰਗ ਦਾ ਕਜੀਆ, ਕਿਤੇ ਕਿਤੇ ਕਨੌੜੇ ਉੱਤੇ ਹੋੜੇ ਦਾ ਕਬਜਾ ਮੈਨੂੰ ਰੜਕਦਾ ਰਿਹਾ ਤੇ ਗ਼ੈਰ ਕਨੂੰਨੀ ਜਿਹਾ ਲੱਗਾ। ਸੱਚਲ ਟੀਮ ਤੇ ਮਨਦੀਪ, ਸੰਦੀਪ ਤੇ ਹਰਦੀਪ ਦੀ ਕਾਰਗੁਜ਼ਾਰੀ ਰਮਾਂ ਦੀ ਇਸ ਪਲੇਠੀ ਪੁਸਤਕ ਨੂੰ ਹੋਰ ਵੀ ਉਘਾੜ ਰਹੀ ਹੈ ਅਤੇ ਪਾਠਕ ਸਫ਼ੇ ਪਲਟਦਿਆਂ ਖੜਾਕ ਕਰਨ ਤੋਂ ਵੀ ਗੁਰੇਜ਼ ਕਰਦਾ ਹੈ। ਡਾ. ਰਵਿੰਦਰ ਹੋਰਾਂ ਦਾ ਨਿੱਘਾ ਮੁਖਬੰਧ ਪਾਠਕ ਨੂੰ ਕਿਤਾਬ ਦੀ ਰੂਹ ਤੀਕਰ ਛੱਡ ਕੇ ਆਉਂਦਾ ਹੈ। ਹਨ੍ਹੇਰੇ ਦੀ ਲੋਅ ਦਾ ਮੈਟਾਫਰ ਰਮਾਂ ਦੀਆਂ ਨਜ਼ਮਾਂ ਦੀ ਬਹੁਤ ਖ਼ੂਬਸੂਰਤ ਪ੍ਰਤੀਨਿਧਤਾ ਕਰ ਰਿਹਾ ਹੈ ਤੇ ਇਸ ਲੋਅ ਦੀ ਜਲ਼ਾਓ 'ਚ ਕਈ ਨਜ਼ਮਾਂ ਰੋਸ਼ਨ ਹੋ ਰਹੀਆਂ ਹਨ! ਕਵਿਤਾ ਦੇ ਸੁਭਾਅ ਵਾਰੇ ਲਿਖੇ ਰਮਾਂ ਦੇ ਮਖ਼ਸੂਸ ਵਿਚਾਰਾਂ ਨਾਲ ਪਾਠਕ ਦਾ ਕਵਿਤਾ ਪ੍ਰਤੀ ਮੋਹ ਹੋਰ ਵੀ ਵਧ ਰਿਹਾ ਮਹਿਸੂਸ ਹੁੰਦਾ ਹੈ। ਕਵੀ ਦਰਬਾਰਾਂ ਦੀ ਮੇਜ਼ਬਾਨ ਰਮਾਂ ਸੇਖੋਂ ਦੀ ਕਵਿਤਾ ਪ੍ਰਤੀ ਵਫ਼ਾ ਦਾ ਇਹ ਸੱਜਰਾ ਯਤਨ ਭਵਿਖ 'ਚ ਹੋਰ ਵੀ ਨਵੇਂ ਸਾਕ ਸਿਰਜੇਗਾ।


**-ਗੁਰਿੰਦਰਜੀਤ ਸਿੰਘ ਮਾਂਟਰੀਅਲ**

## ਪ੍ਰਤਿਮਾਨ ਦੇ ਦੋਸਤ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ
























































RNI NO. PUNPUN / 2006 / 16230 October-December 2023 ISSN: 2277-9930

# ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ





































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਸੰਪਰਕ: 98773-58869, 97810-33133

PARTEEK PUBLICATIONS